# ਸਿਰਜਣਾ

ਜੁਲਾਈ-ਸਤੰਬਰ 2001 (ਅੰਕ 121)

**July- September 2001**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign:

ਪਤਾ –Address:
1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43-B,
Chandigarh - 160022
India

ਤਾਰੀਕ –Date: 25-10-2014




ਜੁਲਾਈ–ਸਤੰਬਰ 2001

# 121

ਮੁੱਲ : 15 ਰੁਪਏ

# ਸਿਰਜਣਾ

121

ਜੁਲਾਈ-ਸਤੰਬਰ 2001

*

ਸੰਪਾਦਕ

ਰਘਬੀਰ ਸਿੰਘ

*



ਪਤਾ

1728, ਸੈਕਟਰ 43-B

ਚੰਡੀਗੜ੍ਹ - 160022

ਫੋਨ : (0172) 601693
639938

***SIRJANA***

***1728, Sector 43-B,***
***Chandigarh***

***Phone : (0172) 601693***
***639938***

***E.mail : sirjana@glide.net.in***


*


SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-66


## ਇਸ ਅੰਕ ਵਿਚ


ਗੁਰਨਾਮ ਢਿਲੋਂ/ਕਵਿਤਾ/ਹਜ਼ੂਰ/1

ਸੀ. ਮਾਰਕੰਡਾ/ਕਵਿਤਾ/ਯੁੱਧ/3

ਹਰਬੰਸ ਮਾਛੀਵਾੜਾ/ਦੋ ਗ਼ਜ਼ਲਾਂ/5

ਅਮਰਜੀਤ ਢੁੱਡੀਕੇ/ਦੋ ਗ਼ਜ਼ਲਾਂ/6

ਬਲਦੇਵ ਸਿੰਘ ਧਾਲੀਵਾਲ/ਕਹਾਣੀ/ਕਾਰਗਿਲ/7

ਸੁਕੀਰਤ/ਕਹਾਣੀ/ਮੈਨਾ ਭਾਬੀ/24

ਤਲਵਿੰਦਰ ਸਿੰਘ/ਕਹਾਣੀ/ਖ਼ਾਲੀ ਮਕਾਨ/33

ਬਲਬੀਰ ਮਾਧੋਪੁਰੀ/ਦਲਿਤ ਗਾਥਾ/ਕੋਰੇ ਕਾਗਜ਼ ਦੀ ਗੂਹੜੀ ਲਿਖਤ/42

ਟੀ.ਆਰ. ਵਿਨੋਦ/ਨਿਬੰਧ/ਜੋਗਿੰਦਰ ਸਿੰਘ ਰਾਹੀ ਦਾ ਨਾਵਲ-ਚਿੰਤਨ/55

ਦਰਸ਼ਨ ਸਿੰਘ ਸਹਿਗੀ/ਵਿਗਿਆਨ ਸੁਜਿਆਨ ਸੰਬਾਦ/ਵਿਗਿਆਨ ਵਿਧੀ/64

ਅਵਤਾਰ ਸਿੰਘ ਬਿਲਿੰਗ/'ਨਰੰਜਣ ਮਸ਼ਾਲਚੀ' ਦੀ ਰਚਨਾ ਦਾ ਪਿਛੋਕੜ/71

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਅੱਜ ਤੋਂ ਆਰੰਭ ਤੱਕ/75

ਜਸਬੀਰ/ਰਿਵਿਊ/ਪਰਦੇਸੀ ਪੰਜਾਬ/79

ਚੰਦਰ ਮੋਹਨ/ਰਿਵਿਊ/ਪੌਣਾਂ ਦੇ ਰੰਗ/82

ਰਾਜਿੰਦਰਪਾਲ ਸਿੰਘ/ਰਿਵਿਊ/ਨਰਬਲੀ/84

ਚੰਦਰ ਮੋਹਨ/ਰਿਵਿਊ/ਪਿੰਡ ਅਜੇ ਜਿਉਂਦਾ ਹੈ/87

ਗੁਰੂਮੇਲ ਸਿੱਧੂ/ਰਿਵਿਊ/ਹੰਝੂ ਇਕ ਅੱਖ ਦੇ/89



ਟਾਈਟਲ ਚਿੱਤਰ : ਦੇਵ

ਵਾਰਸ਼ਿਕ ਚੰਦਾ-ਦੇਸ : 60 ਰੁਪਏ, ਸੰਸਥਾਵਾਂ ਤੇ ਲਾਇਬਰੇਰੀਆਂ ਲਈ: 75 ਰੁਪਏ
ਬਦੇਸ-ਹਵਾਈ ਡਾਕ ਰਾਹੀਂ : 10 ਪੌਂਡ, 15 ਅਮਰੀਕਨ ਡਾਲਰ, 20 ਕੈਨੇਡੀਅਨ ਡਾਲਰ


# ਹਜ਼ੂਰ !

## ਗੁਰਨਾਮ ਢਿਲੋਂ

ਜੁਗਾਂ ਦੀ ਵਿੱਥ ਉਤੇ, ਮੰਜ਼ਲ ਦੀ ਹਿੱਕ ਉਤੇ
ਜਿੱਤ ਦੇ ਪਰਚਮ ਲਹਿਰਾਣੇ ਸਨ
ਕਬਰਾਂ ਵਰਗੇ ਵੀਰਾਨ ਘਰਾਂ ਵਿਚ
ਜਗ ਮਗ, ਜਗ ਮਗ ਦੀਪ ਜਲਾਣੇ ਸਨ
ਗਲਾਂ ਵਿਚ ਹਾਰ ਪਵਾ ਕੇ
ਢੋਲ ਵਜਾ ਕੇ, ਭੰਗੜੇ ਪਾ ਕੇ
ਵਦਾਇਗੀ ਦੇ ਜਸ਼ਨ ਮਨਾ ਕੇ- ਕਾਰਵਾਂ ਨੇ ਕੂਚ ਕੀਤਾ
- - - - - -

- - - - - -

ਪਰੰਤੂ ਹਰੇਕ ਮੀਲ ਪੱਥਰ ਨੂੰ
ਪੱਕਾ ਟਿਕਾਣਾ ਤਸੱਵਰ ਕਰ ਲੀਤਾ
ਮੰਜ਼ਲ ਦਾ ਨਾਮ ਦਿੱਤਾ
- - - - - -

- - - - - -

- ਹਜ਼ੂਰ !
ਮੇਰੇ ਪੈਰ ਇਸ ਪੈੜ ਦੇ ਮੇਚ ਨਹੀਂ ਆਉਂਦੇ ਪਏ
- ਤੂੰ, ਆਪਣੇ ਪੈਰ ਛਾਂਗ ਲੈ
- ਹਜ਼ੂਰ !
ਇਹ ਜ਼ਖਮ ਮੇਰੇ ਹਿਰਦੇ ਵਿਚ ਉਤਰ ਜਾਣਗੇ
ਲੰਮੀਆਂ, ਉਦਾਸ ਰਾਤਾਂ ਵਿਚ ਹਰ ਪਲ ਤੜਪਾਣਗੇ

ਤੂੰ ਜੇ ਇੰਜ ਸਤਾਉਣਾ ਸੀ
ਤਾਂ ਇਹ ਹਿਰਦੇ ਆਪਣੇ ਘਰ ਵਾਰਡਰੋਬਾਂ ਵਿਚ ਬੰਦ ਕਰ ਆਉਣਾ ਸੀ
- - - - - -

- - - - - -

ਹਜ਼ੂਰ !
ਪਿਛਲੇ ਮੋੜ ਉਤੇ ਭਾਫ ਛੱਡਦਾ ਇੰਜਨ ਲੀਹੋਂ ਕਿਉਂ ਲੱਥ ਗਿਆ?
ਸ਼ੁਭਚਿੰਤਕ, ਮਹੀਨ ਮਛਲੀਆਂ ਸੰਗ ਕਿਉਂ ਰੁਸਵਾਈ ਹੋ ਗਈ??
ਦੁਰਚਿੰਤਕ, ਦੇਉ-ਕੱਦ ਮਗਰਮੱਛਾਂ ਸੰਗ ਕਿਉਂ ਗੰਢ-ਚਤੁਰਾਈ
ਵੰਡ-ਵੰਡਾਈ, ਪੱਗ-ਵਟਾਈ ਹੋ ਗਈ ???

- ਹਜ਼ੂਰ !
ਅਗਲੇ ਮੋੜ ਉਤੇ ਸੂਝ ਨੂੰ ਸਾਣ ਉਤੇ ਲਾਵਾਂਗੇ
ਗਲੀਆਂ, ਮੁਹੱਲਿਆਂ ਵਿਚ ਗੀਤ ਗਾਉਂਦੀ ਪਉਣ
ਬਿਰਛਾਂ ਉਤੇ ਆਲ੍ਹਣੇ ਬਣਾਉਂਦੇ ਪੰਛੀਆਂ,
ਕੋਸੀ ਧੁੱਪ ਵਿਚ ਆਮੁਹਾਰੇ ਖਿੜ ਰਹੇ ਫੁੱਲਾਂ
ਮਹਿਕ ਦੇ ਗਲ ਲੱਗ ਨਿਰਤ ਕਰਦੀਆਂ ਤਿਤਲੀਆਂ
ਕੂਲੇ, ਰੇਸ਼ਮੀ ਘਾਹ ਉਤੇ ਸੀਤਲ ਤ੍ਰੇਲ ਸੰਗ
ਕਲੋਲ ਕਰ ਦੀਆਂ ਚੀਚ-ਵਹੁਟੀਆਂ
ਕਲਕਲ ਕਰਦੇ ਝਰਨਿਆਂ ਦੇ ਸਵੱਛ ਪਾਣੀਆਂ
ਛਾਤੀ ਤਾਣ ਕੇ ਖੜੋਤੇ ਪਰਬਤਾਂ
ਸੰਗ ਕੀਤੇ ਕੌਲ-ਕਰਾਰ ਨਿਭਾਵਾਂਗੇ

ਪੈਰਾਂ ਵਿਚ ਪੁੜੇ ਬੇਸ਼ੁਮਾਰ ਕੰਡੇ ਕੱਢਾਂਗੇ
ਤੇਜ਼ ਅਮਲਾਂ ਦੇ ਤੀਰ ਸਿੱਧੇ ਚਲਾਵਾਂਗੇ
ਜੀਭਾਂ ਉਤੇ ਲੜੀਆਂ ਮਿਰਚਾਂ ਦੀ ਕੁੜੱਤਣ ਧੋਵਾਂਗੇ
ਜ਼ਿਹਨਾਂ ਉਤੇ ਛਾਏ ਧੂੰਏਂ ਦੇ ਬੱਦਲ ਖਿੰਡਾਵਾਂਗੇ
ਇਤਿਹਾਸ ਤੋਂ ਗੁੜ੍ਹਤੀ ਲੈ, ਕਦਮ ਹੋਰ ਅੱਗੇ ਵਧਾਵਾਂਗੇ
- - - - - -

- - - - - -

- ਠਹਿਰ ! ਠਹਿਰ !!
ਤੂੰ ਏਨਾ ਨਾ ਬੋਲ
ਆਪਣੀ ਮਿਥੀ ਸੀਮਾ ਵਿਚ ਰਹਿ ਕੇ ਮੂੰਹ ਖੋਲ੍ਹ !!!
- ਹਜ਼ੂਰ !
ਮੁਹੱਬਤ,
ਕਲਪਨਾ,
ਕਰੁਣਾ,
ਸਾਧਨਾ,
ਖੋਜ,
ਜਗਿਆਸਾ,
ਸੰਘਰਸ਼,
ਦੀ ਕੋਈ ਭਲਾ ਸੀਮਾ........→........→.......→
→.................→..............(ਹੁੰਦੀ ਏ !)→○○

[236, Twyford Avenue, Portsmouth, U.K.]



# ਯੁੱਧ

ਸੀ. ਮਾਰਕੰਡਾ

ਆਪੋ ਆਪਣਾ ਯੁੱਧ ਲੜਦੇ ਆ ਰਹੇ ਹਨ ਲੋਕ
ਵੇਖੋ ਕਿੱਦਾਂ ਜਿੱਤ ਕੇ ਇਹ ਜਾ ਰਹੇ ਹਨ ਲੋਕ

ਇਹ ਲੋਕ ਯੁੱਧ ਜਿੱਤਣ ਲਈ, ਬੜੇ ਛੜਯੰਤਰ ਰਚਦੇ ਨੇ
ਆਪਣੇ ਸਾਥੀਆਂ ਦਾ ਮਨੋਬਲ ਰੱਖਣ ਲਈ, ਕਮਰਕਸੇ ਕਸਦੇ ਨੇ
ਕਿੰਨਾ ਈ ਚਿਰ ਤੋਂ ਯੁੱਧ ਦੀ ਮਸ਼ਕ ਕਰਦੇ, ਆ ਰਹੇ ਹਨ ਲੋਕ
ਵੇਖੋ ਕਿੱਦਾਂ ਜਿੱਤ ਕੇ ਇਹ ਜਾ ਰਹੇ ਹਨ ਲੋਕ

ਇਹ ਲੋਕ ਯੁੱਧ ਜਿੱਤਣ ਲਈ, ਡੂੰਘੀਆਂ ਸਾਜ਼ਿਸ਼ਾਂ ਘੜਦੇ ਹਨ
ਇਸ ਤਰ੍ਹਾਂ ਇਹ ਆਪੋ ਆਪਣਾ ਯੁੱਧ ਲੜਦੇ ਹਨ

ਯੁੱਧ ਲੜਦਿਆਂ ਅਕਸਰ ਦੁਸ਼ਮਣਾਂ ਨਾਲ ਵੀ, ਸਮਝੌਤੇ ਕਰ ਜਾਂਦੇ ਹਨ
ਅਜਿਹਾ ਕਰਦਿਆਂ, ਮਰਨ ਤੋਂ ਪਹਿਲਾਂ ਹੀ ਮਰ ਜਾਂਦੇ ਹਨ

ਸਮਝੌਤੇ ਜੋ ਚਿਰਜੀਵੀ ਨਹੀਂ ਹੁੰਦੇ, ਸਮਝੌਤੇ ਜੋ ਸਦੀਵੀ ਨਹੀਂ ਹੁੰਦੇ
ਮਰਨ ਤੋਂ ਪਹਿਲਾਂ ਹੀ ਇਹ ਮਰਦੇ ਨੇ ਲੋਕ
ਮਰੇ ਹੋਏ ਵੀ ਆਪੋ ਵਿਚੀਂ ਯੁੱਧ ਕਰਦੇ ਨੇ ਲੋਕ

ਇਹ ਲੋਕ ਨਹੀਂ ਜਾਣਦੇ
ਕਿ ਯੁੱਧ ਦੀ ਵੀ ਇਕ ਮਰਿਯਾਦਾ ਹੁੰਦੀ ਹੈ
ਇਹ ਲੋਕ ਨਹੀਂ ਜਾਣਦੇ
ਕਿ ਯੁੱਧ ਦੀ ਵੀ ਇਕ ਪਰਿਭਾਸ਼ਾ ਹੁੰਦੀ ਹੈ
ਬੇਸਮਝ ਫਿਰ ਵੀ ਯੁੱਧ ਕਰਦੇ ਜਾ ਰਹੇ ਨੇ ਲੋਕ
ਕਦੇ ਜਿਤਦੇ ਕਦੇ ਹਰਦੇ ਆ ਰਹੇ ਨੇ ਲੋਕ।

ਇਹ ਲੋਕ ਯੁੱਧ ਲੜਦੇ ਹਨ- ਸਿਰਫ ਯੁੱਧ
ਜੋ ਅਹੁਦੇ ਲਈ ਵੀ ਹੋ ਸਕਦਾ ਹੈ, ਰਾਜ ਭਾਗ ਦਾ ਸੁੱਖ ਭੋਗਣ ਲਈ ਵੀ
ਜ਼ਰ ਖਾਤਰ ਵੀ ਹੋ ਸਕਦਾ ਹੈ, ਜੋਰੂ ਖਾਤਰ ਵੀ
ਜ਼ਮੀਨ ਲਈ ਵੀ ਹੋ ਸਕਦਾ ਹੈ, ਅਹਿਮ ਨੂੰ ਬਚਾਉਣ ਲਈ ਵੀ
ਬਹੁਤ ਕੁਝ ਲਈ, ਕੀਤਾ ਜਾ ਸਕਦਾ ਹੈ ਯੁੱਧ
ਜਿਸ ਲਈ ਨਾ ਸੁਧ ਜ਼ਰੂਰੀ ਹੈ ਅਤੇ ਨਾ ਬੁੱਧ

ਯੁੱਧ ਜਿੱਤਣ ਲਈ ਕੁਝ ਵੀ ਕੀਤਾ ਜਾ ਸਕਦਾ ਹੈ
ਅੰਮ੍ਰਿਤ ਦੀ ਥਾਂ ਵਿਸ਼ ਵੀ ਪੀਤਾ ਜਾ ਸਕਦਾ ਹੈ
ਯੁੱਧ ਲਈ ਈਮਾਨ ਵੇਚਿਆ ਜਾ ਸਕਦਾ ਹੈ

ਯੁੱਧ ਖਾਤਰ ਭਗਵਾਨ ਵੇਚਿਆ ਜਾ ਸਕਦਾ ਹੈ
ਯੁੱਧ ਜ਼ਮੀਰ ਗਿਰਵੀ ਕਰਵਾ ਸਕਦਾ ਹੈ
ਯੁੱਧ ਸ਼ਮਸ਼ੀਰ ਲਾਂਭੇ ਧਰਵਾ ਸਕਦਾ ਹੈ
ਯੁੱਧ ਨਿਹੱਥੇ ਵੀ ਕਰਿਆ ਜਾ ਸਕਦਾ ਹੈ
ਯੁੱਧ ਲਈ ਜਿਉਂਦਿਆਂ ਵੀ ਮਰਿਆ ਜਾ ਸਕਦਾ ਹੈ

ਯੁੱਧ ਲਈ ਵਫ਼ਾ ਖੂੰਡੀ ਵਾਂਗ ਕਿੱਲੀ 'ਤੇ ਟੰਗੀ ਜਾ ਸਕਦੀ ਹੈ
ਯੁੱਧ ਖਾਤਰ ਆਤਮਾ ਗਿਰਗਿਟ ਦੀ ਤਰ੍ਹਾਂ
ਕਈ ਰੰਗਾਂ 'ਚ ਰੰਗੀ ਜਾ ਸਕਦੀ ਹੈ

ਯੁੱਧ ਲਈ ਦੁਸ਼ਮਣ ਤਾਂ ਕੀ ਦੋਸਤ ਵੀ
ਚੱਕਰਵਿਊ 'ਚ ਫਸਾਇਆ ਜਾ ਸਕਦਾ ਹੈ
ਯੁੱਧ ਖਾਤਰ ਘਰ ਵੀ ਯੁੱਧ ਭੂਮੀ ਬਣਾਇਆ ਜਾ ਸਕਦਾ ਹੈ
ਯੁੱਧ ਲਈ ਜ਼ਰੂਰੀ ਨਹੀਂ- ਕਿ ਤਹਿਜ਼ੀਬ ਦਾ ਧਿਆਨ ਧਰਿਆ ਜਾਵੇ
ਯੁੱਧ ਲਈ ਜ਼ਰੂਰੀ ਨਹੀਂ- ਕਿ ਧਰਮ ਨੂੰ ਬਿਆਨ ਕਰਿਆ ਜਾਵੇ
ਯੁੱਧ ਅੰਦਰ ਰਿਸ਼ਤਿਆਂ ਨਾਲ, ਕੋਈ ਸਰੋਕਾਰ ਨਹੀਂ ਹੁੰਦਾ
ਯੁੱਧ ਤਾਂ ਇਕ ਗਰਜ਼ ਹੁੰਦੀ ਹੈ- ਸੱਚ ਦਾ ਇਜ਼ਹਾਰ ਨਹੀਂ ਹੁੰਦਾ

ਜੋ ਲੋਕ ਛਲ ਕਰਦੇ ਨੇ- ਅਸਲ 'ਚ ਓਹੀ ਵਿਜੈ ਵਰਦੇ ਨੇ
ਓਹ ਪਤਾ ਹੀ ਨਹੀਂ ਲੱਗਣ ਦਿੰਦੇ
ਕਿ ਕਦੋਂ ਮਾਰੀਚ ਬਣਕੇ ਨਿਆਂ ਦੀ ਸੀਤਾ ਹਰ ਲੈਣ
ਤੇ ਰਾਮ ਦੀ ਯੁੱਧ ਕਲਾ ਨੂੰ, ਕੱਖੋਂ ਹੌਲੀ ਕਰ ਦੇਣ

ਮੈਂ ਹੁਣ ਸਮਝ ਲਿਆ ਯਾਰੋ
ਕਿ ਯੁੱਧ ਦੀ ਕੀ ਮਰਿਯਾਦਾ ਹੁੰਦੀ ਹੈ
ਯੁੱਧ ਵਿਚ ਸਭ ਜਾਇਜ਼ ਹੁੰਦਾ ਹੈ
ਧੋਖਾ, ਛਲ, ਕਪਟ ਤੇ ਵਿਸ਼ਵਾਸਘਾਤ
ਝੂਠ, ਫ਼ਰੇਬ, ਕਮੀਨਗੀ ਜਾਂ ਆਤਮਘਾਤ
ਜੇ ਮੇਰਾ ਗੁਰੂ ਮੈਨੂੰ ਵੀ ਇਹ ਗੁਰ ਸਿਖਾ ਜਾਂਦਾ
ਤਾਂ ਸੱਚ ਜਾਣੋ ਯੁੱਧ 'ਚ ਮੈਂ ਵੀ ਕੋਈ ਕੌਤਕ ਰਚਾ ਜਾਂਦਾ
ਮੈਂ ਹੁਣ ਯੁੱਧ ਸਿਰ ਇਲਜ਼ਾਮ ਧਰਦਾ ਹਾਂ
ਅਜਿਹਾ ਯੁੱਧ ਕਰਨੋ ਤੌਬਾ ਕਰਦਾ ਹਾਂ
ਸੱਚਮੁੱਚ ਹੀ ਮੈਂ ਬਦਕਿਸਮਤ ਹਾਂ, ਜੋ ਯੁੱਧ ਜਿੱਤਕੇ ਵੀ ਹਰਦਾ ਹਾਂ
ਕੈਸੀ ਭਾਵੀ ਹੈ- ਕਿ ਮੈਂ ਫਿਰ ਵੀ ਯੁੱਧ ਕਰਦਾ ਹਾਂ
ਕੈਸੀ ਭਾਵੀ ਹੈ- ਕਿ ਮੈਂ ਫਿਰ ਵੀ ਯੁੱਧ ਕਰਦਾ ਹਾਂ○○

[ਕਵਿਤਾ ਮਾਰਗ, ਤਪਾ ਮੰਡੀ]



# ਦੋ ਗ਼ਜ਼ਲਾਂ/ਹਰਬੰਸ ਮਾਛੀਵਾੜਾ

1

ਮੰਨਦਾ ਹਾਂ ਇਹ, ਫ਼ਲੇ ਨਾ ਕੋਈ ਆਸ,
ਜ਼ਿੰਦਗੀ ! ਫਿਰ ਵੀ ਨਾ ਹੋ ਐਨੀ ਨਿਰਾਸ।

ਤਪ ਰਹੇ ਮੌਸਮ ਦੀ ਕੜਵਾਹਟ ਨਾ ਦੇਖ,
ਦੇਖ ਇਸਦੀ ਦੇਣ ਹੈ ਜਿਹੜਾ ਹੁਲਾਸ।

ਦੀਦ ਮਾਣਾਂ ਮੁਸ਼ਕਲਾਂ ਦੇ ਸੱਚ ਦਾ,
ਹੋ ਰਹਾਂ ਜਦ ਵੀ ਕਦੇ ਡਾਢਾ ਨਿਰਾਸ।

ਬਲ ਰਹੇ ਦੀਵੇ ਤੋਂ ਬਲ ਲੈਂਦਾ ਹਾਂ ਮੈਂ,
ਦੇਖ ਕੇ ਥਲ ਨੂੰ ਹੰਢਾ ਲੈਂਦਾ ਹਾਂ ਪਿਆਸ।

ਹੈ ਜੁ ਕੈਦੀ ਬੰਧਨਾਂ ਦਾ ਕੀ ਕਹੇ,
ਕੀ ਹੈ ਆਜ਼ਾਦੀ ਅਤੇ ਇਸਦਾ ਹੁਲਾਸ।

ਕਰ ਲਵੇ ਖ਼ੁਦ ਕੈਦ ਬੰਦੇ ਨੂੰ ਇਹ ਸੂਝ,
ਤੇ ਕਦੇ ਖ਼ੁਦ ਹੋ ਰਹੇ ਬੰਦੀ-ਖ਼ਲਾਸ।

ਮੈਂ ਉਦਾਸੀ ਨਾਲ ਜੁੜਿਆਂ ਰੋਮ ਰੋਮ,
ਰੌਅ 'ਚ ਹੁੰਦਾ ਹਾਂ ਜਦੋਂ ਹੋਵਾਂ ਉਦਾਸ।

2

ਜੋ ਤਿਰੀ ਨਗਰੀ 'ਚ ਦਿਨ ਕੱਟੇ ਉਹ ਵਾਸੀ ਹੋਰ ਹੈ,
ਹੋਰ ਹੈ ਸੰਸਾਰ ਮੇਰਾ ਕਰਮ-ਭੂਮੀ ਹੋਰ ਹੈ।

ਹੋਰ ਹੈ ਸੱਚੇ ਹੋ ਰਹਿਣਾ ਤੇ ਸੱਚਾਈ ਹੋਰ ਹੈ,
ਹੋਰ ਹੈ ਰੇਤੇ 'ਤੇ ਲਿਖਿਆ ਤੇ ਖੁਣਾਈ ਹੋਰ ਹੈ।

ਤਹਿ 'ਚ ਤੰਦੂਆ ਜਾਲ ਬੁਣਿਆ ਜਾ ਰਿਹਾ ਹੈ ਹਰ ਤਰਫ਼,
ਹੋ ਰਹੀ ਹੈ ਤਲ 'ਤੇ ਜਿਹੜੀ ਉਹ ਮੁਨਾਦੀ ਹੋਰ ਹੈ।

ਮਨ ਦੇ ਥੇਹ ਵਿਚੋਂ ਬੜੇ ਨਾਯਾਬ ਗੀਟੇ ਮਿਲਣਗੇ,
ਆਸ ਵਿਚ ਦਮ ਹੈ ਅਜੇ, ਹਾਲੇ ਖੁਦਾਈ ਹੋਰ ਹੈ।

ਖ਼ੂਬ ਨੇ ਝਰਨੇ ਨਦੀ ਨਾਲੇ ਤੇ ਝੀਲਾਂ ਤੇਰੀਆਂ,
ਪਰ ਮਿਰੇ ਥਲ ਦੇ ਲਗਾਓ ਦੀ ਕਹਾਣੀ ਹੋਰ ਹੈ।

ਉੱਡਦੈਂ ਤੂੰ ਬਿਨ ਪਰਾਂ ਤੋਂ ਕਮ ਨਹੀਂ ਇਹ, ਮਗਰ,
ਹੋਰ ਹੈ ਆਵਾਰਗੀ, ਸੀਮਤ ਉਡਾਰੀ ਹੋਰ ਹੈ।

ਮੰਨਿਆਂ ਛੋਟਾ ਹਾਂ ਐਪਰ ਰੌਸ਼ਨੀ ਦੀ ਕੁਲ 'ਚੋਂ ਹਾਂ,
ਨਾਮ ਹੈ ਜੁਗਨੂੰ ਮਿਰਾ ਖਾਸਾ ਕਹਾਣੀ ਹੋਰ ਹੈ।○○

[ਮਾਛੀਵਾੜਾ, ਜ਼ਿਲਾ ਲੁਧਿਆਣਾ]

# ਦੋ ਗ਼ਜ਼ਲਾਂ/ਅਮਰਜੀਤ ਢੁੱਡੀਕੇ

**1**

ਲੰਮੇ ਰਸਤੇ ਹੌਸਲਾ ਪਰਖਣ ਲਈ।
ਮੀਲ ਪੱਥਰ ਦੂਰੀਆਂ ਦੱਸਣ ਲਈ।

ਖੁਰ ਗਏ ਪੱਕੇ ਘੜੇ ਵੀ ਤੈਰਦੇ,
ਯੋਗ ਸਨ ਜਿਹੜੇ ਝਨਾਂ ਲੰਘਣ ਲਈ।

ਭਾਅ ਬਣਾ ਤੇ ਜਿਸ ਤਰ੍ਹਾਂ ਮਰਜ਼ੀ ਨਚਾ,
ਤਿਆਰ ਨੇ ਕਤਪੁਤਲੀਆਂ ਨੱਚਣ ਲਈ।

ਜਾਂ ਲਹੂ ਜਾਂ ਲਿਪਸਟਿਕ ਨਾਲ ਛਾਪਦੇ,
ਸੁਰਖੀਆਂ ਅਖ਼ਬਾਰ ਨੂੰ ਵੇਚਣ ਲਈ।

ਭਾਲ ਲੈਂਦਾ ਹਾਂ ਬਹਾਨਾ ਰੋਜ਼ ਹੀ,
ਮੈਂ ਕਦੇ ਹੱਸਣ ਕਦੇ ਸਿਸਕਣ ਲਈ।

ਫਲਸਫੇ ਦੇ ਫੇਰ 'ਚੋਂ ਅਪਣਾ ਪਤਾ,
ਰੋਜ਼ ਭਾਲਾਂ ਮੈਂ ਘਰੇ ਪਰਤਣ ਲਈ।

ਘਰ ਨੂੰ ਜਿੰਦਾ ਲਾ ਕੇ ਚਾਬੀ ਸਾਂਭ ਕੇ,
ਤੁਰ ਪਏ ਹਾਂ ਕੁਝ ਨਵਾਂ ਲੱਭਣ ਲਈ।

**2**

ਪੈੜ ਪੁੰਨੂ ਦੀ ਅਜ਼ੀ ਤੋਂ ਟੋਲਦੇ ਹਾਂ।
ਰੋਜ਼ ਤਪਦੇ ਰੇਤਿਆਂ ਨੂੰ ਫ਼ੋਲਦੇ ਹਾਂ।

ਸਾਗਰਾਂ 'ਚੋਂ ਟੋਲਦੇ ਹਾਂ ਸਿੱਪੀਆਂ ਨੂੰ,
ਸਿੱਪੀਆਂ 'ਚੋਂ ਮੋਤੀਆਂ ਨੂੰ ਟੋਲਦੇ ਹਾਂ।

ਕੀ ਪਤਾ ਉਸਦਾ ਪਤਾ ਕਿੱਥੇ ਹੈ ਛੁਪਿਆ,
ਹਰ ਸਫ਼ੇ ਨੂੰ ਘੋਖਦੇ ਪੜਚੋਲਦੇ ਹਾਂ।

ਫਾਸਲਾ ਸਾਹਾਂ ਤੋਂ ਲੰਮਾ ਜਾਪਦਾ ਹੈ,
ਹੌਸਲਾ ਹੈ, ਪਿਆਸ ਹੈ, ਪਰ ਤੋਲਦੇ ਹਾਂ।

ਜੋੜਦੇ ਹਾਂ ਰੋਜ਼ ਫਿਕਰਾਂ ਵਿਚ ਖੁਸ਼ੀਆਂ,
ਹੁੰਦੀਆਂ ਨੇ ਘੱਟ ਜਦ ਵੀ ਤੋਲਦੇ ਹਾਂ।

ਬਾਲ਼ ਕੇ ਦੀਵੇ ਕਦੋਂ ਹੋਇਐ ਸਵੇਰਾ,
ਤਾਂ ਹੀ ਹੁਣ ਸੂਰਜ ਦੀ ਦਰਗਾਹ ਟੋਲਦੇ ਹਾਂ।

ਤੇਰੇ ਵਿਹੜੇ ਹੀ ਨਹੀਂ ਮੌਸਮ ਖਿਜ਼ਾਂ ਦਾ,
ਆਪਾਂ ਵੀ ਤੇਰੇ ਹੀ ਘਰ ਦੇ ਕੋਲ ਦੇ ਹਾਂ।OO

[ਪਿੰਡ ਤੇ ਡਾਕ ਢੁੱਡੀਕੇ, ਜ਼ਿਲਾ ਮੋਗਾ]



# ਕਾਰਗਿਲ

## ਬਲਦੇਵ ਸਿੰਘ ਧਾਲੀਵਾਲ

ਉਪਰੋਥਲੀ ਵਾਪਰੀਆਂ ਦੋ ਕਹਿਰ ਦੀਆਂ ਘਟਨਾਵਾਂ ਨੇ ਪਿੰਡ ਦਾ ਤ੍ਰਾਹ ਕੱਢ ਦਿੱਤਾ ਸੀ। ਕਸ਼ਮੀਰ ਦੇ ਕਾਰਗਿਲ ਖੇਤਰ ਵਿਚੋਂ ਸੂਬੇਦਾਰ ਜੋਗਿੰਦਰ ਸਿੰਘ ਦੀ ਲਾਸ਼ ਆਈ ਨੂੰ ਅਜੇ ਵੀਹ ਦਿਨ ਵੀ ਨਹੀਂ ਸਨ ਲੰਘੇ ਕਿ ਬਰਾੜਾਂ ਦੇ ਰਣਬੀਰ ਦਾ ਸਾਰਾ ਪਰਿਵਾਰ ਮੌਤ ਦੇ ਮੂੰਹ ਵਿਚ ਜਾ ਪਿਆ ਸੀ। ਸੂਬੇਦਾਰ ਦੀ ਮੌਤ ਦਾ ਦੁੱਖ ਤਾਂ ਸਭ ਨੂੰ ਸੀ ਪਰ ਹੈਰਾਨੀ ਨਹੀਂ ਹੋਈ ਸੀ। ਲੋਕਾਂ ਭਾਣੇ ਫੌਜੀ ਦੀ ਤਾਂ ਇਹ ਹੋਣੀ ਭਰਤੀ ਹੋਣ ਵਾਲੇ ਦਿਨ ਹੀ ਨਿਸਚਤ ਹੋ ਜਾਂਦੀ ਹੈ ਤੇ ਜੰਗ ਦੇ ਦਿਨਾਂ ਵਿਚ ਤਾਂ ਸਵੇਰੇ-ਸ਼ਾਮ ਅਜਿਹੀ ਖ਼ਬਰ ਦਾ ਤੌਖ਼ਲਾ ਹੋ ਜਾਂਦਾ ਹੈ। ਪਰ ਰਣਬੀਰ ਨਾਲ ਇਹ ਕੀ ਭਾਣਾ ਵਰਤ ਗਿਆ ਸੀ? ਇਹ ਅਚੰਭੇ ਭਰਿਆ ਪ੍ਰਸ਼ਨ ਸੱਥਰ 'ਤੇ ਬੈਠੇ ਇਕੱਠ ਦੇ ਮੱਥੇ ਵਿਚ ਚਸਕ ਰਿਹਾ ਸੀ।

ਰਣਬੀਰ, ਉਸਦੀ ਪਤਨੀ ਬਚਿੰਤ ਕੌਰ, ਦੋਵੇਂ ਮੁਟਿਆਰਾਂ ਧੀਆਂ ਦੀਪਾਂ ਤੇ ਜੀਤਾਂ ਅਤੇ ਛੋਟੇ ਮੁੰਡੇ ਪ੍ਰੀਤੂ ਦੀਆਂ ਲਾਸ਼ਾਂ ਬਰੋਬਰਾਬਰ ਬਰਫ਼ ਦੀਆਂ ਸਿੱਲਾਂ ਉਤੇ ਚਾਦਰਾਂ ਨਾਲ ਢਕੀਆਂ ਪਈਆਂ ਸਨ। ਸਸਕਾਰ 'ਚ ਦੇਰੀ ਹੋਣ ਕਰਕੇ ਚੁਫੇਰੇ ਬਦਬੋ ਵੀ ਫੈਲਣ ਲੱਗ ਪਈ ਸੀ। ਘਟਨਾ ਵਾਲੀ ਰਾਤ ਤਾਂ ਕਿਸੇ ਆਂਢੀ-ਗੁਆਂਢੀ ਨੂੰ ਭਿਣਕ ਹੀ ਨਹੀਂ ਸੀ ਪਈ। ਅਗਲਾ ਸਾਰਾ ਦਿਨ ਪੋਸਟ ਮਾਰਟਮ ਦੇ ਚੱਕਰ ਵਿਚ ਲੰਘ ਗਿਆ ਸੀ। ਇਹ ਵੀ ਫੌਜੀਆਂ ਦੇ ਕੈਪਟਨ ਧਰਮ ਸਿੰਘ, ਸਰਪੰਚ ਗੁਰਮੁਖ ਸਿੰਘ ਅਤੇ ਰਣਬੀਰ ਦੇ ਧਰਮ ਦੇ ਭਰਾ ਬਣੇ ਤ੍ਰਿਲੋਕ ਚੰਦ ਸਲੂਜਾ ਦੀ ਹਿੰਮਤ ਸੀ ਕਿ ਉਨ੍ਹਾਂ ਨੇ ਇਲਾਕੇ ਦੇ ਐਮ. ਐੱਲ. ਏ. ਢਿੱਲੋਂ ਸਾਹਿਬ ਤੋਂ ਸਿਵਲ ਸਰਜਨ ਨੂੰ ਫੋਨ ਕਰਵਾ ਦਿੱਤਾ ਸੀ ਅਤੇ ਸਾਰੀ ਕਾਗਜ਼ੀ ਕਾਰਵਾਈ ਹੱਥੋ-ਹੱਥੀ ਨਿਪਟਾ ਕੇ ਰਾਤੀਂ ਅੱਠ ਕੁ ਵਜੇ ਤਕ ਲਾਸ਼ਾਂ ਘਰ ਲੈ ਆਏ ਸਨ। ਜ਼ਹਿਰ ਕਾਰਨ ਲਾਸ਼ਾਂ ਫਿੱਸਣੀਆਂ ਸ਼ੁਰੂ ਹੋ ਗਈਆਂ ਸਨ। ਸਸਕਾਰ ਦੀ ਕਾਹਲੀ ਸੀ ਪਰ ਰਣਬੀਰ ਦੀ ਭੈਣ ਸੀਤੀ ਦੀ ਉਡੀਕ ਕਰਨੀ ਜ਼ਰੂਰੀ ਸੀ। ਉਸ ਨੂੰ ਫੋਨ 'ਤੇ ਸੁਨੇਹਾ ਤਾਂ ਮਿਲ ਗਿਆ ਸੀ ਪਰ ਦੂਰ ਦੀ ਵਾਟ ਸੀ। ਦੋ ਕੁ ਸਾਲ ਪਹਿਲਾਂ ਉਸਦਾ ਸਹੁਰਾ ਪਰਿਵਾਰ ਪੰਜਾਬ ਵਿਚਲੀ ਜ਼ਮੀਨ ਵੇਚ ਕੇ ਤਰਾਈ ਦੇ ਇਲਾਕੇ ਵਿਚ ਜਾ ਵਸਿਆ ਸੀ।

ਸਵੇਰੇ ਹੀ ਕੜਕਵੀਂ ਹੋਈ ਹਾੜ੍ਹ ਦੀ ਧੁੱਪ ਨੇ ਉਡੀਕ ਨੂੰ ਹੋਰ ਵੀ ਤਪਾਵੀਂ ਬਣਾ ਦਿੱਤਾ ਸੀ। ਚਾਰੇ ਪਾਸੇ ਬੋਝਲ ਚੁੱਪ ਗਹਿਰ ਵਾਂਗ ਪਸਰੀ ਪਈ ਸੀ। ਰੋ-ਰੋ ਹੰਭ-ਹਾਰ ਕੇ ਬੈਠੀਆਂ ਜਨਾਨੀਆਂ ਵਾਲੇ ਪਾਸਿਉਂ ਕਦੇ ਕਦੇ ਕੋਈ ਹਉਕਾ ਜਿਹਾ ਉਠਦਾ ਤੇ ਇਕੱਠ ਦੇ ਸਿਰਾਂ 'ਤੇ ਅਟਕ ਜਾਂਦਾ। ਵਕਤ-ਕਟੀ ਲਈ 'ਜੱਗ-ਬਾਣੀ' ਅਖਬਾਰ ਦਾ ਉਹ ਮਧੋਲਿਆ ਜਿਹਾ ਪੰਨਾ ਹੀ ਸਹਾਰਾ ਬਣਿਆਂ ਹੋਇਆ ਸੀ ਜਿਹੜਾ ਸ਼ਹਿਰੋਂ ਆਉਂਦਾ ਸਲੂਜਾ ਫੜੀ ਆਇਆ ਸੀ। ਉਸ ਦੀ ਇਕ ਨੁੱਕਰ ਵਿਚ ਛਪਦੇ-ਛਪਦੇ ਕਾਲਮ ਹੇਠਾਂ ਸੰਖੇਪ ਜਿਹੀ ਖ਼ਬਰ ਛਪੀ ਹੋਈ ਸੀ- ਇਕ ਹੋਰ ਕਿਸਾਨ ਪਰਿਵਾਰ ਵੱਲੋਂ ਆਤਮ-ਹੱਤਿਆ। ਮੌਤਾਂ ਜ਼ਹਿਰ ਨਾਲ ਹੋਣ ਦੇ ਵੇਰਵੇ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ ਦੱਸਿਆ ਗਿਆ। ਆਂਢ-ਗੁਆਂਢ ਕੋਲੋ ਵੀ ਦੱਸਣ ਲਈ ਕੁਝ ਹੋਰ ਨਹੀਂ ਸੀ। ਰਣਬੀਰ ਦੇ ਇਕ ਪਾਸੇ ਉਸ ਦੇ ਤਾਏ ਕਰਮ ਸਿੰਘ ਦਾ ਘਰ ਸੀ ਪਰ ਪਿਛਲੇ ਕਈ ਸਾਲਾਂ ਤੋਂ ਬੋਲ-ਚਾਲ ਬੰਦ ਸੀ ਅਤੇ ਵਿਚਕਾਰਲੀ ਕੰਧ ਉਚੀ ਕਰ ਲਈ ਗਈ ਸੀ। ਦੂਜੇ ਪਾਸੇ ਦੇ ਘਰ ਵਾਲਿਆਂ ਦੀ ਬੁੜ੍ਹੀ ਹਰ ਕੁਰ ਨੇ ਵੀ ਉਸ ਦਿਨ ਸਵੇਰੇ ਹੀ ਵੇਖਿਆ ਸੀ ਜੋ ਉਹ ਕੱਲ੍ਹ ਦੀ ਕਈ ਵਾਰ ਦੱਸ ਚੁੱਕੀ ਸੀ, "ਵੇ ਭਾਈ ਤੜਕੇ ਵੱਡੀ ਬਹੂ ਮਧਾਣੀ ਪਾਉਣ ਲੱਗੀ ਤਾਂ ਕਹਿੰਦੀ-ਮਾਂ ਜੀ ਜੰਮ ਗਰਮ ਐ ਰਣਬੀਰ ਕੇ ਘਰੋਂ ਬਰਫ਼ ਫੜ ਲੈ। ਮੈਂ ਖੁਰਲੀ 'ਤੇ ਚੜ੍ਹ ਕੇ ਕੰਧ ਤੋਂ ਦੀ ਬਚਿੰਤ ਕੁਰ ਨੂੰ 'ਵਾਜ ਮਾਰਨ ਲੱਗੀ ਤਾਂ ਵੇਖ ਕੇ ਮੇਰੀਆਂ ਖਾਨਿਓਂ

ਗਈਆਂ। ਉਹ ਮਾੜੇ ਕਰਮਾਂ ਵਾਲੀ ਤੋੜਿਆਂ ਕੋਲੇ ਮੂਧੇ ਮੂੰਹ ਚੌਫਾਲ ਡਿੱਗੀ ਪਈ। ਮੈਂ ਰੌਲਾ ਪਾਇਆ 'ਵੇ ਪੱਟੇ ਗਏ ਲੋਕੋ' ਜਾ ਕੇ ਵੇਖਿਆ ਤਾਂ ਸਾਰਾ ਬਾਨਾ ਈ ਮੂਧਾ ਵੱਜਿਆ ਪਿਆ। ਓ... ਹੋ ਮਾਲਕ ਪਤਾ ਨਹੀ ਕਿਵੇਂ ਪੱਥਰ-ਚਿੱਤ ਹੋ ਕੇ ਕਰ ਦਿੰਨੈ ਐਹੋ ਜੇ ਕਾਰੇ...ਹਾਇ" ਹਰ ਕੁਰ ਦੇ ਇਹ ਬੋਲ ਵੀ ਸੁਣਨ ਵਾਲੇ ਦੇ ਚਿਹਰੇ ਉਤੇ ਉੱਕਰੀ ਅਚੰਭੇ ਭਰੀ ਪੁੱਛ ਨੂੰ ਸ਼ਾਂਤ ਨਾ ਕਰਦੇ ਤੇ ਚੁੱਪ ਦੀ ਗਹਿਰ ਹੋਰ ਸੰਘਣੀ ਹੋ ਜਾਂਦੀ।

ਇਸ ਘਰ ਵਿਚ ਅਜਿਹੀ ਮਾਤਮੀ ਚੁੱਪ ਨੇ ਪਹਿਲੀ ਵਾਰ ਉਦੋਂ ਪੈਰ ਪਾਇਆ ਸੀ ਜਦੋਂ ਰਣਬੀਰ ਨਵਾਂ ਨਵਾਂ ਨੌਵੀਂ ਜਮਾਤ ਵਿਚ ਚੜ੍ਹਿਆ ਸੀ। ਅੱਠਵੀਂ ਦੇ ਪੇਪਰਾਂ ਵਿਚ ਸਾਰੇ ਸਟਾਫ਼ ਨੇ ਬੱਚਿਆਂ ਲਈ ਨਕਲ ਦਾ ਪ੍ਰਬੰਧ ਕਰਨ ਵਾਸਤੇ ਪੂਰੀ ਮਿਹਨਤ ਕੀਤੀ ਸੀ। ਬੱਚਿਆਂ ਨੇ ਵੀ ਸੈਂਟਰ ਸੁਪਰਡੈਂਟ ਲਈ ਚੰਦਾ ਇਕੱਠਾ ਕਰਨ ਤੋਂ ਇਲਾਵਾ ਸਟਾਫ਼ ਦੀ ਸੇਵਾ 'ਅਰਿਸਟੋਕਰੇਟ' ਅਤੇ ਮਠਿਆਈ ਦੇ ਡੱਬਿਆਂ ਨਾਲ ਨਿਭਾਈ ਸੀ। ਰਣਬੀਰ ਪਹਿਲਾਂ ਚੰਦੇ ਲਈ ਪੈਸੇ ਤਾਂ ਲੜ-ਘੁਲ ਕੇ ਲੈ ਗਿਆ ਸੀ ਪਰ ਜਦੋਂ 'ਅਰਿਸਟੋਕਰੇਟ' ਲਈ ਆਪਣੇ ਬਾਪੂ ਪ੍ਰਤਾਪ ਤੋਂ ਪੈਸੇ ਮੰਗੇ ਤਾਂ ਉਹ ਅੱਗੋਂ ਚਾਰੇ ਚੱਕ ਕੇ ਪੈ ਗਿਆ, "ਕਿਉਂ ਸਰਕਾਰ ਤੋਂ ਤਨਖ਼ਾਹ ਨਹੀ ਲੈਂਦੇ ਉਹ ? ਫਿਰ ਨਿੱਤ ਸਾਥੋਂ ਕਾਹਦੀਆਂ ਭਾਲਦੇ ਐ ਵਿਸਕੀਆਂ ? ਕੀ ਜੀਓ-ਜੀਅ ਨੇ ਲੁੱਟ ਤੇ ਲੱਕ ਬੰਨ੍ਹਿਐਂ।"

"ਬਾਪੂ ਜਦੋਂ ਸਾਰੇ ਲੈ ਕੇ ਗਏ ਐ। ਤੂੰ ਆਹ ਫੌਜੀਆਂ ਦੇ ਜੋਗਿੰਦਰ ਤੋਂ ਪੁੱਛ ਲੈ ਕਿ ਬੋਤਲ ਦਿੱਤੀ ਐ ਕਿ ਨਹੀਂ।" ਰਣਬੀਰ ਨੇ ਦਲੀਲ ਦਿੱਤੀ।

"ਵੇ ਪੁੱਤ ਫੌਜੀਆਂ ਨਾਲ ਆਪਣੀ ਕਾਹਦੀ ਰੀਸ ਐ। ਉਨ੍ਹਾਂ ਦੇ ਤਾਂ ਚੜ੍ਹੇ ਮਹੀਨੇ ਮਨੀਆਡਰ ਆ ਜਾਂਦੈ। ਤੇਰੇ ਪਿਓ ਦੀ ਕਿਹੜੀ ਚੀਨ ਦੀ ਖੱਟੀ ਆਉਂਦੀ ਐ। ਤੂੰ ਆਪ ਸਿਆਣਾ ਬਣ ਕੁਸ਼।" ਪ੍ਰਤਾਪ ਦੀ ਗੱਲ ਨਾਲ ਅਗਲੀ ਗੱਲ ਰਣਬੀਰ ਦੀ ਮਾਂ ਬਚਨੀ ਨੇ ਲਾ ਦਿੱਤੀ।

"ਠੀਕ ਐ ਫਿਰ ਸਿਆਣਪ ਤਾਂ ਹਟਣ 'ਚ ਈਆ ।" ਕਹਿ ਕੇ ਰਣਬੀਰ ਨੇ ਗੱਲ ਮੁਕਾ ਦਿੱਤੀ।

"ਉਸ ਦੀ ਸਕੂਲ ਨਾ ਜਾਣ ਦੀ ਜ਼ਿਦ ਅੱਗੇ ਹਾਰਦਿਆਂ ਅਖੀਰ ਬਚਨੀ ਨੇ ਪ੍ਰਤਾਪ ਤੋਂ ਚੋਰੀ ਦਾਣਿਆਂ ਦੀ ਝੋਲੀ ਵੇਚ ਕੇ ਹੱਟੀ ਤੋਂ ਕਿੱਲੋ ਪਤਾਸੇ ਲਿਆ ਦਿੱਤੇ ਅਤੇ ਵਰਾ ਕੇ ਰਣਬੀਰ ਨੂੰ ਸਕੂਲ ਤੋਰ ਦਿੱਤਾ।

ਸਵੇਰ ਦੀ ਪ੍ਰਾਰਥਨਾ ਤੋਂ ਪਿੱਛੋਂ ਮਾਸਟਰ ਅਜੇ ਕਲਾਸਾਂ 'ਚ ਜਾਣ ਤੋਂ ਪਹਿਲਾਂ ਹੈੱਡਮਾਸਟਰ ਦੇ ਦਫ਼ਤਰ ਅੱਗੇ ਖੜ੍ਹੇ ਗੱਪ-ਸ਼ੱਪ ਹੀ ਕਰ ਰਹੇ ਸਨ ਕਿ ਰਣਬੀਰ ਢੁਕਵਾਂ ਮੌਕਾ ਵੇਖ ਕੇ ਕੋਲ ਜਾ ਖੜੋਤਾ।

"ਮਾਸਟਰ ਜੀ ਆਹ ਪਤਾਸੇ ਮੇਰੇ ਪਾਸ ਹੋਣ ਦੇ" ਉਸ ਨੇ ਅਖ਼ਬਾਰੀ ਕਾਗਜ਼ ਦਾ ਲਿਫਾਫ਼ਾ ਇਉਂ ਅਗਾਂਹ ਕੀਤਾ ਜਿਵੇਂ ਕੋਈ ਸ਼ਰਧਾਲੂ ਮੂਰਤੀ ਨੂੰ ਭੋਗ ਲੁਆਉਣ ਲੱਗਾ ਹੋਵੇ।

"ਉਏ ਬੀਰੇ ਦਿਆ ਪੁੱਤਰਾ ਆਹ ਕੀ ਚੱਕ ਲਿਆਇਆਂ ਉਏ ਮੱਖੀਆਂ ਦਾ ਖਾਜਾ? ਬੇਈਮਾਨਾ ਮਾਸਟਰ ਮਾਰਨੇ ਐਂ ਹੈਜ਼ੇ ਨਾਲ...ਹੈਂ?" ਪੀ.ਟੀ. ਮਾਸਟਰ ਨੇ ਲਿਫਾਫ਼ਾ ਖੋਹਲਦਿਆਂ ਰਣਬੀਰ ਨੂੰ ਝਿੜਕਿਆ, "ਉਏ ਸੂਮ ਦੀਏ ਔਲਾਦੇ ਕਿਤੇ ਵਰ੍ਹੇ-ਛਿਮਾਹੀ ਮਾਸਟਰਾਂ 'ਤੇ ਵੀ ਖਰਚ ਲਿਆ ਕਰੋ ਦੁਆਨੀ। ਸਾਰਾ ਸਾਲ ਮਰ ਜਾਂਦੇ ਐ ਸੋਡੇ ਖੋਤੇ ਦਿਮਾਗਾਂ 'ਚ ਗਿਆਨ ਘਸੋੜਦੇ।"

"ਪੀ. ਟੀ. ਸਾਹਬ ਸਿਆਣੇ ਐਵੇਂ ਤਾਂ ਨੀ ਕਹਿੰਦੇ ਅਖੇ ਜੱਟ ਨਾ ਜਾਣੇ ਗੁਣ ਨੂੰ ਤੇ ਛੋਲੇ ਨਾ ਜਾਨਣ ਘੁਣ ਨੂੰ। ਏਹ ਸੋਡੀ ਸ਼੍ਰੇਣੀ ਐਸੀ ਐ ਜੀ", ਡਰਾਇੰਗ ਮਾਸਟਰ ਬ੍ਰਿਜ ਭੂਸ਼ਨ ਨੇ ਮੌਕਾ ਵੇਖ ਕੇ ਆਪਣਾ ਤੀਰ ਛੱਡ ਦਿੱਤਾ, "ਲਉ ਲਗਦੇ ਹੱਥ ਹੋਰ ਸੁਣ ਲਉ ਮਹਿਮਾ ਆਪਣੇ ਭਾਈ-



ਬੰਧੂ ਦੀ। ਤਿੰਨ ਚਾਰ ਸਾਲ ਪਹਿਲਾਂ ਦੀ ਗੱਲ ਐ। ਇਕ ਦਿਨ ਮੈਂ ਕਾਹਲੀ 'ਚ ਬੱਸ ਚੜ੍ਹ ਆਇਆ ਤੇ ਬ੍ਰੇਕਫਾਸਟ ਦਾ ਟੈਮ ਨਾ ਲੱਗਿਆ। ਮੈਂ ਏਹਨੂੰ ਸਿਲਤ ਜਿਹੀ ਨੂੰ ਆਖਿਆ, "ਜਾਹ ਬੇਟਾ ਘਰੋਂ ਖਾਣਾ ਫੜ ਲਿਆ।" ਇਹ ਮੋਢੇ ਜਿਹੇ ਮਰੋੜਦਾ ਚਲਾ ਤਾਂ ਗਿਆ ਪਰ ਚੱਕ ਲਿਆਇਆ ਚਿੱਭੜਾਂ ਦੀ ਚਟਣੀ ਨਾਲ ਚਾਰ ਮੰਨ। ਮੈਂ ਪੁੱਛਿਆ, "ਦਾਲ-ਸਬਜ਼ੀ ?" ਤਾਂ ਕਹਿੰਦਾ "ਦਾਲ ਤਾਂ ਮਾਸਟਰ ਜੀ ਆਥਣੇ ਈ ਬਣਾਉਨੇ ਹੁੰਨੇ ਆਂ ਜੀ ਬੱਸ।" ਤੇ ਪੀ. ਟੀ. ਸਾਹਿਬ ਤੁਸੀਂ ਕਿੱਥੋਂ ਭਾਲਦੇ ਐਂ ਏਥੋਂ ਰਸਗੁੱਲੇ?" ਬ੍ਰਿਜ ਭੂਸ਼ਨ ਦੀ ਗੱਲ ਨਾਲ ਹਾਸੇ ਦਾ ਵਰੋਲਾ ਘੁੰਮਦਾ ਘੁੰਮਦਾ ਸਕੂਲ ਦੀ ਚਾਰਦਿਵਾਰੀ ਤੋਂ ਵੀ ਬਾਹਰ ਲੰਘ ਗਿਆ। ਰਣਬੀਰ ਆਪਣੀ ਕੈਂਚੀ ਚੱਪਲ ਨਾਲ ਧਰਤੀ ਸੁਹਾਗਦਾ ਕੁਝ ਪਲ ਤਾਂ ਨਿੰਮੋਝੂਣਾ ਜਿਹਾ ਖੜ੍ਹਾ ਰਿਹਾ ਤੇ ਫਿਰ ਸ਼ੂਟ ਵੱਟ ਕੇ ਗੇਟੋਂ ਬਾਹਰ ਨਿਕਲ ਗਿਆ।

ਅੱਧੀ ਛੁੱਟੀ ਨੂੰ ਬੱਚੇ ਘਰਾਂ ਨੂੰ ਆਉਣ ਲੱਗੇ ਤਾਂ ਰਣਬੀਰ ਰਾਹ ਵਿਚ ਛੱਪੜ ਕੋਲ ਪਿੱਪਲਾਂ ਥੱਲੇ ਬੈਠਾ ਸੀ।

"ਓਏ ਕੀ ਆਂਹਦੇ ਸੀ ਮਾਸਟਰ ?" ਮੁੰਡਿਆਂ ਨੇ ਰਣਬੀਰ ਦੁਆਲੇ ਘੇਰਾ ਵਲਦਿਆਂ ਪੁੱਛਿਆ।

"ਆਂਹਦੇ ਸੀ ਰਸਗੁੱਲੇ ਖਾਣੇ ਐਂ, ਆਹ ਖਾ ਲੈਣ ਖਾਂ ਮੇਰਾ ਚਿਉਂਦਾ-ਚਿਉਂਦਾ ਰਸਗੁੱਲਾ।" ਰਣਬੀਰ ਨੇ ਢੂਈ ਦਾ ਕੁੱਬ ਕਢਦਿਆਂ ਸੱਜੇ ਹੱਥ ਦੀ ਕੂਹਣੀ ਨੂੰ ਧੁੰਨੀ ਹੇਠ ਲਾਉਂਦਿਆਂ ਬੰਦ ਮੁੱਠੀ ਵਾਲੀ ਬਾਂਹ ਨੂੰ ਇਉਂ ਲਹਿਰਾਇਆ ਕਿ ਮੁੰਡਿਆਂ ਦਾ ਹਾਸਾ ਬੰਬ ਵਾਂਗ ਫਟਿਆ। ਪਰ ਰਣਬੀਰ ਆਪ ਨਹੀਂ ਹੱਸਿਆ। ਚੁੱਪ-ਚਾਪ ਘਰੇ ਆ ਕੇ ਚਾਦਰ ਲੈ ਕੇ ਪੈ ਗਿਆ। ਉਸ ਦੀ ਇਹ ਚੁੱਪ ਨਾ ਬਚਨੋ ਤੇ ਸੀਤੀ ਦੀਆਂ ਮਿੰਨਤਾਂ ਨਾਲ ਟੁੱਟੀ, ਨਾ ਪ੍ਰਤਾਪ ਦੇ ਛਿੱਤਰਾਂ ਨਾਲ, ਨਾ ਹੀ ਸਕੂਲੋਂ ਆਉਂਦੇ ਹੈੱਡਮਾਸਟਰ ਦੇ ਸੁਨੇਹਿਆਂ ਨਾਲ ਅਤੇ ਨਾ ਹੀ ਉਸਦੇ ਜਿਗਰੀ ਯਾਰ ਜੋਗਿੰਦਰ ਦੀਆਂ ਸਮਝੌਤੀਆਂ ਨਾਲ।

"ਤੂੰ ਕਿਉਂ ਮੂੰਹ ਨੂੰ ਲਾ-ਲੇ ਤਾਲੇ ਵੇ ਮੇਰਿਆ ਸਿਓਨਿਆਂ ਵੀ..ਅ...ਰਾ..ਅ" ਹੁਣੇ ਹੁਣੇ ਪਹੁੰਚੀ ਸੀਤੀ ਰਣਬੀਰ ਦੇ ਮੂੰਹ ਤੋਂ ਚਾਦਰ ਲਾਹ ਕੇ ਕੀਰਨੇ ਪਾਉਣ ਲੱਗ ਪਈ। ਉਸ ਦੇ ਨਾਲ ਹੀ ਜਨਾਨੀਆਂ ਦੇ ਉਚੇ ਹੋਏ ਕੁਰਲਾਹਟ ਨਾਲ ਚੁੱਪ ਦਾ ਲੰਗਾਰ ਲਹਿ ਗਿਆ।

"ਮੈਂ ਲੰਮੀਆਂ ਵਾਟਾਂ ਝਾਗ ਕੇ ਆਈ ਵੇ ਤੂੰ ਗੱਲਾਂ ਕਿਉਂ ਨੀ ਕਰਦਾ ਵੀ..ਅ..ਰ..ਨਾਂ.. ਅ....ਹਾ....ਏ....ਏ...." ਸੀਤੀ ਦਾ ਕੜ ਪਾਟ ਗਿਆ। ਉਹ ਕਰਮ ਸਿੰਘ ਦੀਆਂ ਨੋਹਾਂ ਤੋਂ ਛੁਡਾਉਂਦੀ ਕਦੇ ਇਕ ਲਾਸ਼ ਉਤੇ ਡਿੱਗ ਪੈਂਦੀ ਅਤੇ ਕਦੇ ਦੂਜੀ ਉਤੇ। ਅਖੀਰ ਗਸ਼ ਪੈ ਗਿਆ। ਮੂੰਹ 'ਚ ਪਾਇਆ ਪਾਣੀ ਦਾ ਚਮਚਾ ਬਰਾਛਾਂ ਵਿਚੋਂ ਬਾਹਰ ਵਗ ਗਿਆ। ਜਨਾਨੀਆਂ ਚਮਚਾ ਲਿਆ ਕੇ ਦੰਦਲ ਭੰਨਣ ਲੱਗ ਪਈਆਂ।

"ਭਾਈ ਹੁਣ ਦੰਦਲਾਂ ਹੀ ਪੈਣਗੀਆਂ ਹੋਰ ਕੀ ਹੋਊ ? ਪੇਕੀਂ ਤਾਂ ਵਿਚਾਰੀ ਦਾ ਸੋਟੀ-ਧਰਾ ਵੀ ਨਾ ਬਚਿਆ। ਅਜੇ ਤਾਂ ਮਾਂ-ਪਿਓ ਦਾ ਦੁੱਖ ਨੀ ਸੀ ਝੱਲਿਆ ਗਿਆ ਤੇ ਉਤੋਂ ਮਾਂ-ਜਾਏ ਦਾ ਟੱਬਰ ਮਿੱਟੀ ਹੋਇਆ ਪਿਐ ਸਾਹਮਣੇ। ਕਿਵੇਂ ਨਾ ਮੱਚੇ ਕਾਲਜਾ ? ਮਾਵਾਂ ਵਾਂਗੂੰ ਤਾਂ ਪਾਲਿਆ ਸੀ ਭੁੱਬੜੇ ਨੂੰ," ਸੀਤੀ ਦੀ ਹਾਲਤ ਵੇਖ ਕੇ ਪਸੀਜੀ ਹਰ ਕੁਰ ਆਪ ਮੁਹਾਰੇ ਬੋਲਣ ਲੱਗ ਪਈ, "ਜਾਣੀ ਕੱਲ੍ਹ ਦੀਆਂ ਗੱਲੈਂ, ਐਥੇ ਗੁਲੇਲਾਂ ਚਲਾਉਂਦੇ ਫਿਰਦੇ ਨੂੰ ਭਾਲਦੀ ਫਿਰਦੀ ਹੁੰਦੀ ਸੀ।"

ਹਰ ਕੁਰ ਦੀਆਂ ਗੱਲਾਂ ਨਾਲ ਗੁਲੇਲਚੀ ਰਣਬੀਰ ਸਭ ਦੀਆਂ ਅੱਖਾਂ ਅੱਗੇ ਆ ਖੜੋਤਾ। ਸਕੂਲੋਂ ਹਟ ਕੇ ਮਾਂ-ਪਿਉ ਦੇ ਨੱਕੋਂ-ਮੂੰਹੋਂ ਲੱਥਾ ਰਣਬੀਰ ਚੁੱਪ-ਚਾਪ ਔਂਟਲਿਆ ਜਿਹਾ ਤੁਰਿਆ ਫਿਰਦਾ। ਇਕ ਦੋ ਦਿਨ ਤਾਂ ਉਹ ਲਿੰਕ ਰੋਡ ਦੇ ਨਾਲ ਕਿਕਰਾਂ ਦੀ ਓਟ ਵਿਚ ਸ਼ਹਿ ਕੇ ਬੈਠਾ ਬ੍ਰਿਜ

ਭੂਸ਼ਨ ਮਾਸਟਰ ਦੀ ਵੀ ਉਡੀਕ ਕਰਦਾ ਰਿਹਾ ਪਰ ਸਬੱਬੀਂ ਟਾਕਰਾ ਨਾ ਹੋਇਆ ਅਤੇ ਉਸਦੇ ਜਮ੍ਹਾਂ ਕੀਤੇ ਪੱਥਰਾਂ ਦਾ ਅਸਲਾ ਕਿਸੇ ਕੰਮ ਨਾ ਆ ਸਕਿਆ। ਸੀਤੀ ਉਸ ਨੂੰ ਮਸਾਂ ਹੀ ਚਾਹ-ਰੋਟੀ ਲਈ ਲੱਭ ਕੇ ਲਿਆਉਂਦੀ। ਰੋਟੀ ਖਾ ਕੇ ਉਹ ਫਿਰ ਫੌਜੀਆਂ ਦੇ ਘਰ ਵੱਲ ਨਿਕਲ ਜਾਂਦਾ। ਕਈ ਵਾਰ ਅੱਧੀ ਅੱਧੀ ਰਾਤ ਤੱਕ ਜੋਗਿੰਦਰ ਕੋਲ ਹੀ ਬੈਠਾ ਰਹਿੰਦਾ। ਕੁਝ ਦਿਨ ਤਾਂ ਜੋਗਿੰਦਰ ਦੀ ਮਾਂ ਇਹ ਵੇਖਕੇ ਅੰਦਰੋ-ਅੰਦਰੀ ਰਿਝਦੀ ਰਹੀ ਪਰ ਹਾਰ ਕੇ ਇਕ ਦਿਨ ਕਹਿ ਹੀ ਦਿੱਤਾ, "ਭਾਈ ਕਾਕਾ ਆਪ ਤਾਂ ਤੂੰ ਪੜ੍ਹਾਈ ਵੰਨੀਓਂ ਹੋ ਗਿਆ ਵੇਹਲਾ, ਹੁਣ ਜੁਗਿੰਦਰ ਨੂੰ ਤਾਂ ਪੜ੍ਹ ਲੈਣ ਦਿਆ ਕਰ ਚਾਰ ਅੱਖਰ। ਜਾਹ ਮੇਰਾ ਪੁੱਤ ਘਰ ਨੂੰ ਹੁਣ ਘਰ ਦੇ ਉਡੀਕਦੇ ਹੋਣਗੇ।" ਸੁਣ ਕੇ ਰਣਬੀਰ ਵੱਟ ਖਾ ਗਿਆ ਤੇ ਮੁੜ ਕੇ ਉਨ੍ਹਾਂ ਦੇ ਘਰ ਵੱਲ ਮੂੰਹ ਨਹੀਂ ਕੀਤਾ। ਤਖ਼ਤਪੋਸ਼ 'ਤੇ ਬੈਠ ਕੇ ਤਾਸ਼ ਕੁਟਦੇ ਮੁੰਡਿਆਂ ਕੋਲ ਵੀ ਜਾਣ ਨੂੰ ਉਸ ਦਾ ਮਨ ਨਾ ਕਰਦਾ। ਹੁਣ ਉਸ ਨੇ ਇਕ ਨਵਾਂ ਆਹਰ ਲੱਭ ਲਿਆ।

ਆਪਣੇ ਵਿਹੜੇ ਵਿਚਲੀ ਖੜਸੁੱਕ ਕਿੱਕਰ ਤੋਂ ਹੱਥ ਕੁ ਲੰਮਾ ਦੁਸਾਂਗ ਵੱਢ ਕੇ ਉਸਨੇ ਆਪ ਹੀ ਕੁਹਾੜੀ ਨਾਲ ਗੰਢਾਂ ਸਾਫ਼ ਕਰ ਲਈਆਂ। ਸਿਰਿਆਂ ਉਤੇ ਵਾਢੇ ਪਾ ਕੇ ਬੱਧਰੀ ਬੰਨ੍ਹ ਲਈ ਅਤੇ ਗੁਲੇਲ ਬਣਾ ਲਈ। ਫਿਰ ਇਕ ਦਿਨ ਪਾਂਡੋ ਮਿੱਟੀ ਦੇ ਗੁਲੇਲੇ ਵੱਟ ਕੇ ਸੁਕਾ ਲਏ। ਹੁਣ ਸਿਖਰ ਦੁਪਹਿਰੇ ਜਦੋਂ ਲੋਕ ਘਰੋ-ਘਰੀ ਆਰਾਮ ਕਰ ਰਹੇ ਹੁੰਦੇ ਤਾਂ ਰਣਬੀਰ ਗੁਲੇਲ ਅਤੇ ਗੁਲੇਲਿਆਂ ਵਾਲੀ ਗੁਥਲੀ ਨੂੰ ਮੋਢੇ 'ਤੇ ਲਟਕਾਈ ਕਾਵਾਂ ਮਗਰ ਭੱਜਿਆ ਫਿਰਦਾ ਹੁੰਦਾ। ਚਾਰੇ ਪਾਸੇ ਧੌਣ ਘੁਮਾਉਂਦੇ ਕਾਂ ਉਸਨੂੰ ਨਿਸ਼ਾਨਾ ਸੇਧਦਾ ਵੇਖ ਕੇ ਹੀ ਉਡ ਜਾਂਦੇ। ਗੁਲੇਲੇ ਨਾਲ ਫੁੜਕ ਕੇ ਕਿੱਕਰ ਤੋਂ ਲੁੜਕਦੇ ਆਉਂਦੇ ਕਾਂ ਨੂੰ ਵੇਖਣ ਦੀ ਉਸਦੀ ਰੀਝ ਕਦੇ ਪੂਰੀ ਨਾ ਹੁੰਦੀ। ਕਾਂ ਦੀ ਥਾਂ ਇਕ ਦਿਨ ਘੁੱਗੀ ਫੱਟੜ ਹੋ ਕੇ ਜ਼ਰੂਰ ਆ ਡਿੱਗੀ। ਰਣਬੀਰ ਨੇ ਪਾਣੀ ਪਿਆ ਕੇ ਉਸਨੂੰ ਬਚਾਉਣ ਦੀ ਪੂਰੀ ਵਾਹ ਲਾਈ ਪਰ ਉਹ ਹੱਥਾਂ 'ਚ ਹੀ ਲੁੜਕ ਗਈ। ਉਹ ਅੰਦਰੋ-ਅੰਦਰੀ ਪਾਪਾਂ ਦੇ ਅਹਿਸਾਸ ਨਾਲ ਭਰਿਆ ਪਰੇਸ਼ਾਨ ਫਿਰਦਾ ਰਿਹਾ। ਇਸੇ ਕਰਕੇ ਰਾਤ ਨੂੰ ਸੁੱਤੇ ਪਿਆਂ ਸੁਪਨੇ ਵੀ ਡਰਾਉਣੇ ਆਉਂਦੇ, ਜਿਵੇਂ ਕਿੱਕਰਾਂ ਦੇ ਝੁੰਡ ਵਿਚ ਕਾਂ, ਗਿਰਝਾਂ, ਕਬੂਤਰ, ਘੁੱਗੀਆਂ ਤੇ ਚਿੜੀਆਂ ਠੁੰਗਾਂ ਨਾਲ ਉਸ ਨੂੰ ਨੋਚ ਕੇ ਬਦਲਾ ਲੈ ਰਹੀਆਂ ਹੋਣ। ਉਸ ਦੇ ਜ਼ਖ਼ਮਾਂ ਵਿਚੋਂ ਲਹੂ ਦੇ ਘਰਾਲ ਵਗ ਰਹੇ ਹੁੰਦੇ। ਲਹੂ ਲੱਕਣ ਲਈ ਆਂਢ-ਗੁਆਂਢ ਦੇ ਕੁੱਤੇ ਵੀ ਕੱਠੇ ਹੋ ਜਾਂਦੇ ਤੇ ਵੱਊਂ-ਖਾਊਂ ਕਰਨ ਲਗਦੇ। ਵਿਚੇ ਹੀ ਰਣਬੀਰ ਦਾ ਹੱਥੀਂ ਪਾਲਿਆ ਕੁੱਤਾ ਗੁੱਲਰ ਵੀ ਲੱਕਣ ਆ ਲਗਦਾ, ਚੱਚ... ਚੱ...ਅ...ਚ। ਉਹ ਪੂਰਾ ਯਤਨ ਕਰਕੇ ਉਠਦਾ ਤੇ ਕੁੱਤਿਆਂ ਤੇ ਗੁਲੇਲੇ ਵਰ੍ਹਾਉਣ ਲਗਦਾ। ਉਸ ਨੂੰ ਜਾਪਦਾ ਜਿਵੇਂ ਗੁਲੇਲ ਬੰਦੂਕ ਬਣ ਗਈ ਹੋਵੇ। ਸਾਹਮਣੇ ਖੜ੍ਹੀ ਫੌਜ ਵਿਚ ਵੀ ਵਰਦੀ ਵਾਲੇ ਧੜ ਆਮ ਬੰਦਿਆਂ ਦੇ ਹੁੰਦੇ ਪਰ ਸਿਰ ਕਾਵਾਂ, ਕੁੱਤਿਆਂ, ਕਬੂਤਰਾਂ, ਚਿੜੀਆਂ ਦੇ! ਏਨੀ ਵੱਡੀ ਨਫ਼ਰੀ ਅੱਗੇ ਉਸਦੀ ਪੇਸ਼ ਨਾ ਚਲਦੀ। ਉਹ ਫੇਰ ਡਿੱਗ ਪੈਂਦਾ ਤੇ ਗੋਲੀਆਂ, ਗੁਲੇਲਿਆਂ ਦਾ ਮੀਂਹ ਉਸ 'ਤੇ ਪੂਰੇ ਜ਼ੋਰ ਨਾਲ ਵਰ੍ਹਨ ਲਗਦਾ....।

"ਵੇ ਉਠ ਖੜ੍ਹ ਨਿਸੱਤਿਆ, ਪਿਆ ਈ ਬਰੜਾਈ ਜਾਨੈ, ਮੰਜਾ ਤਾਂ ਅੰਦਰ ਕਰ ਮਰ ਲੈ।" ਝੱਖੜ ਦੇ ਨਾਲ ਹੀ ਅਚਾਨਕ ਆ ਲੱਥੇ ਗੜਿਆਂ ਨਾਲ ਖਿਝੀ ਬਚਨੀ ਨੇ ਰਣਬੀਰ ਉਤੇ ਗਾਲ੍ਹਾਂ ਦੀ ਵਾਛੜ ਕਰ ਦਿੱਤੀ।

"ਪਿਆ ਰਹਿਣ ਦੇ ਬੀਬੀ, ਨਾ ਨੀਂਦ ਖਰਾਬ ਕਰ ਵਿਚਾਰੇ ਦੀ, ਲੈ ਪੈਂਦ ਵੰਨੀਉਂ ਫੜ ਤੂੰ, ਮੈਂ ਐਧਰੋਂ ਫੜਦੀ ਆਂ" ਸੀਤੀ ਨੇ ਰੋਜ਼ ਵਾਂਗ ਵਿਚਾਲੇ ਆ ਕੇ ਰਣਬੀਰ ਨੂੰ ਬਚਾਉਣ ਦਾ ਯਤਨ ਕੀਤਾ।

ਰਣਬੀਰ ਸਾਰੀ ਰਾਤ ਉਸੇ ਸੁਪਨੇ 'ਚ ਹੀ ਉਲਝਿਆ ਰਿਹਾ। ਸਵੇਰੇ ਝੰਬਿਆ ਜਿਹਾ ਹੀ ਉਠਿਆ ਤਾਂ ਅੱਗੋਂ ਪ੍ਰਤਾਪ ਟੁੱਟ ਕੇ ਪੈ ਗਿਆ, "ਓਏ ਵੱਡਿਆ ਸ਼ਿਕਾਰੀਆ, ਸਾਰਾ ਦਿਨ ਲੰਡਰ



ਕੁੱਤੇ ਵਾਂਗੂ ਭੌਂਕਦਾ ਫਿਰਦੈਂ ਬੌਂ-ਬੌਂ ਕਰਦਾ, ਤੈਨੂੰ ਕੋਈ ਚੜ੍ਹੀ-ਲੱਥੀ ਦੀ ਹੈ ਕਿ ਨਹੀਂ? ਪੜ੍ਹਨ-ਪੜ੍ਹਨ ਵਾਲਾ ਤਾਂ ਡੋਗ ਪੈ ਈ ਗਿਐ, ਹੁਣ ਖੇਤ ਤਾਂ ਜਾਇਆ ਮਰਿਆ ਕਰ। ਚਲ ਖਾਹ ਦੋ ਮੰਨੀਆਂ ਤੇ ਜਾਹ ਬਰਾਨੀਆਂ ਵੰਨੀ ਛੋਲਿਆਂ ਦੀ ਰਾਖੀ। ਅੱਧੀਆਂ ਟਾਂਟਾਂ ਤਾਂ ਕੁੜੀ ਚੋਦ ਰੱਬ ਨੇ ਝਾੜਤੀਆਂ, ਹੁਣ ਬਾਕੀ ਦੀਆਂ ਤੋਤੇ-ਗੁਟਾਰਾਂ ਨੇ ਠੁੰਗ ਜਾਣੀਐਂ। ਚਲ ਡਾਕ ਬਣ ਜਾ ਖੇਤ ਨੂੰ।"

ਨੀਵੀਂ ਪਾਈ ਗਾਲ੍ਹਾਂ ਸੁਣਦਾ ਰਣਬੀਰ ਚਾਹ ਪੀ ਕੇ ਗੁਲੇਲ ਦੇ ਪੁਟਾਸ਼ ਚੱਕ ਕੇ ਚੁੱਪ-ਚਾਪ ਖੇਤਾਂ ਨੂੰ ਤੁਰ ਗਿਆ। ਗੜਿਆਂ ਨਾਲ ਝੰਬੇ ਪਏ ਛੋਲੇ ਵੇਖ ਕੇ ਉਸ ਦੇ ਮਨ ਨੂੰ ਇਉਂ ਲੱਗਿਆ, ਜਿਵੇਂ ਲੜਾਈ ਦੇ ਮੈਦਾਨ 'ਚ ਵਿਛੀਆਂ ਲੋਥਾਂ ਹੋਣ। ਚਾਰੇ ਪਾਸੇ ਤੋਤਿਆਂ-ਗੁਟਾਰਾਂ ਦੀਆਂ ਡਾਰਾਂ ਗੇੜੇ ਕਢਦੀਆਂ ਵੇਖ ਕੇ ਉਸ ਨੇ ਪੁਟਾਸ਼ 'ਚ ਬਰੂਦ ਰੱਖ ਕੇ ਪਟਾਕੇ ਪਾਏ। ਤ੍ਰਬਕ ਕੇ ਉਡੇ ਜਾਂਨਵਰ ਗੇੜਾ ਜਿਹਾ ਕੱਢ ਕੇ ਫਿਰ ਉਥੇ ਹੀ ਮੁੜ ਆਉਂਦੇ। "ਫੋਕੇ ਫੈਰਾਂ ਨਾਲ ਨੀ ਤੁਸੀਂ ਆਉਣਾ ਲੋਟ, ਥੋਡਾ ਐਂ ਜਹਿਨਾ ਵਢਦੈਂ" ਸੋਚਦੇ ਰਣਬੀਰ ਨੇ ਪੁਟਾਸ਼ ਪਰ੍ਹੇ ਰੱਖਦਿਆਂ ਗੁਲੇਲਿਆਂ ਦੀ ਬੁਛਾੜ ਕੀਤੀ।

"ਓਅ, ਓਅ, ਰੁਕ ਓਏ ਮਾਂ ਦਿਆ ਵਧਾਊ ਚੰਦਾ, ਹਾਅ ਕੀ ਕਰਨ ਲੱਗ ਗਿਆ ਤੂੰ? ਓਨੀਆਂ ਟਾਂਟਾਂ ਤਾਂ ਜਨੌਰਾਂ ਨੇ ਨੀ ਖਾਣੀਆਂ ਜਿੰਨੀਆਂ ਤੇਰੇ ਗੁਲੇਲਿਆਂ ਨੇ ਝਾੜ ਦੇਣੀਐਂ। ਬੋਲਿਆ ਅਕਲ ਨੂੰ ਹੱਥ ਮਾਰ ਕੁਸ਼। ਖੇਤੀ-ਵਾਹੀ ਦਾ ਕੰਮ ਤਾਂ ਸਹਿਜ ਦਾ ਹੁੰਦੈ, ਤੇਰੇ ਵਾਂਗ ਤੈਸ਼ ਨਾਲ ਨਹੀਂ ਹੁੰਦਾ ਏਹ। ਤੋਤੇ ਤਾਂ ਆਥਣ ਤਾਈਂ ਖੜ੍ਹੇ ਪੈਰ ਰਖਦੇ ਐ ਰਾਖੇ ਨੂੰ।" ਰਣਬੀਰ ਕੇ ਨਾਲ ਲਗਦੇ ਖੇਤ ਵਿਚ ਛੋਲਿਆਂ ਦੀ ਰਾਖੀ ਕਰਦਾ ਉਸਦਾ ਤਾਇਆ ਕਰਮ ਸਿੰਘ ਮੁਸ਼ਕੜੀਏਂ ਹੱਸਦਾ ਬੋਲਿਆ। ਉਸਦੀ ਖਚਰੀ ਹਾਸੀ ਨਾਲ ਰਣਬੀਰ ਅੰਦਰ ਖਿਝ ਦਾ ਉਬਾਲ ਉਠਿਆ। ਉਂਜ ਵੀ ਉਸਨੂੰ ਕਰਮ ਸਿੰਘ ਨਾਲ ਮੁੱਢ ਤੋਂ ਹੀ ਨਫ਼ਰਤ ਸੀ। ਜਦੋਂ ਦੀ ਉਸਦੀ ਸੁਰਤ ਸੰਭਲੀ ਸੀ, ਰਣਬੀਰ ਨੇ ਘਰ ਵਿਚ ਹੁੰਦੀਆਂ ਸੁਭਾਵਕ ਗੱਲਾਂ ਤੋਂ ਹੀ ਕਰਮ ਸਿੰਘ ਦਾ ਘਿਨਾਉਣਾ ਜਿਹਾ ਅਕਸ ਆਪਣੇ ਮਨ ਵਿਚ ਬਿਠਾ ਲਿਆ ਸੀ। ਇਸ ਅਕਸ ਵਾਲੇ ਕਰਮ ਸਿੰਘ ਨੇ ਆਪਣੇ ਤਿੰਨੇ ਮੁੰਡਿਆਂ ਦੇ ਵਿਆਹ ਸਾਂਝੇ ਘਰ ਵਿਚੋਂ ਕੀਤੇ ਸਨ ਤੇ ਸੀਤੀ ਦੇ ਵਿਆਹ ਤੋਂ ਪਹਿਲਾਂ ਖਰਚ ਤੋਂ ਬਚਣ ਲਈ ਵਾਹੀ ਅੱਡ ਕਰ ਲਈ ਸੀ। ਵੱਖ ਹੁੰਦਿਆਂ ਹੀ ਐਸਕਾਰਟ ਟ੍ਰੈਕਟਰ ਲੈ ਲਿਆ ਸੀ। ਪ੍ਰਤਾਪ ਨੂੰ ਸ਼ੱਕ ਸੀ ਕਿ ਵੇਚਣ-ਵੱਟਣ 'ਚ ਮੂਹਰੇ ਰਹਿਣ ਕਰਕੇ ਕਰਮ ਸਿੰਘ ਸ਼ਾਇਦ ਸਾਂਝੀ ਖੇਤੀ 'ਚੋਂ ਗੋਝੀ ਰਖਦਾ ਰਿਹਾ ਸੀ। ਕਸੂਤੇ ਮੌਕੇ ਇਕੱਠ ਟੁੱਟਣ ਕਾਰਨ ਪਹਿਲਾਂ ਹੀ ਦਮੋਂ ਦਾ ਖਾਧਾ ਪ੍ਰਤਾਪ ਹੋਰ ਦਬਾਊ ਹੋ ਗਿਆ ਸੀ। ਰਣਬੀਰ ਨੇ ਮਨੋ-ਮਨੀ ਤਾਏ ਦਾ ਨਾਂ ਹੀ "ਲੂੰਬੜੀ ਮੂੰਹਾਂ" ਰੱਖਿਆ ਹੋਇਆ ਸੀ।

"ਤਾਇਆ ਜਾਹ ਤੂੰ ਆਵਦਾ ਕੰਮ ਕਰ" ਰਣਬੀਰ ਦੀ ਨਫ਼ਰਤ ਅੱਖਾਂ ਦੀ ਲਾਲੀ ਵਿਚ ਤਬਦੀਲ ਹੋ ਗਈ ਸੀ। ਪਰ ਕਰਮ ਸਿੰਘ ਨੇ ਗੌਲਿਆ ਨਾ।

"ਕੰਮ ਤਾਂ ਬੱਲਿਆ ਮੈਂ ਆਵਦਾ ਵੀ ਕਰਲੂੰ ਤੇ ਥੋਡਾ ਵੀ, ਤੂੰ ਖੇਡ ਘਰੇ ਜਾ ਕੇ ਮਾਂ ਦੀ ਬੁੱਕਲ 'ਚ। ਮੇਰੀ ਛੋਟੀ ਭਾਬੀ ਨੂੰ ਆਖੀਂ ਬਈ ਤੇਰੇ ਵੱਡੇ ਦੀ ਮਖਣੀ ਮੈਨੂੰ ਫੜਾ ਜਿਆ ਕਰੇ ਮੇਰੀ ਰਾਖੀ ਵੱਟੇ। ਹੈਂ? ਮਨਜ਼ੂਰ ਐ ਸੌਦਾ?" ਕਰਮ ਸਿਉਂ ਮਸ਼ਕਰੀਆਂ 'ਤੇ ਉੱਤਰ ਆਇਆ।

"ਆਹ ਕਰਦੇਂਗਾ ਸਾਡਾ ਕੰਮ। ਕਾਹਨੂੰ ਜਾਣਦਾ ਐਂ ਮੈਂ ਤੇਰੀਆਂ ਭਦਰਕਾਰੀਆਂ ਦੂਜਿਆਂ ਦਾ ਕੰਮ ਕਰਨ ਆਲੇ ਦੀਆਂ।" ਰਣਬੀਰ ਉਸਦੇ ਹੈਡ 'ਤੇ ਮਾਰਨ ਤੋਂ ਨਾ ਰੁਕ ਸਕਿਆ।

"ਭਦਰਕਾਰੀਆਂ ਨੂੰ ਮੈਂ ਕੀ ਤੇਰੀ ਮਾਂ ਦੀ ਬਾਂਹ ਫੜ ਲੀ ਓਏ ਬੇਰੜਿਆ? ਜੰਮ ਮੁੱਕਿਆ ਨੀ ਤੇ ਮੇਰੀਆਂ ਭਦਰਕਾਰੀਆਂ ਪਰਖਦੈਂ। ਚਪੇੜ ਨਾ ਖਾ ਲੀਂ ਕਿਤੇ ਮੈਥੋਂ ਬਾਅਲਾ ਚਾਂਭਲਿਆ ਫਿਰਦੈਂ।" ਕਰਮ ਸਿਉਂ ਨੇ ਮਾਰਨ ਦਾ ਡਰਾਵਾ ਦੇਣ ਲਈ ਹੱਥ ਚੁੱਕਿਆ। ਰਣਬੀਰ ਨੇ ਅੱਗੋਂ ਉਸਦੀ ਦਾਹੜੀ ਫੜ ਲਈ ਤੇ ਉਹ ਜੱਫੋ-ਜੱਫੀ ਹੋ ਗਏ।

"ਬਈ ਮੁੰਡਿਓ ਚੰਗੀ ਤਰ੍ਹਾਂ ਜੱਫੀ 'ਚ ਲੈ ਕੇ ਰੱਖੋ, ਸਿਰ ਨਾ ਲੁੜਕਣ ਦਿਓ" ਰਣਬੀਰ ਨੂੰ ਨੁਹਾ ਕੇ ਉਸਦੇ ਦਸਤਾਰ ਸਜਾ ਰਹੇ ਆਪਣੇ ਪੁੱਤਾਂ ਦੇ ਪਿੱਛੇ ਆ ਖੜ੍ਹੇ ਕਰਮ ਸਿੰਘ ਨੇ ਮੱਧਮ ਜਿਹੀ ਆਵਾਜ਼ 'ਚ ਕਿਹਾ। ਸੰਭਾਲਣ ਦੇ ਬਾਵਜੂਦ ਰਣਬੀਰ ਦਾ ਛੀਟਕਾ ਸਰੀਰ ਕਮਾਨ ਵਾਂਗੂੰ ਮੁੜਿਆ ਪਿਆ ਸੀ। ਚਿੱਟੇ ਕਫ਼ਨ ਨਾਲ ਸ਼ਾਂਤ ਅਤੇ ਗਹਿਰ-ਗੰਭੀਰ ਲਗਦੇ ਇਸ ਰਣਬੀਰ ਵੱਲ ਵੇਖ ਕੇ ਤਾਂ ਸੋਚ ਹੀ ਨਹੀਂ ਸੀ ਆਉਂਦੀ ਕਿ ਉਹ ਕਦੇ ਇਉਂ ਲੜਦਾ-ਝਗੜਦਾ ਵੀ ਰਿਹਾ ਹੋਵੇਗਾ।

ਆਪਣੇ ਤਾਏ ਨਾਲ ਲੜ ਕੇ ਰਣਬੀਰ ਦੀ ਅਜਿਹੀ ਚੁੱਪ ਟੁੱਟੀ ਅਤੇ ਹੱਥ ਖੁਲ੍ਹਿਆ ਸੀ ਕਿ ਨਿੱਕੀ ਨਿੱਕੀ ਗੱਲ ਉਤੇ ਹੀ ਮਰਨ-ਮਰਾਉਣ ਨੂੰ ਉਤਰ ਆਉਂਦਾ। ਪ੍ਰਤਾਪ ਕਿਸੇ ਗੱਲੋਂ ਖਿਝ ਪੈਂਦਾ ਤਾਂ ਅੱਗੋਂ ਰਣਬੀਰ ਵੀ ਲੜਨ ਨੂੰ ਤਿਆਰ ਹੁੰਦਾ। ਦੋ ਕੁ ਸਾਲ ਰਣਬੀਰ ਨੇ ਮੰਦਾ-ਚੰਗਾ ਖੇਤੀ ਦਾ ਕੰਮ ਕੀਤਾ ਸੀ ਪਰ ਹੁਣ ਉਹ ਵੀ ਛੱਡ ਗਿਆ ਸੀ। ਉਸਦੇ ਅਜਿਹੇ ਸੁਭਾਅ ਕਾਰਨ ਸਾਰੇ ਟੱਬਰ ਦਾ ਨੱਕ 'ਚ ਦਮ ਹੋਇਆ ਪਿਆ ਸੀ। ਜੇ ਉਹ ਬਾਹਰ ਗਿਆ ਹੁੰਦਾ ਤਾਂ ਇਹ ਧੁੜਕੂ ਲੱਗਿਆ ਰਹਿੰਦਾ ਕਿ ਕਿਸੇ ਨਾਲ ਲੜ ਕੇ ਨਾ ਆ ਜਾਵੇ ਅਤੇ ਜੇ ਘਰ ਬੈਠ ਹੁੰਦਾ ਤਾਂ ਟੱਬਰ ਵਿਚ ਸਹਿਮ ਜਿਹਾ ਛਾ ਜਾਂਦਾ। ਇਕ ਦਿਨ ਇਉਂ ਹੀ ਰਣਬੀਰ ਦੇ ਬੈਠੇ ਪ੍ਰਤਾਪ ਸੀਤੀ ਨਾਲ ਗੱਲੀਂ ਲੱਗਿਆ ਹੋਇਆ ਸੀ, "ਸੀਤੀਏ ਭਾਈ ਜਦੋਂ ਤੇਰੇ ਤਾਏ ਕਰਮ ਸਿਉਂ ਦੀ ਜੰਨ ਚੜ੍ਹੀ ਤਾਂ ਚਾਅ ਨਾਲ ਮੱਛਰੇ ਸਭ ਚਾਂਭੜਾਂ ਪਾਉਂਦੇ ਜਾਣ। ਜਦੋਂ ਚੜ੍ਹਨ ਲੱਗੇ ਨਾ ਮੁਕਸਰ ਵਾਲੀ ਸੜਕ ਤਾਂ ਸਾਰਿਆਂ ਤੋਂ ਮੂਹਰੇ ਘੋੜਾ ਲਾਈ ਜਾਂਦੇ ਧੰਨੇ ਮੁਘਦਰ ਦੀ ਹਾਕ ਸੁਣੀ, ਅਖੇ ਆ ਗਏ ਓਏ ਫਰੰਗੀ ਭੱਜ ਲੋ ਜੇ ਭੱਜੀ ਦਾ ਤਾਂ। ਸੁਣਦਿਆਂ ਈ ਅਸੀਂ ਤਾਂ ਵੱਟ ਲੀ ਸ਼ੂਟ ਵਾਹਣਾਂ ਨੂੰ। ਉਦੋਂ ਸੁਣਦੇ ਸਾਂ ਬਈ ਅੰਗਰੇਜ਼ਾਂ ਦੀ ਕਿਧਰੇ ਵੱਡੀ ਜੰਗ ਲੱਗੀ ਹੋਈ ਸੀ ਤੇ ਉਹ ਚੋਬਰ ਮੁੰਡਾ ਵੇਖਦੇ ਈ ਭਰਤੀ ਕਰ ਲੈਂਦੇ। ਐਂ ਭਲਾਂ ਮਚਦੀ ਅੱਗ 'ਚ ਕੌਣ ਬਝਦੈ ਬਲਦੀ ਦੇ ਬੂਥੇ ? ਲਾਮ ਤੋਂ ਸਾਬਤਾ ਤਾਂ ਆਂਹਦੇ ਐ ਕੋਈ ਟਾਵਾਂ ਈ ਮੁੜਦਾ ਸੀ। ਬੱਸ ਫੇਰ ਨੀ ਚੜ੍ਹੇ ਸੜਕ। ਤੇਰੀ ਤਾਈ ਦੇ ਪੇਕਿਆਂ ਤਕ ਵਾਹਣੋ-ਵਾਹਣੀ ਗਏ ਤੁਰਦੇ ਤੇ ਅਸੀਂ ......" ਗੱਲ ਅਜੇ ਪ੍ਰਤਾਪ ਦੇ ਮੂੰਹ 'ਚ ਹੀ ਸੀ ਕਿ ਰਣਬੀਰ ਨੇ ਵਿਚਾਲਿਉਂ ਹੀ ਟੋਕਦਿਆਂ ਖਿਝ ਕੇ ਕਿਹਾ, "ਆਹ ਭੱਜ ਲੇ ਵਾਹਣਾਂ ਨੂੰ, ਵੱਡੇ ਸੂਰਮੇ, ਊਂ ਅਖੇ ਅਸੀਂ ਮੁਘਦਰ ਚਰਦੇ ਹੁੰਦੇ ਸਾਂ ਜੁਆਨੀ ਵੇਲੇ। ਐਵੇਂ ਤਾਂ ਨੀ ਆਂਹਦੇ ਕਿ ਗਧੇ ਦੀਆਂ ਦੁਖਦੀਆਂ ਅੱਖਾਂ 'ਚ ਪਾਉਣ ਲੱਗੇ ਲੂਣ ਤੇ ਆਂਹਦਾ ਮੇਰੇ ਕੰਨ ਪਟਦੇ ਐ।"

"ਯਾਰ ਤੂੰ ਸਾਨੂੰ ਗੱਲ ਵੀ ਨੀ ਕਰਨ ਦੇਣੀ ? ਹਰ ਵੇਲੇ ਲੜਾਈ ਭਾਲਦਾ ਰਹਿਨੈਂ..... ਲੜਾਈ ਨੀ ਤਾਂ.... ਹੈਂ ?" ਪ੍ਰਤਾਮ ਖਿਝ ਗਿਆ।

"ਬੜੀ ਗੱਲ ਐ ਏਹ ਅਖੇ ਭੱਜ ਲੇ...। ਕਿਤੇ ਉਦੋਂ ਦੇ ਹੋਏ ਹੁੰਦੇ ਭਰਤੀ ਤਾਂ ਹੁਣ ਨੂੰ ਪੈਨਸ਼ਨਾਂ ਬੱਝੀਆਂ ਹੁੰਦੀਆਂ। ਹੁਣ ਨੂੰ ਸ਼ਰੀਕਾਂ ਦੇ ਬਰਾਬਰ ਚੁਬਾਰੇ ਛੱਤੇ ਹੁੰਦੇ।" ਰਣਬੀਰ ਨੇ ਜੋਗਿੰਦਰ ਦੇ ਬਾਪੂ ਕੈਪਟਨ ਧਰਮ ਸਿੰਘ ਦੇ ਚੁਬਾਰਿਆਂ ਵੱਲ ਉਂਗਲ ਕਰਕੇ ਲੜਾਈ ਹੋਰ ਮਘਾ ਦਿੱਤੀ। "ਚਲ ਅਸੀਂ ਤਾਂ ਭੱਜ ਲੇ, ਤੂੰ ਬੰਨ੍ਹਾ ਲੈ ਪੈਲਸਨਾਂ ਤੇ ਪਾ ਲੈ ਚੁਬਾਰੇ ਹੁਣ ਕੇਹੜਾ ਹੀਰ ਮਰਗੀ ਕਿ ਵੰਝਲੀ ਟੁੱਟ ਗਈ, ਵੱਡਾ....." ਗੁੱਸੇ 'ਚ ਕਿੱਲ੍ਹ ਕੇ ਬੋਲਦੇ ਪ੍ਰਤਾਪ ਦਾ ਸਾਹ ਉਖੜ ਗਿਆ। ਦੋਨਾਂ ਦੇ ਵਿਚਾਲੇ ਕੁੜਿੱਕੀ ਦੇ ਮੂੰਹ 'ਚ ਫਸੀ ਬੈਠੀ ਸੀਤੀ ਭੱਜ ਕੇ ਪਾਣੀ ਲੈਣ ਲਈ ਗਈ। ਪਰ ਰਣਬੀਰ ਅਜੇ ਵੀ ਬੋਲਦਾ ਰਿਹਾ, "ਵੇਲਾ ਆਉਣ ਦੇ, ਬੰਨ੍ਹਾ ਕੇ ਵੀ ਵਖਾਊਂਗਾ, ਸੋਡੇ ਵਾਂਗੂੰ ਨੀ ਭਜਦਾ ਚੱਡਿਆਂ 'ਚ ਪੂਛ ਲੈ ਕੇ।"

ਤੇ ਸਬੱਬੀਂ ਉਹ ਵੇਲਾ ਵੀ ਛੇਤੀ ਆ ਗਿਆ, ਜਿਸ ਦਿਨ ਫਿਰੋਜ਼ਪੁਰ ਖੁਲ੍ਹੀ ਭਰਤੀ ਵਾਸਤੇ ਜਾ ਰਹੇ ਜੋਗਿੰਦਰ ਨੇ ਸਾਥ ਵਾਸਤੇ ਰਣਬੀਰ ਨੂੰ ਵੀ ਅਵਾਜ਼ ਮਾਰ ਲਈ।



ਕੱਪੜੇ ਲਾਹ ਕੇ ਮੁੰਡਿਆਂ ਦੀ ਵੱਡੀ ਕਤਾਰ ਵਿਚ ਖੜ੍ਹਾ ਰਣਬੀਰ ਪੂਰੇ ਉਤਸ਼ਾਹ ਵਿਚ ਸੀ। ਪਰ ਮੋਹਲਿਆਂ ਵਰਗੇ ਪੱਟ ਅਤੇ ਡੌਲੇ ਕੱਢੀ ਖੜ੍ਹੇ ਗੱਭਰੂਆਂ ਵਿਚ ਉਸ ਨੂੰ ਆਪਣਾ ਛੀਂਟਕਾ ਸਰੀਰ ਵੇਖ ਕੇ ਹੌਸਲਾ ਕੁਝ ਕਿਰਦਾ ਜਾਪਿਆ। ਉਸ ਨੇ ਨਿੱਕਰ ਉਤਾਂਹ ਨੂੰ ਖਿੱਚੀ ਜਿਸ ਨਾਲ ਪੱਟਾਂ ਦਾ ਮੋਟਾ ਭਾਗ ਕੁਝ ਹੋਰ ਉਭਰ ਆਇਆ। ਉਸ ਦਾ ਜੋਸ਼ ਫੇਰ ਠਾਠਾਂ ਮਾਰਨ ਲੱਗਿਆ। ਕਤਾਰ ਦੀ ਸ਼ਨਾਖ਼ਤ ਕਰਦਾ ਆ ਰਿਹਾ ਕਮਾਂਡਰ ਜਦ ਰਣਬੀਰ ਦੇ ਸਾਹਮਣੇ ਆਇਆ ਤਾਂ ਉਸਨੇ ਛਾਤੀ ਫੁਲਾ ਲਈ ਪਰ ਇਸ ਨਾਲ ਢਿੱਡ ਪਹਿਲਾਂ ਤੋਂ ਵੀ ਪਿਚਕ ਗਿਆ। ਉਸਨੂੰ ਜਾਪਿਆ ਜਿਵੇਂ ਨਿੱਕਰ ਫੇਰ ਥੱਲੇ ਨੂੰ ਗਿਸ਼ਕ ਗਈ ਹੋਵੇ। ਮੁਢਲੀ ਮਿਣਤੀ-ਗਿਣਤੀ ਤੋਂ ਬਾਅਦ ਕਮਾਂਡਰ ਨੇ ਚੋਣਵੇਂ ਮੁੰਡਿਆਂ ਨੂੰ ਇਕ ਕਦਮ ਅਗਾਂਹ ਲੈ ਕੇ ਕਤਾਰ ਬਣਾਉਣ ਦਾ ਇਸ਼ਾਰਾ ਕੀਤਾ। ਰਣਬੀਰ ਹੋਰਾਂ ਦੀ ਕਤਾਰ ਪਿੱਛੇ ਇਉਂ ਅਣਗੌਲੀ ਜਿਹੀ ਰਹਿ ਗਈ ਜਿਵੇਂ ਕਿਸੇ ਦੁਕਾਨ ਵਾਲੇ ਨੇ ਰੁਪੱਈਏ ਦੇ ਪੰਸੇਰੀ ਚੁਕਾਉਣ ਵਾਲੇ ਅਧਗਲੇ ਟਮਾਟਰਾਂ ਦੀ ਵੱਖਰੀ ਢੇਰੀ ਲਾ ਰੱਖੀ ਹੋਵੇ। ਰਣਬੀਰ ਤੋਂ ਇਹ ਬਰਦਾਸ਼ਤ ਨਾ ਹੋ ਸਕਿਆ ਤੇ ਉਸ ਨੇ ਲਾਈਨ 'ਚੋਂ ਨਿਕਲਕੇ ਬੁੜਬੁੜ ਕਰਦੇ ਨੇ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ। "ਜੱਦ੍ਹੇ ਭਰਤੀਆਂ ਦੇ, ਸਾਲਿਓ ਮੋਟਿਆਂ ਪੱਟਾਂ ਦੇ ਸ਼ਤੀਰ ਚੀਰਨੇ ਆਂ ਜੇ ਵਿਚੋਂ ਦਿਲ ਈ ਚਿੜੀ ਦਾ ਹੋਇਆ। ਐਹੋ ਜੇ ਠਾਹ ਸੁਣ ਕੇ ਮੋਕ ਮਾਰਨ ਲੱਗ ਪੈਂਦੇ ਹੁੰਦੇ ਐ।" ਰਣਬੀਰ ਦੇ ਚੇਤੇ 'ਚੋਂ ਧੰਨੇ ਮੁਘਦਰ ਹੋਰਾਂ ਦੇ ਵਾਹਣਾਂ ਰਾਹੀਂ ਭੱਜਣ ਦੀ ਗੱਲ ਬਿਜਲੀ ਵਾਂਗ ਲੰਘ ਗਈ।

ਪਿੰਡ ਮੁੜੇ ਰਣਬੀਰ ਦੀ ਛੇੜ ਹੀ 'ਫੌਜੀ ਸਾਹਬ' ਪੈ ਗਈ। ਜੋਗਿੰਦਰ ਨੂੰ ਭਰਤੀ ਕਰ ਲਏ ਜਾਣ ਦੀ ਗੱਲ ਨਾਲ ਉਸਦੀ ਹੀਣਤਾ ਹੋਰ ਵੀ ਵਧ ਜਾਂਦੀ। ਸ਼ਰਮ ਵਿਚ ਉਹ ਤਖਤਪੋਸ਼ ਉਤੇ ਬੈਠੇ ਮੁੰਡਿਆਂ ਤੋਂ ਪਾਸਾ ਵੱਟ ਕੇ ਲੰਘਣ ਦਾ ਯਤਨ ਕਰਦਾ ਪਰ ਉਹ ਬਚਣ ਨਾ ਦਿੰਦੇ।

"ਫੌਜੀ ਸਾਹਬ ਆ ਜੋ ਸੁਣਾ ਜੋ ਕੋਈ ਫਰੋਜ਼ਪੁਰ ਦੀ।" ਰਣਬੀਰ ਦੇ ਤਾਏ ਦੇ ਮੁੰਡੇ ਬਿੱਕਰ ਨੇ ਮਖੌਲ ਕੀਤਾ। ਰਣਬੀਰ ਅਜੇ ਕੁਝ ਤੱਤਾ-ਤੱਤਾ ਜਵਾਬ ਦੇਣ ਹੀ ਲੱਗਿਆ ਸੀ ਕਿ ਬਿੱਕਰ ਫਿਰ ਬੋਲ ਪਿਆ, "ਬਈ ਆਂਹਦੇ ਅਫ਼ਸਰ ਨੂੰ ਪਸਿੰਦ ਤਾਂ ਏਹ ਪੂਰਾ ਸੀ ਪਰ ਇਕ ਗੱਲੋਂ ਡਰ ਗਿਆ ਕਿ ਜੇ ਕਿਤੇ ਹਨੇਰੀ ਦਾ ਰੁਖ ਪਾਕਿਸਤਾਨ ਵੰਨੀ ਹੋਇਆ ਤਾਂ ਰਣਬੀਰ ਸਿਉਂ ਨੇ ਉਡ ਕੇ ਬਾਡਰ ਟੱਪ ਜਾਣੈ ਤੇ ਸਿਖਲਾਈ ਦਿੱਤੀ ਜਾਊ ਖੂਹ-ਖਾਤੇ। ਨਾਲੇ...." ਹਾਸੇ ਦੀ ਛਹਿਬਰ ਵਿਚ ਮਸਤ ਬਿੱਕਰ ਨੇ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਬੰਦੂਕ ਦੀ ਗੋਲੀ ਵਾਂਗ ਧੱਪ ਕਰਕੇ ਹਿੱਕ 'ਚ ਵੱਜੀ ਇੱਟ ਨਾਲ ਪੁੱਠਾ ਹੋ ਕੇ ਡਿੱਗ ਪਿਆ।

"ਲੈ ਪੁੱਤ ਤੂੰ ਤਾਂ ਬਾਡਰ ਟੱਪ ਕੇ ਪਹੁੰਚ ਧਰਮਰਾਜ ਕੋਲ..... ਸਾਲਾ ਗੋਹ-ਗਹੀਰਾ ਜਿਹਾ ਨਾ ਹੋਵੇ ਤਾਂ, ਭੈਣ ਦਾ......" ਰਣਬੀਰ ਨੇ ਗਾਲ੍ਹ ਕਢਦਿਆਂ ਦੁਬਾਰਾ ਇੱਟ ਚੁੱਕਣ ਲਈ ਹੰਭਲਾ ਮਾਰਿਆ ਪਰ ਜਰਵਾਣੇ ਮੁੰਡਿਆਂ ਨੇ ਬਾਹਾਂ ਫੜ ਲਈਆਂ।

"ਸਾਡਾ ਭਰਾ ਸਾਨੂੰ ਮਾਰ ਕੇ ਸਿੱਟ ਗਿਆ ਓਏ ਲੋਕੋ" ਆਪਣੇ ਭਰਾਵਾਂ ਨਾਲ ਰਣਬੀਰ ਨੂੰ ਬਾਹਾਂ ਤੋਂ ਫੜ ਕੇ ਸਿੜ੍ਹੀ ਉਤੇ ਆਖਰੀ ਦਰਸ਼ਨਾਂ ਲਈ ਰਖਵਾ ਰਿਹਾ ਬਿੱਕਰ ਵਿਲਕ ਪਿਆ। ਬਿੱਕਰ ਹੀ ਕੀ, ਉਸ ਤੋਂ ਬਾਅਦ ਤਾਂ ਰਣਬੀਰ ਹੋਰਾਂ ਦਾ ਮੂੰਹ ਵੇਖਣ ਵਾਲੇ ਕਰੜੇ ਤੋਂ ਕਰੜੇ ਦਿਲ ਵਾਲੇ ਬੰਦਿਆਂ ਦਾ ਵੀ ਧੀਰਜ ਹਿੱਲ ਗਿਆ। ਇਹ ਦ੍ਰਿਸ਼ ਹੀ ਅਜਿਹਾ ਸੀ। ਜ਼ਹਿਰ ਨਾਲ ਲਾਸ਼ਾਂ ਫੁੱਲ ਕੇ ਗਹੀਰੇ ਬਣੀਆਂ ਭਾਵੇਂ ਪਾਟਣ ਉਤੇ ਆਈਆਂ ਪਈਆਂ ਸਨ ਪਰ ਤਿਆਰ ਕਰਨ ਨਾਲ ਮੂੰਹਾਂ ਉਤੇ ਕੁਝ ਟਹਿਕ ਭਾਅ ਮਾਰਨ ਲੱਗ ਪਈ ਸੀ। ਬਚਿੰਤ ਕੌਰ ਦਾ ਚਿਹਰਾ ਹੀ ਬਦਰੂਪ ਹੋਇਆ ਸੀ। ਵਿਆਂਦੜਾਂ ਵਾਂਗ ਸਜਾਈਆਂ ਮੁਟਿਆਰਾਂ ਦੀਪਾਂ ਤੇ ਜੀਤਾਂ ਨੂੰ ਤਾਂ ਅੰਤਾਂ ਦਾ ਰੂਪ ਚੜ੍ਹਿਆ ਸੀ। ਪੀਤੂ ਵੀ ਆਪਣੇ ਮਾਸੂਮ ਜਿਹੇ ਚਿਹਰੇ ਨਾਲ ਵੇਖਣ ਵਾਲੇ ਦੇ ਅੰਦਰ ਚੀਸ ਭਰ ਦਿੰਦਾ ਸੀ।

ਸੀਤੀ ਨੂੰ ਬਾਹਾਂ ਤੋਂ ਫੜ ਕੇ ਜਨਾਨੀਆਂ ਲਾਸ਼ਾਂ ਕੋਲ ਲੈ ਆਈਆਂ ਪਰ ਉਸ ਨੂੰ ਅਜੇ ਵੀ ਹੋਸ਼ ਨਹੀਂ ਸੀ ਆਈ ਤੇ ਆਪ-ਮੁਹਾਰੇ ਹੀ ਬਰੜਾ ਰਹੀ ਸੀ, "ਮੇ...ਅ...ਰੇ, ਵੀ....ਅ.....ਰ ਨੂੰ ਮਾ...ਅ...ਰ ਦਾ ਬਾ..........ਪੂ , ਹਾਏ ਨਾ ਮਾਰ.....ਰ......"

"ਲੈ ਚੱਕੋ ਬਈ ਮੁੰਡਿਓ, ਹੁਣ ਦੇਰੀ ਦਾ ਵਕਤ ਨਹੀ ਰਿਹਾ ਭਾਈ" ਸਿਆਣੇ ਬੰਦਿਆਂ ਦੀ ਸਾਂਝੀ ਆਵਾਜ਼ ਆਈ। ਪਰ੍ਹੇ ਖੜ੍ਹਾ ਸਲੂਜਾ ਵੀ ਨੇੜੇ ਆਇਆ। ਝਿਜਕ ਜਿਹੀ ਵਿਚ ਪਲ ਕੁ ਲਈ ਅਟਕਿਆ ਅਤੇ ਫਿਰ ਧਰਮ ਦੇ ਭਰਾ ਹੋਣ ਦੀ ਲਾਜ ਪਾਲਦਿਆਂ ਕਾਨ੍ਹੀਂ ਲੱਗਣ ਵਾਸਤੇ ਸਿੜ੍ਹੀ ਵੱਲ ਝੁਕਿਆ। ਐਨ ਉਸੇ ਸਮੇਂ ਸਾਹਮਣੇ ਗੈਲਰੀ 'ਚ ਲੱਗੇ ਟਾਈਮਪੀਸ ਨੇ ਦਸ ਵਜੇ ਦਾ ਅਲਾਰਮ ਦਿੱਤਾ। ਇਉਂ ਜਾਪਿਆ ਜਿਵੇਂ ਅਲਾਰਮ ਦੀ ਆਖਰੀ ਟੰਨ ਸੁਣ ਕੇ ਰਣਬੀਰ ਸਿੜ੍ਹੀ ਤੋਂ ਉਠ ਕੇ ਖੜ੍ਹਾ ਹੁੰਦਿਆਂ ਕਹੇਗਾ, "ਮੈਂ ਕਚਹਿਰੀ ਚੱਲਿਆਂ ਬਈ ਸਲੂਜੇ ਕੋਲ, ਮੇਰਾ ਟੈਮ ਹੋ ਗਿਆ।" ਅਤੇ ਕਿੱਲੀ ਉਤੇ ਟੰਗਿਆ ਰੈਕਸੀਨ ਦਾ ਥੈਲਾ ਚੁੱਕੀ ਕਾਹਲੇ ਕਦਮੀਂ ਬੱਸ ਅੱਡੇ ਉਤੇ ਪਹੁੰਚ ਜਾਵੇਗਾ। ਰਣਬੀਰ ਦਾ ਸ਼ਹਿਰ ਜਾਣ ਦਾ ਇਹ ਪੱਕਾ ਟਾਈਮ ਸੀ। ਬਿਨਾਂ ਨਾਗਾ ਪਾਏ ਉਹ ਸਵਾ ਦਸ ਵਾਲੀ ਬਾਦਲ ਟ੍ਰਾਂਸਪੋਰਟ ਕੰਪਨੀ ਵਾਲਿਆਂ ਦੀ ਬੱਸ ਦੀ ਉਡੀਕ ਕਰ ਰਿਹਾ ਹੁੰਦਾ। ਸਲੂਜੇ ਦਾ ਧਰਮ ਭਰਾ ਬਣਨ ਤੋਂ ਬਾਅਦ ਇਹ ਉਸਦਾ ਨਿੱਤਨੇਮ ਸੀ। ਜਾਂਦਾ ਵੀ ਕਿਉਂ ਨਾ ? ਸਲੂਜੇ ਨਾਲ ਪਹਿਲੀ ਮੁਲਾਕਾਤ ਨੇ ਹੀ ਰਣਬੀਰ ਦੀ ਕਾਇਆ ਪਲਟ ਦਿੱਤੀ ਸੀ। "ਰਾਂਦ ਦਾ ਘਰ" ਕਿਹਾ ਜਾਣ ਵਾਲਾ ਬੰਦਾ ਸ਼ਹਿਰੋਂ ਇਉਂ "ਕਾਨੂੰਨੀ ਬੰਦਾ" ਬਣ ਕੇ ਆ ਗਿਆ ਸੀ ਜਿਵੇਂ ਦੁੱਖ ਭੰਜਨੀ ਬੇਰੀ ਨੇੜਲੇ ਸਰੋਵਰ ਵਿਚ ਕਾਂ ਵੀ ਬਗਲੇ ਬਣ ਨਿਕਲੇ ਸਨ।

ਜਿਸ ਦਿਨ ਇਹ ਕ੍ਰਿਸ਼ਮਾ ਹੋਇਆ ਉਸ ਦਿਨ ਰਣਬੀਰ ਵਾਟਰ ਵਰਕਸ ਦੇ ਕੁਨੈਕਸ਼ਨ ਲਈ ਫਾਈਲ ਤਿਆਰ ਕਰਵਾਉਣ ਵਾਸਤੇ ਸਲੂਜੇ ਕੋਲ ਗਿਆ ਸੀ। ਤੀਜੀ ਵਾਰ ਕੇਸ ਤਿਆਰ ਕਰਵਾ ਰਹੇ ਰਣਬੀਰ ਦੇ ਚਿਹਰੇ ਉਤਲੀ ਮਾਯੂਸੀ ਅਤੇ ਗੁੱਸੇ ਨੂੰ ਭਾਂਪਦਿਆਂ ਸਲੂਜੇ ਨੇ ਬੜੇ ਹਲੀਮੀ ਭਰੇ ਬੋਲਾਂ ਨਾਲ ਕਿਹਾ ਸੀ, "ਸਰਦਾਰ ਜੀ ਜੇ ਐਤਕੀਂ ਵੀ ਕੰਮ ਨਾ ਬਣਿਆਂ ਤਾਂ ਚੁੱਪ ਕਰਕੇ ਮੇਰੇ ਕੋਲ ਆ ਜਾਣਾ। ਫਿਰ ਮੈਂ ਜਾਣਾ ਜਾਂ ਮੇਰਾ ਕੰਮ।" ਪਰ ਜਦੋਂ ਰਣਬੀਰ ਮੁੜਿਆ ਤਾਂ ਚੁੱਪ ਦੀ ਥਾਂ ਕਲਰਕ ਨੂੰ ਗਾਲ੍ਹਾਂ ਕਢਦਾ ਵਾਪਸ ਆਇਆ। ਉਸ ਦਾ ਆਪਣਾ ਕੁੜਤਾ ਵੀ ਲੰਗਾਰ ਸੀ।

"ਸਾਲਾ ਚਗਲ ਜਿਹਾ ਆਂਹਦਾ ਅਖੇ ਵਾਟਰ ਵਰਕਸ ਦੀ ਕਪਿਸਟੀ ਤੋਂ ਵੱਧ ਹੋਰ ਕੁਨੈਕਸ਼ਨ ਨੀ ਦੇ ਸਕਦੇ। ਮੈਂ ਆਖਿਆ ਜਿਹੜਾ ਸਰਪੰਚ ਨਾਲ ਆ ਕੇ ਤੇਰੇ ਮੂੰਹ 'ਚ ਹੱਡ ਤੁੰਨ ਦਿੰਦੇ ਓਹਦੇ ਵਾਰੀ ਕਪਿਸਟੀ ਕਿਵੇਂ ਵਧ ਜਾਂਦੀ ਐ ? ਅੱਗੋਂ ਨਾਲੇ ਚੋਰ ਨਾਲੇ ਚਤਰ, ਆਂਹਦਾ ਪੁਲਸ ਬੁਲਾਉਨੈ। ਮੈਂ ਆਖਿਆ ਮੇਰਾ ਕੰਮ ਤਾਂ ਭੈਣ ਚਦਾਵੇ, ਪਹਿਲਾਂ ਤੈਨੂੰ ਬਣਾਉਨੈਂ ਮੰਨੇ ਕਾ ਸਿੱਖ।" ਰਣਬੀਰ ਨੇ ਕਲਰਕ ਦੇ ਚਾਰ ਥੱਪੜ ਜੜ ਆਉਣ ਤਕ ਦੀ ਗੱਲ ਸਲੂਜੇ ਨੂੰ ਦੱਸ ਦਿੱਤੀ।

"ਸਰਦਾਰ ਸਾਹਬ ਡਾਂਗ-ਸੋਟੇ ਦੇ ਜ਼ਮਾਨੇ ਨੀ ਰਹੇ, ਹੁਣ ਵੇਲਾ ਕਾਗਜ਼ੀ ਕਾਰਵਾਈ ਦਾ ਐ। ਲੈ ਤੁਸੀਂ ਤਾਂ ਆਵਦਾ ਜਟਕਾ ਢੰਗ ਵਰਤ ਕੇ ਵੇਖ ਲਿਐ ਹੁਣ ਸਲੂਜੇ ਦਾ ਮੰਤਰ ਵੇਖੋ ਕਿਵੇਂ ਤਲੀ 'ਤੇ ਸਰ੍ਹੋਂ ਜੰਮਦੀ ਐ।" ਕਹਿਕੇ ਸਲੂਜੇ ਨੇ ਆਪਣੀ ਟਾਈਪ ਮਸ਼ੀਨ ਆਪਣੇ ਵੱਲ ਗਿਸ਼ਕਾਈ ਅਤੇ ਫਾਈਲ ਵੇਖ ਕੇ ਅਰਜ਼ੀ ਤਿਆਰ ਕਰਨ ਲੱਗਿਆ। ਉਸ ਦੀਆਂ ਉਂਗਲਾਂ ਮਸ਼ੀਨ ਉਤੇ ਨਚਦੀਆਂ ਰਹੀਆਂ ਅਤੇ ਆਪ ਰਣਬੀਰ ਨਾਲ ਗੱਲੀਂ ਰੁੱਝਿਆ ਰਿਹਾ। "ਜੇ ਕਲਰਕ ਪਾਤਸ਼ਾਹ ਦੇ ਅੜਾਟ ਨਾ ਪੈਂਦੇ ਫਿਰਨ ਤੇ ਸੋਡੇ ਪੈਰੀਂ ਨਾ ਡਿੱਗਿਆ ਤਾਂ ਸਲੂਜੇ ਦੀ ਮੂਤ ਨਾਲ ਦਾੜ੍ਹੀ ਮੁੰਨ ਦਿਓ" ਸਲੂਜੇ ਨੇ ਆਪਣੀ ਸੇਵ ਕੀਤੀ ਠੋਡੀ ਉਤੇ ਹੱਥ ਫੇਰਦਿਆਂ ਮਰਦਾਂ ਵਾਲਾ ਵਚਨ ਦਿੱਤਾ। ਉਸ ਨੇ ਐਸ. ਡੀ.ਓ., ਡੀ. ਸੀ. ਅਤੇ ਮੁੱਖ ਮੰਤਰੀ ਦੇ ਨਾਂ ਚਿੱਠੀਆਂ ਤਿਆਰ ਕਰਕੇ ਆਪਣੇ



ਫਿਚਕੂੰ-ਫਿਚਕੂੰ ਕਰਦੇ ਮੇਜ਼ ਦੀ ਦਰਾਜ ਵਿਚੋਂ ਟਿਕਟਾਂ ਕੱਢੀਆਂ ਅਤੇ ਥੁੱਕ ਲਾਉਂਦਿਆਂ ਰਣਬੀਰ ਨੂੰ ਚੁਟਕੀ ਮਾਰ ਕੇ ਕਿਹਾ, "ਲਓ ਜੀ ਸੋਡਾ ਕੰਮ ਖਤਮ, ਡਾਕਖਾਨੇ ਜਾਓ ਤੇ ਰਜਿਸਟਰੀਆਂ ਕਰਾ ਕੇ ਰਸੀਦਾਂ ਲੈ ਲਵੋ। ਕੰਮ ਫਤਹਿ ਸਮਝੋ।" ਕਹਿੰਦਿਆਂ ਸਲੂਜੇ ਨੇ ਖਰਚ ਦਾ ਹਿਸਾਬ-ਕਿਤਾਬ ਕਰਕੇ ਕੁਲ ਇਕ ਸੌ ਪੰਜ ਰੁਪਏ ਬਣਾਏ। "ਉਤਲੇ ਪੰਜ ਵੀ ਛੱਡੋ ਜੀ ਪਰਾਂ, ਆਪਣਾ ਤਾਂ ਸਿੱਧਾ ਜੱਟਾਂ ਵਾਲਾ ਹਿਸਾਬ ਐ।" ਕਹਿ ਕੇ ਸਲੂਜੇ ਨੇ ਸੌ ਦਾ ਨੋਟ ਦਰਾਜ 'ਚ ਸਿੱਟ ਲਿਆ ਅਤੇ ਕਿਸੇ ਪਹੁੰਚੇ ਫਕੀਰ ਵਾਂਗ ਹੱਥ ਚੱਕ ਕੇ ਅਸ਼ੀਰਵਾਦ ਦੇਣ ਦੇ ਅੰਦਾਜ਼ 'ਚ ਕਿਹਾ, "ਹਫ਼ਤਾ ਦਸ ਦਿਨ ਉਡੀਕੋ ਆਰਾਮ ਨਾਲ ਘਰ ਬਹਿ ਕੇ। ਜਵਾਬੀ ਚਿੱਠੀ ਮਿਲਦਿਆਂ ਹੀ ਛੂਹ ਵੱਜਣਾ ਏਥੇ।"

ਚਿੱਠੀਆਂ ਪਾ ਕੇ ਪਿੰਡ ਵਾਲੀ ਬੱਸ ਚੜ੍ਹੇ ਰਣਬੀਰ ਨੂੰ ਆਪਣਾ ਆਪਾ ਹੌਲਾ-ਫੁੱਲ ਲੱਗਿਆ ਜਿਵੇਂ ਬਿਨਾਂ ਗੋਲੀ ਦਾਗਿਆਂ ਕੋਈ ਫੌਜੀ ਜੰਗ ਜਿੱਤ ਕੇ ਮੁੜ ਰਿਹਾ ਹੋਵੇ। ਨਹੀਂ, ਗੋਲੀਆਂ ਤਾਂ ਚਲਾਈਆਂ ਸਨ। ਸਲੂਜੇ ਦੀ ਮਸ਼ੀਨ ਉਸਨੂੰ ਅਜਿਹੀ ਬੰਦੂਕ ਹੀ ਜਾਪੀ ਜਿਸ ਵਿਚੋਂ ਕਾਗਜ਼ਾਂ ਦੀਆਂ ਗੋਲੀਆਂ ਚਲਦੀਆਂ ਸਨ। ਜੇ ਦੁਸ਼ਮਣ ਗੁੜ ਦਿੱਤਿਆਂ ਮਰੇ ਤਾਂ ਫਿਰ ਜ਼ਹਿਰ ਦੇਣ ਦੀ ਕੀ ਲੋੜ ? ਇਹ ਸੋਚਦਿਆਂ ਮੂਲੋਂ ਹੀ ਬਦਲ ਚੁੱਕੇ ਰਣਬੀਰ ਨੇ ਆਪਣੇ ਕੁੜਤੇ ਦੇ ਲੰਗਾਰ ਨੂੰ ਬਸਕੂਏ ਨਾਲ ਵਕਤੀ ਤੌਰ 'ਤੇ ਨੱਥ ਲਿਆ।

"ਉਏ ਚਲ ਬਈ ਕਿ ਬੈਂਡ-ਵਾਜੇ ਵਾਲੇ ਉਡੀਕਦੈਂ ?" ਬੱਸੋਂ ਆਪਣੀ ਮੌਜ ਵਿਚ ਅਰਾਮ ਨਾਲ ਉਤਰ ਰਹੇ ਰਣਬੀਰ ਨੂੰ ਕੰਡਕਟਰ ਨੇ ਪਿੱਛੋਂ ਧੱਫਾ ਮਾਰਿਆ ਤਾਂ ਉਹ ਪਉੜੀਆਂ 'ਚ ਡਿਗਦਾ ਡਿਗਦਾ ਮਸਾਂ ਹੀ ਬਚਿਆ। ਰਣਬੀਰ ਕੌੜ ਕੇ ਉਸ ਵੱਲ ਝਾਕਿਆ ਜਿਵੇਂ ਹੁਣੇ ਗਲਮਿਉਂ ਫੜ ਕੇ ਹੇਠਾਂ ਖਿੱਚਣ ਨੂੰ ਤਿਆਰ ਹੋਵੇ। ਪਰ ਸਲੂਜੇ ਦੀ ਮੱਤ "ਵੇਲਾ ਕਾਗਜ਼ੀ ਕਾਰਵਾਈ ਦਾ ਐ" ਉਸ ਦੇ ਦਿਮਾਗ਼ 'ਚੋਂ ਲੰਘ ਗਈ। ਉਹ ਅੰਦਰੋ-ਅੰਦਰੀ ਸਿਰਫ ਏਨਾ ਕਹਿ ਕੇ ਅੱਗੇ ਤੁਰ ਪਿਆ, "ਕੋਈ ਨੀ ਬੱਚੂ ਤੇਰੇ ਖਿਲਾਫ਼ ਵੀ ਸਿਟਦੇ ਆਂ ਅਰਜ਼ੀ ਕਿਸੇ ਦਿਨ, ਜਿਹੜਾ ਤੂੰ ਅੱਧੀ ਬੱਸ ਛਕ ਕੇ ਵੀ ਡਕਾਰ ਨੀ ਮਾਰਦਾ।"

ਘਰ ਦੀ ਦੇਹਲੀ ਲੰਘਦੇ ਰਣਬੀਰ ਦੇ ਲੰਗਾਰ ਹੋਏ ਕੁੜਤੇ ਨੂੰ ਵੇਖ ਕੇ ਬਚਿੰਤ ਕੌਰ ਨੂੰ ਚਿੰਤਾ ਹੋਈ ਪਰ ਉਸਦਾ ਹੱਸਦਾ-ਟਹਿਕਦਾ ਚਿਹਰਾ ਵੇਖ ਕੇ ਉਹ ਹੈਰਾਨ ਹੋ ਗਈ। ਆਪਣੇ ਵਿਆਹ ਤੋਂ ਬਾਅਦ ਅਜਿਹਾ ਟਹਿਕਦਾ ਰਣਬੀਰ ਤਾਂ ਚਿੰਤੋ ਨੇ ਅੱਜ ਪਹਿਲੀ ਵਾਰੀ ਵੇਖਿਆ ਸੀ। ਨਹੀਂ ਤਾਂ ਰਣਬੀਰ ਬਾਹਰੋਂ ਸਾਗ ਦੀ ਤੌੜੀ ਵਾਂਗੂ ਰਿਝਦਾ ਹੀ ਮੁੜਦਾ ਸੀ। ਉਸ ਦੇ ਮੱਥੇ 'ਤੇ ਤਰੇਲੀ ਹੁੰਦੀ, ਹੱਥ ਕੰਬਦੇ ਅਤੇ ਮੂੰਹ ਕੋਲਿਆਂ ਵਾਂਗ ਭਖਦਾ ਲਾਲ-ਰੱਤਾ। ਉਹ ਆਉਂਦਿਆਂ ਹੀ ਸਿਰ ਫੜ ਕੇ ਮੰਜੇ ਉਤੇ ਡਿੱਗ ਪੈਂਦਾ। ਬਚਿੰਤ ਕੌਰ ਨੂੰ ਚਾਹ ਦਾ ਗਿਲਾਸ ਫੜਾਉਂਦਿਆਂ ਵੀ ਭੈਅ ਆਉਂਦਾ ਕਿ ਕਿਤੇ ਮੋੜ ਕੇ ਮੱਥੇ 'ਚ ਨਾ ਮਾਰੇ। ਰਣਬੀਰ ਦੇ ਅਜਿਹੇ ਮਾਰਖੋਰੇ ਸੁਭਾਅ ਤੋਂ ਕਲਪਦੇ ਅਤੇ ਅੰਦਰੋ-ਅੰਦਰੀ ਘੁਲਦੇ ਪ੍ਰਤਾਪ ਤੇ ਬਚਨੀ ਚੱਲ ਵਸੇ ਸਨ ਅਤੇ ਕਲਪਦੇ ਰਹਿਣ ਦੀ ਜ਼ਿੰਮੇਵਾਰੀ ਬਚਿੰਤ ਕੌਰ ਸਿਰ ਛੱਡ ਗਏ ਸਨ। ਜੇ ਉਨ੍ਹਾਂ ਨੂੰ ਪਤਾ ਹੁੰਦਾ ਕਿ ਵਿਆਹ ਨਾਲ ਵੀ ਰਣਬੀਰ ਨੇ ਸਿੱਧੇ ਰਾਹ ਨਹੀਂ ਪੈਣਾ ਤਾਂ ਸ਼ਾਇਦ ਉਹ ਬਗਾਨੀ ਧੀ ਨੂੰ ਸਹੇੜਦੇ ਹੀ ਨਾ ਪਰ ਸੀਤੀ ਦੀ ਮੰਨ ਕੇ ਭਰਮ ਗਏ ਸਨ। ਸੀਤੀ ਨੂੰ ਲਗਦਾ ਸੀ ਕਿ ਵਿਆਹ ਦੀ ਕਬੀਲਦਾਰੀ ਗਲ ਪੈਣ ਨਾਲ ਰਣਬੀਰ ਵਾਹੀ-ਖੇਤੀ ਵੱਲ ਆ ਜਾਵੇਗਾ। ਪਰ ਅਜਿਹਾ ਕੁਝ ਨਹੀਂ ਸੀ ਵਾਪਰਿਆ ਤੇ ਉਹ ਜ਼ਮੀਨ ਠੇਕੇ ਉਤੇ ਹੀ ਦੇ ਛੱਡਦਾ ਸੀ।

ਬਚਿੰਤ ਕੌਰ ਨੇ ਸਾਰੀ ਗੱਲ ਪੁੱਛਣ ਦੀ ਕਾਹਲੀ ਨਾ ਕੀਤੀ। ਉਸ ਲਈ ਏਨਾ ਹੀ ਬਹੁਤ ਸੀ ਕਿ ਕਿਤੇ ਇਸ ਘਰ ਵਿਚ ਵੀ ਟਹਿਕ ਨੇ ਚਰਨ ਪਾਏ ਹਨ। ਉਸ ਨੇ ਸਕੂਲ ਦਾ ਕੰਮ ਨਿਬੇੜ ਰਹੇ ਨਿਆਣਿਆਂ ਨੂੰ ਆਵਾਜ਼ ਮਾਰ ਕੇ ਰਣਬੀਰ ਦੁਆਰਾ ਲਿਆਂਦੇ ਕੇਲੇ ਵੰਡੇ। ਉਸ ਨੇ ਮੂੰਗੀ-ਮਸਰੀ

ਦੀ ਦਾਲ ਬਣਾਉਣ ਲਈ ਰੱਖੇ ਪਤੀਲੇ 'ਚ ਉਬਲਦੇ ਪਾਣੀ ਨੂੰ ਚੁੱਲ੍ਹੇ ਤੋਂ ਲਾਹ ਕੇ ਪਰੇ ਨਾਲੀ 'ਚ ਰੋੜ੍ਹ ਦਿੱਤਾ ਅਤੇ ਸ਼ਹਿਰੋਂ ਲਿਆਂਦੀਆਂ ਲਵੀਆਂ ਲਵੀਆਂ ਟਿੰਡੀਆਂ ਦੀ ਸਬਜ਼ੀ ਬਣਾਉਣ ਦੀ ਸੋਚੀ।

ਸ਼ਾਮ ਨੂੰ ਹਵਾ ਚੱਲ ਪੈਣ ਨਾਲ ਦਿਨ ਠਰ ਗਿਆ ਸੀ। ਨਹਾ ਕੇ ਵਿਹੜੇ 'ਚ ਡਾਹੇ ਮੰਜੇ ਉਤੇ ਪਏ ਰਣਬੀਰ ਦੇ ਰੁਖ 'ਚ ਨਰਮਾਈ ਆਈ ਭਾਂਪ ਕੇ ਦੀਪਾਂ, ਜੀਤਾਂ ਅਤੇ ਪ੍ਰੀਤੂ ਵੀ ਉਸ ਨਾਲ ਲਾਡ ਕਰ ਰਹੇ ਸਨ। ਬਚਿੰਤ ਕੌਰ ਨੂੰ ਇਹ ਵੇਖ ਕੇ ਸੁਖ ਦਾ ਸਾਹ ਆਇਆ। ਬੱਚਿਆਂ ਦੇ ਨਰਮ ਹੱਥਾਂ ਦੀ ਛੋਹ ਨਾਲ ਰਣਬੀਰ ਅੰਦਰ ਅਚਾਨਕ ਮੋਹ ਦਾ ਭਾਵ ਭਾਰੀ ਹੋ ਗਿਆ। ਦੀਪਾਂ ਅਤੇ ਜੀਤਾਂ ਦੇ ਵਾਲਾਂ 'ਚ ਉਂਗਲਾਂ ਫੇਰਦੇ ਥੱਕੇ ਰਣਬੀਰ ਨੂੰ ਪਤਾ ਹੀ ਨਾ ਲੱਗਿਆ ਕਦੋਂ ਨੀਂਦ ਦੀ ਝਪਕੀ ਆ ਗਈ ਸੀ। ਬਚਿੰਤ ਕੌਰ ਨੇ ਆ ਕੇ ਸੁੱਤੇ ਰਣਬੀਰ ਨੂੰ ਵੇਖਿਆ ਤਾਂ ਬੱਚਿਆਂ ਨੂੰ ਇਸ਼ਾਰੇ ਨਾਲ ਉਠਾ ਕੇ ਪਰੇ ਭੇਜ ਦਿੱਤਾ। ਉਹ ਚੰਦ ਦੀ ਲੋਅ ਵਿਚ ਰਣਬੀਰ ਦੇ ਸਭ ਫਿਕਰਾਂ ਤੋਂ ਦੂਰ ਅਤੇ ਭਾਰ-ਮੁਕਤ ਚਿਹਰੇ ਨੂੰ ਕਿੰਨਾ ਚਿਰ ਨਿਹਾਰਦੀ ਰਹੀ।

"ਨਾ ਬਾਈ ਨਾ ਉਤੇ ਹੋਰ ਭਾਰ ਨਾ ਪਾਓ, ਪਾਸੀਂ ਲਾ ਦਿਓ ਬਾਕੀ ਦੀਆਂ ਭਾਰੀਆਂ ਮੁੱਢੀਆਂ" ਚਿਖਾ ਦੀਆਂ ਲੱਕੜਾਂ ਚਿਣ ਰਹੇ ਲੋਕਾਂ ਨੂੰ ਕਰਮ ਸਿੰਘ ਨੇ ਸਮਝਾਇਆ। ਫੁੱਲੀਆਂ ਲਾਸ਼ਾਂ ਉਤੇ ਭਾਰ ਵਧਣ ਨਾਲ ਸ਼ਾਇਦ ਕੋਈ ਦੇਹ ਫਟ ਗਈ ਸੀ। ਹਰੇ ਅਤੇ ਪੀਲੇ ਰੰਗ ਦਾ ਗਾੜ੍ਹਾ ਮੁਆਦ ਨਿਕਲ ਕੇ ਲੱਕੜਾਂ ਉਤੋਂ ਦੀ ਵਗਣ ਲੱਗ ਪਿਆ ਸੀ। ਬਦਬੋ ਦੇ ਤਿੱਖੇ ਭੰਬੂਕੇ ਨਾਲ ਸਭ ਦੇ ਨੱਕ ਵਿਚ ਜਲੂਣ ਜਿਹੀ ਛਿੜ ਪਈ ਅਤੇ ਮਨ ਮਤਲਾਉਣ ਲੱਗ ਪਿਆ। "ਐਨਾ ਚਿਰ ਜ਼ਹਿਰ ਵਾਲੀ ਲਾਸ਼ ਕਿੱਥੇ ਕਟਦੀ ਐ, ਸਮਾਂ ਵੀ ਪੁੱਜ ਕੇ ਜ਼ਿਆਦਾ ਹੋ ਗਿਐ।" ਲੱਕੜਾਂ ਚਿਣਵਾ ਰਹੇ ਸੱਜਣ ਚੌਕੀਦਾਰ ਨੇ ਫੂਸ ਸਿੱਟ ਕੇ ਮੁਆਦ ਢਕ ਦਿੱਤਾ।

ਜਵਾਬੀ ਚਿੱਠੀਆਂ ਲਈ ਸਲੂਜੇ ਵੱਲੋਂ ਦੱਸੇ ਵਕਤ ਤੋਂ ਜ਼ਿਆਦਾ ਸਮਾਂ ਲੰਘਣ ਨਾਲ ਰਣਬੀਰ ਫੇਰ ਬੇਚੈਨ ਰਹਿਣ ਲੱਗ ਪਿਆ। ਉਹ ਗਲੀ 'ਚੋਂ ਲੰਘਦੇ ਡਾਕੀਏ ਮਦਨ ਨੂੰ ਰੋਕ ਕੇ ਪੁਛਦਾ, "ਪੰਡਤਾ ਸਾਡੀ ਵੀ ਐ ਕੋਈ?"

"ਨਾ ਬਈ, ਐਧਰਲੇ ਅਗਵਾੜਾਂ 'ਚੋਂ ਤਾਂ ਅੱਜ 'ਕੱਲਾ ਫੌਜੀਆਂ ਦਾ ਮਨੀਆਡਰ ਸੀ ਬੱਸ। ਕਿਵੇਂ ਕੋਈ ਪਾਰਸਲ-ਪੁਰਸਲ ਆਉਣਾ ਸੀ?" ਮਦਨ ਨੇ ਖਚਰੀ ਤੱਕਣੀ ਨਾਲ ਇਉਂ ਵੇਖਿਆ ਜਿਵੇਂ ਕਹਿ ਰਿਹਾ ਹੋਵੇ, "ਚਿੱਠੀ ਤਾਂ ਤੇਰੇ ਪਿਓ-ਦਾਦੇ ਦੀ ਨੀ ਆਉਂਦੀ ਸੁਣੀ-ਵੇਖੀ ਕਦੇ, ਤੈਨੂੰ ਕਿਹੜੀ ਚੀਨ ਦੀ ਨੌਕਰੀ ਲਈ ਪੈਨਸ਼ਨ ਆਉਣੀ ਐਂ।"

ਰਣਬੀਰ ਉਸ ਦੀ ਰਮਜ਼ ਤਾਂ ਭਾਂਪ ਗਿਆ ਪਰ ਬੋਲਣ ਦੀ ਥਾਂ ਮਨੋ-ਮਨੀ ਕਿਹਾ, "ਫੋਸ ਨਾਸਿਆ ਜਿਹਾ ਬਾਹਮਣਾ, ਤੇਰਾ ਵੀ ਕਰਨਾ ਪਊ ਇਲਾਜ ਸਲੂਜੇ ਨੂੰ ਕਹਿ ਕੇ।"

ਦੁਖੀ ਮਨ ਨਾਲ ਰਣਬੀਰ ਮੰਜਾ ਡੇਕ ਥੱਲੇ ਖਿੱਚ ਕੇ ਪੈ ਗਿਆ। ਅਜੇ ਅੱਖ ਲੱਗੀ ਹੀ ਸੀ ਕਿ ਜੀਪ ਦਾ ਕੰਨ ਪਾੜਵਾਂ ਹਾਰਨ ਸੁਣਿਆਂ। ਬਿਲਕੁਲ ਸਰਾਹਣੇ ਕੋਲੇ ਆ ਖੜ੍ਹੀ ਸਰਕਾਰੀ ਜੀਪ ਵਿਚੋਂ ਚਾਰ ਬੰਦੇ ਨਿਕਲੇ। ਰਣਬੀਰ ਨੇ ਸਿਰਫ ਆਪਣੇ ਪਿੰਡ ਦੇ ਸਰਪੰਚ ਗੁਰਮੁਖ ਸਿੰਘ ਅਤੇ ਕਦੇ ਆੜ੍ਹਤੀਏ ਰਹੇ ਜਗਨ ਨਾਥ ਨੂੰ ਹੀ ਪਛਾਣਿਆਂ। ਉਨ੍ਹਾਂ ਦੇ ਪਿੱਛੇ ਇਕ ਚੰਗੀ ਭਾਰੀ ਗੋਗੜ ਵਾਲਾ ਰੋਹਬਦਾਰ ਅਫ਼ਸਰ ਜਾਪਦਾ ਸਰਦਾਰ ਅਤੇ ਇਕ ਘਸਿਆ ਜਿਹਾ ਬੰਦਾ ਸੀ ਜਿਸਨੇ ਅੱਧੋਰਾਣੀ ਪੈਂਟ-ਕਮੀਜ਼ ਪਾਈ ਹੋਈ ਸੀ। ਕਈ ਦਿਨਾਂ ਤੋਂ ਸ਼ੇਵ ਨਾ ਕੀਤੀ ਹੋਣ ਕਰਕੇ ਉਸਦਾ ਮੂੰਹ ਕੀੜੀਆਂ ਦਾ ਭੌਣ ਜਾਪਦਾ ਸੀ। ਰਣਬੀਰ ਨੇ ਧਿਆਨ ਨਾਲ ਪਛਾਣਿਆਂ ਤਾਂ ਉਹੀ ਵਾਟਰ ਸਪਲਾਈ ਵਿਭਾਗ ਵਾਲਾ ਕਲਰਕ ਨਿਕਲਿਆ।

"ਸਰਦਾਰ ਰਣਬੀਰ ਸਿੰਘ ਜੀ ਕੁਸ਼ ਰਹਿਮ ਕਰੋ ਗਰੀਬ 'ਤੇ। ਵੇਖੋ ਸੋਡੀ ਅਰਜ਼ੀ ਨੇ ਕੀ ਬੁਰੀ



ਹਾਲਤ ਕੀਤੀ ਪਈ ਐ ਵਿਚਾਰੇ ਦੀ। ਬਾਲ-ਬੱਚੇਦਾਰ ਐ, ਹੁਣ ਮਾਫ਼ੀ ਦਿਓ ਤੇ ਹੋਰ ਖਿੱਚ-ਧੂਹ ਨਾ ਕਰਾਓ" ਜਗਨ ਨਾਥ ਨੇ ਕਲਰਕ ਨੂੰ ਧੌਣੋਂ ਫੜ ਕੇ ਰਣਬੀ . ਦੇ ਪੈਰਾਂ ਵੱਲ ਕੀਤਾ। ਕਲਰਕ ਪੈਰਾਂ ਤੇ ਸਿਰ ਰੱਖ ਕੇ ਡੁਸਕਣ ਲੱਗ ਪਿਆ।

"ਆਹ ਵੇਖ ਲੈ ਭਾਈ ਐਸ. ਡੀ. ਓ. ਸਾਹਿਬ ਆਪ ਚੱਲ ਕੇ ਆਏ ਐ। ਤੂੰ ਹੁਕਮ ਕਰ ਟੂਟੀ ਲਾਉਣੀ ਕਿੱਥੇ ਐ? ਪਰ ਆਵਦੀ ਸ਼ਿਕਾਇਤ ਵਾਪਸ ਲੈ ਲਾ। ਉਤੋਂ ਮੁੱਖ ਮੰਤਰੀ ਸਾਹਿਬ ਏਨ੍ਹਾਂ ਦੀ ਹੱਥ-ਦੱਬ ਕਰਦੇ ਐ। ਭਰਾਵਾ ਹੁਣ ਸਾਡੀ ਸਾਰਿਆਂ ਦੀ ਇੱਜ਼ਤ ਤਾਂ ਤੇਰੇ ਹੱਥ ਐ, ਮਾਰ ਭਾਵੇਂ ਛੱਡ।" ਸਰਪੰਚ ਗੁਰਮੁਖ ਸਿੰਘ ਨੇ ਹੱਥ ਜੋੜ ਕੇ ਭੀਖ ਮੰਗਣ ਵਾਲਿਆਂ ਵਾਂਗ ਤਰਲਾ ਕੀਤਾ।

ਸਾਰਿਆਂ ਦੇ ਮੂੰਹ ਉਤਰੇ ਵੇਖ ਕੇ ਰਣਬੀਰ ਦੇ ਚਿਹਰੇ ਉਤੇ ਅਕਬਰੀ-ਮੁਸਕਾਨ ਫ਼ੈਲ ਗਈ। ਪਰ ਉਸ ਨੇ ਆਪਣੇ ਪਸੀਜ ਗਏ ਮਨ ਨੂੰ ਕਰੜਾ ਕਰ ਕੇ ਕਿਹਾ, "ਚਲੋ ਰਸਤਾ ਰਗੜੋ ਆਵਦਾ ਹੁਣ, ਏਹ ਪਹਿਲਾਂ ਸੋਚਣਾ ਸੀ। ਮੈਂ ਤਾਂ ਹੁਣ ਘੀਸੀਆਂ ਕਰਾ ਕੇ ਈ ਹਟੂੰ। ਸਮਝੇ?" ਰਣਬੀਰ ਉਨ੍ਹਾਂ ਤੋਂ ਬਾਹਾਂ ਛੁਡਾ ਕੇ ਪਰੇ ਨੂੰ ਤੁਰਨ ਲੱਗਿਆ, "ਛੱਡੋ ....ਛੱਡੋ....ਬੱਸ ਬਾਂਹ ਛੱਡੋ ਮੇਰੀ...ਮੈਂ..."

"ਕੀਹਦੇ ਨਾਲ ਲੜੀ ਜਾਨੈਂ ਸੁੱਤਾ ਪਿਆ ਵੀ ?" ਬਚਿੰਤ ਕੌਰ ਰਣਬੀਰ ਦੀ ਬਾਂਹ ਫੜ ਕੇ ਜ਼ੋਰ ਦੀ ਹਲੂਣਦਿਆਂ ਬੋਲੀ, "ਆਹ ਚਿੱਠੀ ਫੜਾ ਕੇ ਗਿਐ ਡਾਕੀਆ।"

ਭਬੰਤਰ ਕੇ ਉਠ ਬੈਠੇ ਰਣਬੀਰ ਨੇ ਸਰਕਾਰੀ ਟਿਕਟਾਂ ਵਾਲੀ, ਪੰਜਾਬੀ 'ਚ ਲਿਖੀ ਚਿੱਠੀ ਦਾ ਅੱਖਰ ਅੱਖਰ ਧਿਆਨ ਨਾਲ ਪੜ੍ਹਿਆ। ਉਸ ਦੀ ਸ਼ਿਕਾਇਤ ਉਤੇ ਬੈਠਾਈ ਇਨਕੁਆਰੀ ਕਮੇਟੀ ਨੇ ਕਲਰਕ ਅਤੇ ਸਰਪੰਚ ਵੱਲੋਂ ਰਲ ਕੇ ਪੈਸੇ ਖਾਣ ਵਾਲੇ ਦੋਸ਼ਾਂ ਦੇ ਸਬੂਤ ਵਜੋਂ ਕੁਝ ਠੋਸ ਦਸਤਾਵੇਜ਼ ਪੇਸ਼ ਕਰਨ ਲਈ ਕਿਹਾ ਸੀ। ਚਿੱਠੀ ਪੜ੍ਹਕੇ ਰਣਬੀਰ ਦਾ ਚਿੱਤ ਖਿੜ ਗਿਆ। ਉਸਨੂੰ ਹੁਣੇ ਹੁਣੇ ਆਇਆ ਸੁਪਨਾ ਸੱਚ ਹੁੰਦਾ ਲੱਗਿਆ। ਅਗਲੇ ਦਿਨ ਹੀ ਉਹ ਚਿੱਠੀ ਸਲੂਜੇ ਕੋਲ ਲੈ ਗਿਆ। ਸਲੂਜੇ ਨੇ ਪੂਰੀ ਰੁਚੀ ਨਾਲ ਇਕ ਹੋਰ ਅਸ਼ਟਾਮ ਤਿਆਰ ਕੀਤਾ। ਵਾਟਰ ਸਪਲਾਈ ਵਿਭਾਗ ਦੇ ਦਫ਼ਤਰ 'ਚੋਂ ਇਕ ਕਲਰਕ ਗੰਢ ਕੇ ਉਨ੍ਹਾਂ ਫਾਈਲਾਂ ਦੀਆਂ ਨਕਲਾਂ ਪ੍ਰਾਪਤ ਕੀਤੀਆਂ ਜਿਹੜੀਆਂ "ਬੈਕ ਡੇਟ" 'ਚ ਦਰਜ ਕਰਕੇ ਕੁਨੈਕਸ਼ਨ ਦਿੱਤੇ ਗਏ ਸਨ। ਸਲੂਜਾ ਰਣਬੀਰ ਨੂੰ ਪਿੰਡੋਂ ਜੋ ਵੀ ਲਿਆਉਣ ਲਈ ਆਖਦਾ ਉਹ ਝੱਟ ਹਾਜ਼ਰ ਜਾ ਕਰਦਾ। ਇਸ ਕੰਮ ਵਿਚ ਰਣਬੀਰ ਏਨਾ ਰੁੱਝ ਗਿਆ ਕਿ ਸਿਰ ਖੁਰਕਣ ਦੀ ਵਿਹਲ ਨਾ ਰ ੀ। ਵੰਨ-ਸੁਵੰਨੇ ਕਾਗਜ਼ ਸਾਂਭਣ ਲਈ ਰਣਬੀਰ ਨੇ ਕਈ ਜੇਬਾਂ ਵਾਲਾ ਰੈਕਸੀਨ ਦਾ ਥੈਲਾ ਲੈ ਲਿਆ । ਜਿਸ ਦਿਨ ਉਸਦਾ ਸ਼ਹਿਰ ਵੱਲੋਂ ਨਾਗਾ ਵੱਜ ਜਾਂਦਾ ਉਸ ਦਿਨ ਘਰੇ ਹੀ ਕਾਗਜ਼ਾਂ-ਪੱਤਰਾਂ ਨੂੰ ਤਰਤੀਬ 'ਚ ਲਾਉਂਦਿਆਂ ਕਨੂੰਨੀ ਲੜਾਈ ਦੇ ਜੰਗਲ 'ਚ ਭਟਕਦਿਆਂ ਵਕਤ ਲੰਘ ਜਾਂਦਾ।

ਪੂਰੇ ਹਫ਼ਤੇ ਪਿੱਛੋਂ ਜਦ ਫਾਈਲ ਤੋਰ ਕੇ ਸੁਰਖਰੂ ਹੋਇਆ ਰਣਬੀਰ ਅੱਡੇ ਵੱਲ ਤੁਰਨ ਲੱਗਿਆ ਤਾਂ ਸਲੂਜੇ ਨੇ ਮਲਵੀਂ ਜੀਭ ਨਾਲ ਫੀਸ ਦਾ ਵੇਰਵਾ ਪਾ ਦਿੱਤਾ।

"ਸਲੂਜਾ ਸਾਹਬ, ਆਹ ਫਾਈਲ ਬਣਾਉਣ 'ਤੇ ਈ ਵਾਹਵਾ ਖਰਚ ਆ ਗਿਆ, ਹੁਣ ਥੋਨੂੰ ਤਾਂ ਅਟਕ ਕੇ ਦੇਊਂਗਾ" ਰਣਬੀਰ ਨੇ ਵਧੀ ਲਿਹਾਜ਼ ਦੇ ਮਾਣ ਨਾਲ ਕਿਹਾ।

"ਓਹੋ, ਸਰਦਾਰ ਜੀ ਸਲੂਜੇ ਦੇ ਹੁੰਦੇ ਤੁਸੀਂ ਐਹੋ ਜਿਹੀਆਂ ਕੱਚੀਆਂ ਗੱਲਾਂ ਕਿਉਂ ਕਰਨ ਲੱਗ ਪਏ। ਜੇ ਤੰਗੀ-ਫੰਗੀ ਐ ਤਾਂ ਆਪਾਂ ਲੋਨ ਕਰਵਾ ਲੈ ਨੇ ਆਂ। ਤੁਸੀਂ ਜਮ੍ਹਾਂਬੰਦੀ ਲਿਆਓ ਕੱਲ੍ਹ। ਜ਼ਮੀਨ ਪੱਧਰ ਦਾ ਕੇਸ ਕਰਵਾ ਦਿੰਨੇ ਆਂ" ਚੁਟਕੀ ਮਾਰ ਕੇ ਸਲੂਜੇ ਨੇ ਨਵਾਂ ਰਾਹ ਖੋਲ੍ਹ ਦਿੱਤਾ।

"ਸਲੂਜਾ ਸਾਹਬ ਜ਼ਮੀਨ ਤਾਂ ਆਪਣੀ ਪਹਿਲਾਂ ਈ ਪੱਧਰ ਐ।" ਰਣਬੀਰ ਨੇ ਤੌਖ਼ਲਾ ਜ਼ਾਹਰ ਕੀਤਾ।

"ਓ ਭੋਲੇ ਪਾਤਸ਼ਾਹੋ ਜਦੋਂ ਸਲੂਜਾ ਵਿਚ ਐ ਤਾਂ ਜ਼ਮੀਨ ਮੋਇਆਂ ਨੇ ਜਾ ਕੇ ਵੇਖਣੀ ਐਂ? ਅਫ਼ਸਰਾਂ ਦਾ ਹਿੱਸਾ-ਪੱਤੀ ਖਰਾ ਤੇ ਆਪਣਾ ਲੋਨ ਖਰਾ। ਆਪਣੇ ਕੋਲ ਬੜੇ ਜਾਦੂ ਐ ਮੇਰੇ ਵੀਰ। ਆਪਾਂ ਤਾਂ ਦਿੱਲੀ ਦਾ ਲਾਲ ਕਿਲਾ ਤੇਰੇ ਨਾਂ ਕਰਵਾ ਦੀਏ ਵੱਡੇ ਭਾਈ।" ਸਲੂਜੇ ਨੇ ਪਲ ਵਿਚ ਰਣਬੀਰ ਦੇ ਸਭ ਦੁੱਖ ਨਵਿਰਤ ਕਰ ਦਿੱਤੇ।

ਹੁਣ ਰਣਬੀਰ ਲਈ ਸਲੂਜਾ ਤਾਂ ਜਿਵੇਂ ਅਲਾਦੀਨ ਦਾ ਚਿਰਾਗ ਸੀ। ਉਹ ਹੁਕਮ ਕਰਦਾ ਤੇ ਸਲੂਜਾ ਲੋਨ ਹਾਜ਼ਰ ਕਰ ਦਿੰਦਾ। ਦੋ ਸਾਲਾਂ ਵਿਚ ਹੀ ਰਣਬੀਰ ਦੇ ਵਾਰੇ-ਨਿਆਰੇ ਹੋ ਗਏ ਸਨ। ਉਸ ਨੇ ਤਿੰਨ ਕਮਰਿਆਂ ਵਾਲਾ ਪੱਕਾ ਮਕਾਨ ਬਿਲਕੁਲ ਫੌਜੀਆਂ ਦੇ ਘਰ ਦੇ ਨਕਸ਼ੇ ਅਨੁਸਾਰ ਬਣਾ ਲਿਆ ਸੀ। ਦੋ ਕਮਰਿਆਂ ਦੇ ਵਿਚਕਾਰ ਸਾਂਝਾ ਬਾਥਰੂਮ ਅਤੇ ਉਸ ਦੇ ਵਿਚੇ ਹੀ ਫਲੱਸ਼ ਸਿਸਟਮ। ਤੀਜੇ ਕਮਰੇ ਨਾਲ ਲਗਦੀ ਹਵਾਹਾਰੀ ਗੈਲਰੀ। ਕਮਰੇ ਦੀ ਓਟ ਵਿਚ ਰਸੋਈ ਅਤੇ ਚੌਂਕੇ ਨੂੰ ਕੰਧੋਲੀ ਦਾ ਓਹਲਾ। ਮਿਸਤਰੀ ਨੇ ਮੱਲੋਜੋਰੀ ਚਿਪਸ ਦੀਆਂ ਵਧੀਆਂ ਹੋਈਆਂ ਕੰਕਰਾਂ ਨਾਲ ਕੰਧੋਲੀ ਦੇ ਬਾਹਰਲੇ ਪਾਸੇ ਚੁੰਝ 'ਚ ਚੁੰਝ ਫਸਾਕੇ ਕਲੋਲ ਕਰਦੇ ਮੋਰ ਅਤੇ ਮੋਰਨੀ ਬਣਾ ਦਿੱਤੇ ਸਨ ਜਿਹੜੇ ਫਿਰਨੀ 'ਚੋਂ ਲੰਘਣ ਵਾਲਿਆਂ ਦਾ ਧਿਆਨ ਖਿੱਚ ਲੈਂਦੇ। ਨਵੇਂ ਘਰ ਦੇ ਅਨੁਸਾਰ ਹੀ ਸਲੂਜੇ ਨੇ ਆਪਣੀ ਜ਼ਾਮਨੀ ਦੇ ਕੇ ਫਰਿੱਜ, ਬਲੈਕ ਐਂਡ ਵਾਈਟ ਟੀ. ਵੀ. ਅਤੇ ਛੋਟਾ ਕੂਲਰ ਵੀ ਉਧਾਰ ਚੁਕਵਾ ਦਿੱਤੇ ਸਨ। ਘਰੇਲੂ ਸਾਂਝ ਵਧਣ ਅਤੇ ਧਰਮ ਦਾ ਭਰਾ ਬਣਨ ਤੋਂ ਬਾਅਦ ਤਾਂ ਸਲੂਜਾ ਅਨੇਕਾਂ ਫੈਸਲੇ ਆਪ ਹੀ ਕਰ ਲੈਂਦਾ ਅਤੇ ਧੱਕੇ ਨਾਲ ਮੰਨਵਾ ਵੀ ਲੈਂਦਾ। ਬੱਚਿਆਂ ਨੂੰ ਪਿੰਡ ਦੇ ਸਕੂਲ ਵਿਚੋਂ ਹਟਾ ਕੇ ਸ਼ਹਿਰ ਅੰਗਰੇਜ਼ੀ ਸਕੂਲ ਵਿਚ ਲਾਉਣ ਦਾ ਫੈਸਲਾ ਵੀ ਸਲੂਜੇ ਦਾ ਹੀ ਸੀ। ਰਣਬੀਰ ਨੇ ਪਹਿਲਾਂ ਨਾਂਹ-ਨੁੱਕਰ ਕੀਤੀ ਪਰ ਬਾਅਦ ਵਿਚ ਜਦ ਬੱਚਿਆਂ ਨੂੰ ਜੋਗਿੰਦਰ ਫੌਜੀ ਦੇ ਨਿਆਣਿਆਂ ਨਾਲ ਵੈਨ ਵਿਚ ਬੈਠ ਕੇ ਸਕੂਲ ਜਾਂਦੇ ਵੇਖਦਾ ਤਾਂ ਉਸ ਦਾ ਸੇਰ ਖ਼ੂਨ ਵਧ ਜਾਂਦਾ। ਪਰ ਬਚਿੰਤ ਕੁਰ ਦਾ ਕਲੇਸ਼ ਦੋ ਸੇਰ ਖ਼ੂਨ ਸੁਕਾ ਦਿੰਦਾ। ਹਰ ਨਵੇਂ ਫੈਸਲੇ ਸਮੇਂ ਉਹ ਜ਼ਰੂਰ ਵਿਰੋਧ ਕਰਦੀ।

"ਆਹ ਕੀ ਲੱਛਣ ਫੜ ਲੇ ਤੂੰ, ਐਂ ਤਾਂ ਅਹਿਲਕਾਰਾਂ ਦੇ ਪੁੱਤਾਂ ਦਾ ਪੂਰਾ ਨੀ ਪੈਂਦਾ। ਨਿੱਤ ਸ਼ਹਿਰ ਗਿਆ ਕੋਈ ਨਵੀਂ ਚੀਜ਼ ਚੱਕੀ ਆਉਨੈਂ, ਐਨੇ ਤਾਂ ਸਿਰ 'ਤੇ ਵਾਲ ਨੀ ਹੋਣੇ ਜਿੰਨੇ ਤੂੰ ਪੈਸੇ ਸਿਰ ਕਰਾਈ ਬੈਠੈ। ਦੱਸ ਐਂ ਕਿਵੇਂ ਨਿਰਬਾਹ ਹੋਊ ਆਪਣਾ?" ਬਚਿੰਤ ਕੌਰ ਖਿਝ-ਖਪ ਕੇ ਸਿਰ ਫੜ ਕੇ ਬੈਠ ਜਾਂਦੀ ਪਰ ਰਣਬੀਰ ਸਭ ਕੁਝ ਸੁਣਦਾ ਮਿੰਨ੍ਹਾ ਮਿੰਨ੍ਹਾ ਮੁਸਕਰਾਉਂਦਾ ਰਹਿੰਦਾ। ਉਸ ਦੀ ਇਹ ਮੁਸਕਰਾਹਟ ਉਸ ਵੇਲੇ ਹੋਰ ਵੀ ਖਿੜ ਜਾਂਦੀ ਜਦੋਂ ਕਿਤੇ ਉਹ ਸ਼ਾਮ ਨੂੰ ਵਿਸਕੀ ਵਾਲੇ ਗਲਾਸ ਵਿਚ ਬਰਫ਼ ਦੇ ਪੀਸ ਪਾ ਕੇ ਚੁਸਕੀਆਂ ਭਰ ਰਿਹਾ ਹੁੰਦਾ ਤੇ ਬਰਫ਼ ਮੰਗਣ ਆਈ ਹਰ ਕੁਰ ਵਾਸਤਾ ਜਿਹਾ ਪਾਉਂਦੀ ਆਖਦੀ, "ਵੇ ਪੁੱਤ ਤੇਰੇ ਕਿੱਥੋਂ ਆ ਗਈ ਗਿੱਦੜਸਿੰਗੀ ਹੱਥ? ਸੁਖ ਨਾਲ ਘਰ ਦਾ ਮੂੰਹ ਮੱਥਾ ਈ ਬਦਲਤਾ। ਸਾਡੇ ਲੋਲ੍ਹਿਆਂ ਨੂੰ ਵੀ ਦੇ ਕੋਈ ਸਿੱਖ-ਮੱਤ, ਜੇ ਕਿਤੇ ਸਿੱਧੇ ਰਾਹ ਪੈ ਜਾਣ। ਸਾਰਾ ਦਿਨ ਖੇਤ ਖੱਲ ਪਟਾਉਂਦੇ ਮਛੀਓ-ਮਾਸ ਹੁੰਦੇ ਰਹਿੰਦੇ ਐ ਤੇ ਫੇਰ ਵੀ ਦਸਾਂ ਕਿੱਲਿਆਂ 'ਚੋਂ ਜੁਆਕ ਪਾਲਣੇ ਔਖੇ ਹੋਏ ਪਏ ਐ।"

ਹਰ ਕੁਰ ਦੇ ਇਸ ਕੁਵੇਲੇ ਦੇ ਰਾਗ ਤੋਂ ਬਚਣ ਲਈ ਰਣਬੀਰ ਚੁੱਪ-ਚਾਪ ਅੰਦਰ ਆਪਣੀਆਂ "ਵੋਟਾਂ" ਕੋਲ ਜਾ ਬੈਠਾ। ਦੀਪਾਂ, ਜੀਤਾਂ ਤੇ ਪ੍ਰੀਤੂ ਨੂੰ ਉਹ ਵੋਟਾਂ ਹੀ ਆਖਦਾ ਸੀ। ਕਿਉਂਕਿ ਜਦੋਂ ਕੋਈ ਨਵੀਂ ਚੀਜ਼ ਘਰ 'ਚ ਆਉਣ ਦਾ ਬਚਿੰਤ ਕੌਰ ਵਿਰੋਧ ਕਰ ਰਹੀ ਹੁੰਦੀ ਤੇ ਬੱਚੇ ਰਣਬੀਰ ਪਿੱਛੇ ਹੀ ਆਪਣੀਆਂ ਵੋਟਾਂ ਪਾਉਂਦੇ। ਕੂਲਰ ਚਲਾਈ ਬੈਠੇ ਬੱਚੇ ਟਿਊਬ ਦੀ ਰੋਸ਼ਨੀ ਵਿਚ ਕਾਹਲੀ ਨਾਲ 'ਹੋਮ ਵਰਕ' ਮੁਕਾ ਰਹੇ ਸਨ ਕਿਉਂਕਿ ਟੀ. ਵੀ. ਵਿਚ ਸੀਰੀਅਲ 'ਮੁੰਗੇਰੀ ਲਾਲ ਕੇ ਹੁਸੀਨ ਸੁਪਨੇ'



ਸ਼ੁਰੂ ਹੋਣ ਵਾਲਾ ਸੀ। ਬੱਚਿਆਂ ਨੇ ਉਸ ਦੀਆਂ ਹਸਾਉਣੀਆਂ ਗੱਲਾਂ ਦੱਸ ਦੱਸ ਕੇ ਰਣਬੀਰ ਨੂੰ ਵੀ ਚੇਟਕ ਲਾ ਦਿੱਤੀ ਸੀ।

ਰਣਬੀਰ ਕੁੜਤਾ ਲਾਹ ਕੇ ਕੂਲਰ ਦੇ ਐਨ ਸਾਹਮਣੇ ਬੈਠ ਗਿਆ। ਨਸ਼ੇ ਦੀ ਲੋਰ ਅਤੇ ਠੰਢੀ ਠਾਰ ਹਵਾ ਨਾਲ ਉਸ ਦੇ ਤਨ ਅਤੇ ਮਨ ਵਿਚ ਇਕ ਸੁਆਦ ਦੀ ਤਰੰਗ ਜਿਹੀ ਭਰਨ ਲੱਗੀ।

"ਪਾਪਾ ਤੁਸੀਂ ਤਾਂ ਸਾਰੀ ਹਵਾ ਰੋਕ-ਲੀ" ਬੱਚੇ ਇਕੋ ਅਵਾਜ਼ ਵਿਚ ਕੂਕੇ।

"ਓਟ ਨਾ ਬਣਾਓ ਬਈ ਹਵਾ ਪੈਣ ਦਿਓ ਸਿੱਧੀ। ਹਵਾ ਨਾਲ ਈ ਫੈਲੂ ਅੱਗ ਚਾਰੇ ਪਾਸੇ" ਸੱਜਣ ਚੌਕੀਦਾਰ ਚਿਖਾ ਨੇੜਲੇ ਬੰਦਿਆਂ ਨੂੰ ਪਰੇ ਹਟਾਉਂਦਿਆਂ ਇਕ ਲੰਮੇ ਟੰਬੇ ਨਾਲ ਅੱਗ ਲਈ ਵਿਰਲਾਂ ਬਣਾ ਰਿਹਾ ਸੀ। ਫੂਸ ਦੀ ਅੱਗ ਇਕੋ ਵਾਰੀ ਭੜਕ ਕੇ ਮੱਧਮ ਪੈ ਗਈ ਸੀ ਪਰ ਅਜੇ ਮੋਟੀਆਂ ਲੱਕੜਾਂ ਨੂੰ ਅੱਗ ਪੈ ਨਹੀਂ ਸੀ ਰਹੀ। ਬੰਦਿਆਂ ਦੀ ਓਟ ਹਟਦਿਆਂ ਹੀ ਹਵਾ ਵਿਰਲਾਂ ਵਿਚ ਧੁੱਸ ਦੇ ਕੇ ਵੜ ਗਈ ਅਤੇ ਵਿੰਹਦਿਆਂ-ਵਿੰਹਦਿਆਂ ਹੀ ਲਾਸ਼ਾਂ ਤੱਕ ਪਹੁੰਚ ਗਈ। ਸੇਕ ਦੀ ਮਾਰ ਤੋਂ ਬਚਣ ਲਈ ਲੋਕ ਹੋਰ ਪਿਛਾਂਹ ਨੂੰ ਸਰਕਦੇ ਗਏ। ਬੱਸ ਇਕੱਲਾ ਸੱਜਣ ਹੀ ਹੱਥ 'ਚ ਟੰਬਾ ਘੁੰਮਾਉਂਦਾ ਇਉਂ ਚਿਖਾ ਦੁਆਲੇ ਭਜਦਾ ਰਿਹਾ ਜਿਵੇਂ ਅੱਗ ਨਾਲ ਖੇਡ ਰਿਹਾ ਹੋਵੇ।

ਰਣਬੀਰ ਨੂੰ ਕਰਜ਼ੇ ਦਾ ਸੇਕ ਪਹਿਲੀ ਵਾਰੀ ਉਸ ਦਿਨ ਲੱਗਿਆ ਸੀ ਜਿਸ ਦਿਨ ਮਦਨ ਡਾਕੀਆ ਉਸਦੇ "ਡਿਫਾਲਟਰ" ਹੋਣ ਦੀ ਚਿੱਠੀ ਫੜਾ ਕੇ ਗਿਆ। ਅਗਲੇ ਦਿਨ ਉਹ ਸਲੂਜੇ ਕੋਲ ਗਿਆ ਤਾਂ ਉਸਨੇ ਚੁਟਕੀ ਜਿੰਨੇ ਸਮੇਂ ਵਿਚ ਮਸਲਾ ਹੱਲ ਕਰਦਿਆਂ ਕਿਹਾ, "ਯਾਰ ਘਬਰਾਉਨਾ ਕਿਹੜੀ ਗੱਲੋਂ ਐਂ, ਆਪਾਂ ਅਲਟਾ-ਪਲਟੀ ਕਰਵਾ ਦਿੰਨੇ ਆਂ।" ਸਲੂਜੇ ਨੇ ਸਰਦਾਰ ਜੀ ਦੀ ਥਾਂ ਯਾਰ ਕਹਿ ਕੇ ਰਣਬੀਰ ਨੂੰ ਹੋਰ ਨੇੜੇ ਕਰ ਲਿਆ।

"ਉਹ ਕਿਵੇਂ ?" ਘਬਰਾਹਟ ਕਾਰਨ ਗੱਲ ਰਣਬੀਰ ਦੇ ਪਿੜ-ਪੱਲੇ ਨਾ ਪਈ।

"ਸਿੱਧੀ ਗੱਲ ਐ ਬਈ ਪਹਿਲੇ ਲੋਨ ਦੀਆਂ ਕਿਸ਼ਤਾਂ ਭਰਨ ਲਈ ਦੂਜਾ ਲੋਨ ਲੈ ਕੇ ਖਾਤਾ ਕਲੀਅਰ ਕਰਵਾ ਦਿੰਨੇ ਆਂ।" ਸਲੂਜੇ ਨੇ ਨਵੀਂ ਸਕੀਮ ਦੱਸੀ।

"ਪਰ ਆਪਾਂ ਤਾਂ ਪਹਿਲਾਂ ਈ ਪੰਜੇ ਕਿੱਲਿਆਂ ਦੇ ਨੰਬਰ ਦੇਈ ਬੈਠੇ ਆਂ।" ਰਣਬੀਰ ਨੇ ਥੈਲੇ ਵਿਚੋਂ ਜਮ੍ਹਾਬੰਦੀ ਕੱਢੀ ਜਿਸ ਵਿਚ ਹਰੇਕ ਕਿੱਲਾ ਨੰਬਰ ਉਤੇ ਲਾਲ ਗੋਲਾ ਵਾਹਿਆ ਪਿਆ ਸੀ।

"ਮਕਾਨ ਉਸਾਰੀ ਲਈ ਲੈ ਸਕਦੇ ਆਂ, ਤੂੰ ਘਰ ਦੀ ਰਜਿਸਟਰੀ ਲਿਆ ਬੱਸ" ਕਹਿ ਕੇ ਸਲੂਜੇ ਨੇ ਗੱਲ ਮੁਕਾ ਦਿੱਤੀ ਪਰ ਅਚਾਨਕ ਕੁਝ ਯਾਦ ਆਉਣ ਵਾਂਗ ਉਹ ਬੁੜ੍ਹਕ ਕੇ ਬੋਲਿਆ, "ਉਏ ਯਾਰ ਤੈਨੂੰ ਖੁਸ਼ਖਬਰੀ ਦੇਣੀ ਤਾਂ ਭੁੱਲ ਈ ਗਿਆ"

"ਕੀ ?" ਰਣਬੀਰ ਨੇ ਬੇਚੈਨੀ ਵਿਚ ਕਾਹਲੀ ਨਾਲ ਪੁੱਛਿਆ।

"ਵਾਟਰ ਸਪਲਾਈ ਵਾਲੇ ਕਲਰਕ ਜੀ ਮਹਾਰਾਜ ਸਸਪੈਂਡ, ਚਕਾ-ਤੀ ਛਾਲ," ਸਲੂਜੇ ਨੇ ਖੁਸ਼ੀ ਵਿਚ ਰਣਬੀਰ ਦਾ ਗੁੱਟ ਫੜ ਕੇ ਇਉਂ ਉਤਾਂਹ ਚੁੱਕਿਆ ਜਿਵੇਂ ਰੈਫ਼ਰੀ ਰੈਸਲਿੰਗ ਦੇ ਜੇਤੂ ਪਹਿਲਵਾਨ ਦਾ ਐਲਾਨ ਕਰਨ ਲੱਗਿਆ ਹੋਵੇ। ਪਰ ਰਣਬੀਰ ਨੇ ਕੋਈ ਖਾਸ ਉਤਸ਼ਾਹ ਨਾ ਵਿਖਾਇਆ ਅਤੇ ਚੁੱਪ ਕਰਕੇ ਪਿੰਡ ਵਾਲੀ ਬੱਸ ਫੜਨ ਲਈ ਅੱਡੇ ਵੱਲ ਤੁਰ ਪਿਆ।

ਅਜੇ ਪੰਦਰਾਂ ਦਿਨ ਵੀ ਨਹੀਂ ਸਨ ਲੰਘੇ ਕਿ ਇਕ ਹੋਰ ਬੈਂਕ ਵੱਲੋਂ "ਡਿਫ਼ਾਲਟਰ" ਹੋਣ ਵਾਲਾ ਰੁੱਕਾ ਆ ਗਿਆ। ਤੇ ਫਿਰ ਅਜਿਹੇ ਰੁੱਕਿਆਂ ਦਾ ਤਾਂਤਾ ਹੀ ਬੱਝ ਗਿਆ।

"ਚੱਲ ਆਪਾਂ ਜਗਤਾਰ ਕੋਲ ਚੱਲ ਕੇ ਕਢਦੇ ਆਂ ਕੋਈ ਰਾਹ" ਸਲੂਜੇ ਨੇ ਆਪਣੇ ਕੋਲ ਆਏ ਰਣਬੀਰ ਨੂੰ ਆਪਣੀ ਨਵੀਂ ਨਵੀਂ ਖਰੀਦੀ ਮਰੂਤੀ ਵਿਚ ਨਾਲ ਬਿਠਾ ਲਿਆ।

"ਇਹ ਜਗਤਾਰ ਕੌਣ ਐ ?" ਰਣਬੀਰ ਨੇ ਹੈਰਾਨੀ ਨਾਲ ਪੁੱਛਿਆ।

"ਬੱਸ ਤੇਰੇ ਵਾਂਗੂ ਇਹ ਵੀ ਆੜ੍ਹੀ ਐ ਆਪਣਾ। ਥੇੜ੍ਹੀ ਵਾਲੇ ਸਰਦਾਰਾਂ ਦਾ ਮੁੰਡਾ ਐ। ਆਪਾਂ ਈ ਓਹਨੂੰ ਫਿਨਾਂਸ ਕੰਪਨੀ ਖੋਲ੍ਹ ਕੇ ਦਿੱਤੀ ਐ, ਨਵੀਂ ਨਵੀਂ। ਬੱਸ ਸਮਝ ਆਪਣੇ ਘਰ ਦੀ ਗੱਲ ਈ ਐ। ਹੁਣ ਜਿੰਨਾ ਮਰਜ਼ੀ ਲੋਨ ਚੱਕੀਏ। ਮੈਂ ਤਾਂ ਆਪ ਕੋਠੀ ਸ਼ੁਰੂ ਕਰਨ ਵਾਸਤੇ ਏਸੇ ਤੋਂ ਕੇਸ ਕਰਵਾ ਰਿਹੈਂ।" ਸਲੂਜੇ ਨੇ ਖੋਲ੍ਹ ਕੇ ਦੱਸਿਆ।

"ਏਹਦਾ ਕੀ ਹਿਸਾਬ-ਕਿਤਾਬ ਹੁੰਦੈ ?" ਨਵੀਂ ਸਕੀਮ ਵਿਚ ਰਣਬੀਰ ਨੂੰ ਵੀ ਆਪਣੇ ਸਿਰ ਆ ਪਏ ਮਸਲੇ ਦਾ ਹੱਲ ਦਿਸਿਆ।

"ਘਰ ਦੇ ਬੰਦਿਆਂ ਨਾਲ ਕਾਹਦਾ ਹਿਸਾਬ-ਕਿਤਾਬ ਐ ?, ਉਹਦੀ ਤਸੱਲੀ ਵਾਸਤੇ ਜ਼ਮੀਨ ਦੀ ਰਜਿਸਟਰੀ ਅਤੇ ਪਰਨੋਟ ਭਰ ਕੇ ਜਗਤਾਰ ਦੇ ਮੇਜ਼ ਦੀ ਦਰਾਜ 'ਚ ਰੱਖ ਦਿਆਂਗੇ ਤੇ ਆਵਦੀ ਗਰਜ ਸਾਰਾਂਗੇ। ਹੋਰ ਕੀ।" ਚੁਟਕੀ ਮਾਰ ਕੇ ਸਲੂਜੇ ਨੇ ਜਿਵੇਂ ਅਲਜਬਰੇ ਦਾ ਸਵਾਲ ਰਣਬੀਰ ਨੂੰ ਉਂਗਲਾਂ ਦੇ ਪੋਟਿਆਂ 'ਤੇ ਕੱਢ ਕੇ ਸਮਝਾ ਦਿੱਤਾ।

ਪੰਦਰਾਂ ਦਿਨਾਂ ਵਿਚ ਸਲੂਜੇ ਨੇ ਸਾਰੀ ਕਾਗਜ਼ੀ ਕਾਰਵਾਈ ਪੂਰੀ ਕਰਵਾ ਦਿੱਤੀ ਅਤੇ ਰਣਬੀਰ ਫਾਰਮਾਂ ਉਤੇ ਸਲੂਜੇ ਵੱਲੋਂ ਮਾਰੀ ਸਹੀ ਕੋਲ "ਘੁੱਗੀ ਮਾਰ ਦਿੰਦਾ" ਰਿਹਾ। ਅਲਟਾ ਪਲਟੀ ਦੇ ਧਨੀ ਸਲੂਜੇ ਨੇ ਆਪ ਭੱਜ ਨੱਠ ਕਰਕੇ ਪਹਿਲਾਂ ਬੈਂਕਾਂ ਤੋਂ "ਕਲੀਅਰੈਂਸ ਸਲਿੱਪਾਂ" ਲੈ ਕੇ ਜ਼ਮੀਨ ਦੀਆਂ ਰਜਿਸਟਰੀਆਂ ਮੁੜਵਾਈਆਂ ਅਤੇ ਉਹ ਜਗਤਾਰ ਦੇ ਮੇਜ਼ ਦੀ ਦਰਾਜ਼ ਵਿਚ ਰਖਵਾ ਦਿੱਤੀਆਂ। ਕਾਗਜ਼ਾਂ ਅਨੁਸਾਰ ਹੁਣ ਜ਼ਮੀਨ ਜਗਤਾਰ ਦੀ ਸੀ ਅਤੇ ਰਣਬੀਰ ਨੂੰ ਠੇਕੇ ਉਤੇ ਦਿੱਤੀ ਹੋਈ ਸੀ। ਪਰ ਧਰਮ ਦੇ ਭਰਾ ਹੋਣ ਦੇ ਨਾਤੇ ਸਲੂਜੇ ਨੇ ਇਹ ਪੱਕਾ ਕਰਵਾ ਦਿੱਤਾ ਸੀ ਕਿ ਇਹ ਭੇਤ ਉਨ੍ਹਾਂ ਤਿੰਨਾਂ ਵਿਚ ਹੀ ਰਹੇਗਾ। ਪਿੰਡ ਨੂੰ ਤੁਰਨ ਲੱਗੇ ਰਣਬੀਰ ਦੇ ਮੋਢੇ ਉਤੇ ਹੱਥ ਰੱਖ ਕੇ ਕੁਝ ਭਰੇ ਮਨ ਨਾਲ ਕਿਹਾ, "ਭਰਾਵਾ ਕੁਸ਼ ਚਿਰ ਆਪਾਂ ਨੂੰ ਹੱਥ ਘੁੱਟ ਕੇ ਰੇੜ੍ਹਾ ਰੇੜ੍ਹਨਾ ਪਊ ਹੁਣ। ਮੇਰੀ ਹਾਲਤ ਵੀ ਟੈਟ ਚੱਲ ਰਹੀ ਐ ਕੋਠੀ ਦਾ ਵੱਡਾ ਕੰਮ ਵਿੱਢਣ ਕਰਕੇ। ਜਗਤਾਰ ਵੀ ਕਹਿੰਦੈ ਬਈ ਇਸਤੋਂ ਪਿੱਛੋਂ ਹੋਰ ਗੁੰਜਾਇਸ਼ ਨੀ ਹੋਣੀ ਹੁਣ, ਅੱਛਾ?" ਸਲੂਜੇ ਨੇ ਇਸ ਵਾਰ ਚੁਟਕੀ ਮਾਰਨ ਦੀ ਥਾਂ ਉਂਜ ਹੀ ਅੰਗੂਠਾ ਤੇ ਉਂਗਲ ਆਪਸ ਵਿਚ ਰਗੜੇ। ਰਣਬੀਰ ਅੱਗੋਂ ਕੁਝ ਨਾ ਬੋਲਿਆ ਅਤੇ ਬੱਸ ਅੱਡੇ ਵੱਲ ਤੁਰ ਪਿਆ। ਘਰ ਆ ਕੇ ਸਿੱਧਾ ਅੰਦਰ ਵੜ ਕੇ ਪੈ ਗਿਆ। ਬਚਿੰਤ ਕੌਰ ਭਾਂਪ ਤਾਂ ਗਈ ਕਿ ਕੋਈ ਗੱਲ ਹੈ ਪਰ ਪੁੱਛਣ ਦੀ ਕਾਹਲੀ ਨਾ ਕੀਤੀ। ਰਾਤ ਨੂੰ ਜਦੋਂ ਦੀਪਾਂ ਹੋਰੀ ਸੌਂ ਗਈਆਂ ਤਾਂ ਬਚਿੰਤ ਕੁਰ ਮਲਕੜੇ ਜਿਹੇ ਉਠ ਕੇ ਰਣਬੀਰ ਵਾਲੇ ਕਮਰੇ 'ਚ ਆ ਗਈ। ਉਸ ਨੇ ਸਵਿੱਚ ਦੱਬਿਆ, ਕਮਰਾ ਜ਼ੀਰੋ ਦੇ ਬਲਬ ਦੀ ਘਸਮੈਲੀ ਪੀਲੀ ਰੋਸ਼ਨੀ ਨਾਲ ਭਰ ਗਿਆ। ਰਣਬੀਰ ਇਕ ਟੱਕ ਛੱਤ ਵੱਲ ਵੇਖ ਰਿਹਾ ਸੀ।

"ਸੁੱਤਾ ਨੀ ਅਜੇ, ਅੱਧੀ ਰਾਤ ਹੋਣ ਵਾਲੀ ਐ ?" ਰਣਬੀਰ ਦੇ ਨਾਲ ਆ ਪਈ ਬਚਿੰਤ ਕੌਰ ਨੇ ਧਰਵਾਸੇ ਭਰਿਆ ਹੱਥ ਮੱਥੇ ਉਤੇ ਫੇਰਿਆ। ਪੱਖਾ ਪੂਰਾ ਤੇਜ਼ ਚੱਲ ਰਿਹਾ ਹੋਣ ਦੇ ਬਾਵਜੂਦ ਮੱਥਾ ਪਸੀਨੇ ਨਾਲ ਤਰ ਸੀ।

"ਬੱਸ ਇਕ ਵਾਰੀ ਐਹੋ ਜੀ ਨੀਂਦ ਟੁੱਟੀ ਐ ਮੁੜ ਕੇ ਲੱਗੀ ਨੀ ਅੱਖ।" ਰਣਬੀਰ ਨੇ ਆਪਣੇ ਵੱਲੋਂ ਕੋਈ ਵਿਸ਼ੇਸ਼ ਗੱਲ ਨਾ ਹੋਣ ਦਾ ਪ੍ਰਭਾਵ ਦੇਣਾ ਚਾਹਿਆ।

"ਕੋਈ ਗੱਲ ਐ ?" ਬਚਿੰਤ ਕੌਰ ਦਾ ਹੱਥ ਮੱਥੇ ਤੋਂ ਪਿੱਛੋਂ ਛਾਤੀ ਦੇ ਵਾਲਾਂ 'ਚ ਫਿਰਨ ਲੱਗ ਪਿਆ।

"ਨਹੀਂ, ਨਹੀਂ ਕੁਸ਼ ਨਈਂ, ਊਂਅ ਈ ਸ਼ਹਿਰ ਦੀ ਖਚ-ਖਚ ਨਾਲ ਬੇਅਰਾਮੀ ਜਿਹੀ ਹੋਗੀ ਸੀ।" ਰਣਬੀਰ ਨੇ ਕੋਈ ਭਾਫ਼ ਨਾ ਕੱਢੀ ਅਤੇ ਗੱਲ ਖਤਮ ਕਰਨ ਲਈ ਬਚਿੰਤ ਕੌਰ ਦੇ ਬੁੱਲ੍ਹਾਂ 'ਤੇ



ਬੁੱਲ੍ਹ ਰੱਖ ਲਏ। ਬਚਿੰਤ ਕੌਰ ਦੇ ਅੰਦਰ ਸੇਕ ਜਿਹਾ ਭਰਨ ਲੱਗਿਆ। ਉਸ ਨੇ ਰਣਬੀਰ ਨੂੰ ਖਿੱਚ ਕੇ ਆਪਣੇ ਉਪਰ ਕਰ ਲਿਆ। ਬਿਨਾਂ ਕੋਈ ਉਜਰ ਕੀਤੇ ਉਹ ਕਿੰਨਾ ਸਮਾਂ ਉਵੇਂ ਹੀ ਪਿਆ ਰਿਹਾ।

"ਹੈ-ਨੀ ਕਣ ਜਿਹਾ ਸਰੀਰ 'ਚ ਛੱਡ ਪਰੇ", ਕਹਿੰਦਿਆਂ ਰਣਬੀਰ ਬਰਾਨੀ ਜ਼ਮੀਨ ਦੀ ਢਿੱਗ ਵਾਂਗੂੰ ਬਚਿੰਤ ਕੌਰ ਦੇ ਬਰਾਬਰ ਆ ਡਿੱਗਿਆ।

ਸਵੇਰੇ ਰਣਬੀਰ ਬੱਚਿਆਂ ਦੇ ਸਕੂਲ ਜਾਣ ਤੋਂ ਬਾਅਦ ਤਕ ਪਿਆ ਰਿਹਾ। ਬੂਹੇ 'ਚ ਖੜ੍ਹ ਕੇ ਬੱਚਿਆਂ ਨੂੰ ਵੈਨ 'ਚ ਚੜ੍ਹਦੇ ਵੇਖ ਰਹੀ ਬਚਿੰਤ ਕੌਰ ਇਕ ਮਾੜੀ ਖ਼ਬਰ ਸੁਣ ਆਈ। ਸੂਬੇਦਾਰ ਜੋਗਿੰਦਰ ਸਿੰਘ ਬੰਬ ਦੀ ਮਾਰ ਵਿਚ ਆ ਗਿਆ ਤੇ ਦੁਪਹਿਰ ਤਕ ਲਾਸ਼ ਪਹੁੰਚਣ ਵਾਲੀ ਸੀ। ਇਹ ਸੁਣ ਕੇ ਵੀ ਰਣਬੀਰ ਇਉਂ ਸਹਿਜ ਪਿਆ ਰਿਹਾ ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ। ਹੌਲੀ-ਹੌਲੀ ਉਹ ਉਠਿਆ ਅਤੇ ਚੁੱਪ-ਚਾਪ ਫੌਜੀਆਂ ਦੇ ਘਰ ਵੱਲ ਤੁਰ ਪਿਆ। ਬਚਿੰਤ ਕੌਰ ਦੀਆਂ ਪੁੱਛਾਂ ਤੋਂ ਕੁਝ ਦਿਨ ਬਚਾਉਣ ਵਾਸਤੇ ਜਿਵੇਂ ਕੁਦਰਤ ਨੇ ਸਬੱਬ ਪੈਦਾ ਕਰ ਦਿੱਤਾ ਸੀ।

ਫੌਜੀ-ਟਰੱਕ ਵਿਚੋਂ ਉਤਾਰੇ ਬਕਸੇ ਵਿਚ ਕਹਿੰਦੇ ਸੂਬੇਦਾਰ ਦੀ ਮ੍ਰਿਤਕ ਦੇਹ ਸੀ ਪਰ ਜਦੋਂ ਖੋਹਲਿਆ ਤਾਂ ਵਿਚੋਂ ਤਰੰਗੇ ਝੰਡੇ ਵਿਚ ਬੰਨ੍ਹੀ ਬੋਟੀਆਂ ਦੀ ਢੇਰੀ ਹੀ ਨਿਕਲੀ। ਸਿਰਫ ਧੁਆਂਖੀ ਵਰਦੀ ਦੀ ਜੇਬ ਉਤੇ ਲਟਕਦੇ ਬੈਜ ਨੇ ਹੀ ਦੱਸਿਆ ਸੀ ਕਿ ਇਹ ਲੋਥੜੇ ਹੀ ਸੂਬੇਦਾਰ ਜੋਗਿੰਦਰ ਸਿੰਘ ਹਨ। ਮੂੰਹ ਦਾ ਜਿਹੜਾ ਚੱਪਾ ਕੁ ਥਾਂ ਬਚਿਆ ਸੀ ਉਸ ਉਤੇ ਝੁਲਸੀ ਦਾਹੜੀ ਅਤੇ ਲੂਹੇ ਮਾਸ ਵਿਚਕਾਰ ਇਕ ਅਧਖੁਲ੍ਹੀ ਅੱਖ ਇਉਂ ਪਥਰਾਈ ਪਈ ਸੀ ਜਿਵੇਂ ਪਿੰਡ ਨੂੰ ਆਖਰੀ ਵਾਰ ਵੇਖਣ ਦੀ ਤਾਂਘ ਨਾਲ ਬੰਦ ਹੋਣ ਤੋਂ ਇਨਕਾਰੀ ਹੋ ਗਈ ਹੋਵੇ। ਜੰਗ ਦੇ ਇਸ ਕਰੂਪ ਚਿਹਰੇ ਨੂੰ ਵੇਖ ਕੇ ਰਣਬੀਰ ਦੇ ਅੰਦਰੋਂ ਸੁਭਾਵਕ ਹੀ ਇਹ ਖਿਆਲ ਲੰਘ ਗਿਆ, "ਜੇ ਮੈਂ ਵੀ ਉਦੋਂ ਭਰਤੀ ਹੋ ਜਾਂਦਾ ?" ਉਸਨੂੰ ਬਕਸੇ 'ਚ ਪਏ ਚੀਥੜੇ ਆਪਣੀ ਦੇਹ ਦੇ ਜਾਪੇ। ਮੌਤ ਦੇ ਮੂੰਹ 'ਚ ਬਚ ਜਾਣ ਦੀ ਭਾਵਨਾ ਨੇ ਉਸ ਅੰਦਰ ਹੁਲਾਸ ਭਰ ਦਿੱਤਾ।

ਪਰ ਰਣਬੀਰ ਦਾ ਇਹ ਹੁਲਾਸ ਜੋਗਿੰਦਰ ਦੇ ਸਸਕਾਰ ਅਤੇ ਭੋਗ ਸਮੇਂ ਪਛਤਾਵੇ ਵਿਚ ਬਦਲ ਗਿਆ। ਸਿਵਿਆਂ ਵਿਚ ਐਮ. ਐਲ. ਏ. ਢਿਲੋਂ ਤੋਂ ਇਲਾਵਾ ਡੀ. ਸੀ. ਅਤੇ ਹੋਰ ਅਫ਼ਸਰਾਂ ਦਾ ਤਾਂਤਾ ਬੱਝ ਗਿਆ ਸੀ। ਕਰਨਲ ਸੰਧੂ ਨੇ 'ਚੀਫ਼ ਆਫ਼ ਦਾ ਆਰਮੀ ਸਟਾਫ਼' ਵੱਲੋਂ ਸੂਬੇਦਾਰ ਲਈ 'ਰੀਥ ਸੈਰੇਮਨੀ' ਕੀਤੀ ਸੀ। ਫੌਜੀ ਬੈਂਡ ਦੀ ਸੋਗੀ ਧੁਨ ਨੇ ਬਹਾਦਰ ਸਪੂਤ ਨੂੰ ਆਖਰੀ ਵਿਦਾਇਗੀ ਦਿੱਤੀ ਸੀ। ਜਵਾਨਾਂ ਨੇ ਪੁੱਠੀਆਂ ਬੰਦੂਕਾਂ ਕਰਕੇ ਸ਼ਹੀਦ ਨੂੰ ਸਲਾਮੀ ਪੇਸ਼ ਕੀਤੀ ਸੀ। ਅੱਗ ਦੀ ਛੋਹ ਨਾਲ ਚਿਖਾ 'ਚ ਰੱਖੀ ਚੰਦਨ ਦੀ ਲੱਕੜ ਦੀ ਮਹਿਕ ਚੁਫੇਰੇ ਫੈਲ ਗਈ ਸੀ ਅਤੇ ਚਿਖਾ ਦੀਆਂ ਉਤਾਂਹ ਨੂੰ ਉਠਦੀਆਂ ਲਾਟਾਂ ਨਾਲ ਪਿੰਡ ਦੀ ਇੱਜ਼ਤ ਆਕਾਸ਼ ਤਕ ਬੁਲੰਦ ਹੋ ਗਈ ਸੀ। ਸੂਬੇਦਾਰ ਨੇ ਜਿਵੇਂ ਭਰਤੀ ਤੋਂ ਡਰਦੇ "ਵਾਹਣਾਂ 'ਚੋਂ ਭੱਜਣ ਵਾਲੇ" ਰਣਬੀਰ ਦੇ ਬਾਪੂ ਹੋਰਾਂ ਦੀ ਨਮੋਸ਼ੀ ਧੋ ਦਿੱਤੀ ਸੀ।

ਇਕ ਦੂਜੇ ਤੋਂ ਵਧ ਵਧ ਕੇ ਸ਼ਹੀਦ ਪਰਿਵਾਰ ਲਈ ਐਲਾਨੇ ਗਏ ਸ਼ਹੀਦੀ-ਫੰਡ ਦੇਣ ਦੀ ਰਸਮ ਤੋਂ ਬਾਅਦ ਜਦੋਂ ਸ਼ਰਧਾਂਜਲੀ ਦੇ ਸ਼ਬਦ ਬੋਲਦੇ ਫੌਜੀ ਅਫ਼ਸਰ ਨੇ ਕਿਹਾ ਸੀ, "ਕਾਰਗਿਲ ਦੇ ਉਚੇ ਤੇ ਬਰਫ਼ੀਲੇ ਪਹਾੜ। ਪਹਿਲਾਂ ਹੀ ਘਾਤ ਲਾ ਕੇ ਟੀਸੀ 'ਤੇ ਮੋਰਚੇ ਬਣਾਈ ਬੈਠੇ ਪਾਕਿਸਤਾਨੀ ਸੈਨਿਕ। ਫਿਰ ਵੀ ਭਾਰਤ ਦੀ ਝੋਲੀ ਵਿਚ ਜਿੱਤ ਪਾਉਣ ਵਾਲੇ ਇਹ ਸਾਡੇ ਸੂਰਬੀਰ। ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ। ਇਨ੍ਹਾਂ ਦੀ ਕੁਰਬਾਨੀ ਅੱਗੇ ਇਹ ਫੰਡ ਤਾਂ ਕੁਝ ਵੀ ਨਹੀਂ।" ਤਾਂ ਸੁਣ ਕੇ ਰਣਬੀਰ ਦੇ ਮੱਥੇ ਵਿਚ ਭਰਤੀ ਤੋਂ ਖੁੰਝ ਜਾਣ ਦੀ ਚੀਸ ਇਕ ਵਾਰ ਫੇਰ ਉਠੀ ਸੀ। ਉਸ ਨੂੰ ਲੱਗਿਆ ਜਿਵੇਂ ਜੋਗਿੰਦਰ ਤਾਂ ਮਰ ਕੇ ਵੀ ਉਸ ਤੋਂ ਅਗਲੀ ਕਤਾਰ ਵਿਚ ਖੜ੍ਹਾ ਸੀ ਅਤੇ ਉਹ "ਰੁਪੱਈਏ ਦੇ ਪੰਸੇਰੀ ਅੱਧਗਲੇ ਟਮਾਟਰਾਂ ਦੀ ਢੇਰੀ ਵਿਚ....."

ਘਰ ਵੱਲ ਆਉਂਦੇ ਰਣਬੀਰ ਦੀ ਬੇਚੈਨੀ ਹੋਰ ਵੀ ਵਧ ਗਈ। ਉਹ ਖੁਰਕ ਖਾਧੇ ਕੁੱਤੇ ਵਾਂਗੂੰ ਅੰਦਰ ਹਨੇਰਾ ਕਰ ਕੇ ਪੈ ਗਿਆ। ਬਚਿੰਤ ਕੌਰ ਦੇ ਸਾਹਮਣੇ ਆਉਣ ਨਾਲ ਉਸ ਦਾ ਦਿਲ ਫੜਕ ਵੱਜਣ ਲੱਗ ਪੈਂਦਾ। ਅਖੀਰ ਉਸ ਦਾ ਡਰਦੇ ਦਾ ਡਰ ਮੂਹਰੇ ਆ ਗਿਆ। ਦਸ ਕੁ ਦਿਨਾਂ ਵਿਚ ਬਚਿੰਤ ਕੌਰ ਨੇ ਭੇਤ ਕੱਢ ਹੀ ਲਿਆ। ਪਤਾ ਲਗਦਿਆਂ ਹੀ ਉਸ ਨੇ ਰਣਬੀਰ ਨੂੰ ਆ ਘੇਰਿਆ, "ਸ਼ਾਬਾਸ਼ੇ... ਸ਼ਾਬਾਸ਼ੇ ਮੈਨੂੰ ਲੱਗ ਗਿਆ ਪਤਾ ਤੇਰੀ ਭਦਰਕਾਰੀ ਦਾ। ਮੈਂ ਵੀ ਸੋਚਾਂ ਏਹ ਚੰਗਾ ਭਲਾ ਇਉਂ ਗੁੰਝਲੀ ਮਾਰ ਕੇ ਕਿਉਂ ਪਿਆ ਰਹਿੰਦੈ ? ਮੈਨੂੰ ਕੀ ਪਤਾ ਸੀ ਬਈ ਆਵਦੀ ਕਰਤੂਤ ਤੋਂ ਲੁਕਦਾ ਫਿਰਦੈ। ਬੱਸ ਅਸੀਂ ਰਹਿ-ਗੀਆਂ ਹੁਣ ਮਾਵਾਂ-ਧੀਆਂ। ਸਾਨੂੰ ਵੀ ਧਰਦੇ ਗਹਿਣੇ ਸਲੂਜੇ ਕੋਲ, ਜੇ ਤੇਰਾ ਬੱਬਰ ਭਰਜੇ ਕਿਤੇ। ਹੇ ਸੱਚੇ ਪਾਸ਼ਾਅ ਜੋਗਿੰਦਰ ਦੀ ਥਾਂ ਏਹਨੂੰ ਚੱਕ ਲੈਂਦਾ ਦੋਜ਼ਖ਼ ਜਾਣੇ ਨੂੰ। ਏਦੂੰ ਤਾਂ ਰੰਡ ਕੱਟਣਾ ਸੌਖਾ ਸੀ। ਲੋਕ ਤਾਂ ਮਰ ਕੇ ਵੀ ਜੁਆਕਾਂ ਲਈ ਤਜੌਰੀਆਂ ਭਰਗੇ ਤੇ ਏਸ ਨਪੁੱਤੇ ਦੇ ਨੇ ਨਿਆਣਿਆਂ ਦੇ ਮੂੰਹ 'ਚੋਂ ਚੋਗ ਖੋਹਣ ਲੱਗੇ ਨੇ ਵੀ ਸ਼ਰਮ ਨੀ ਕੀਤੀ।" ਬਚਿੰਤ ਕੌਰ ਗਾਲੀਂ ਉਤਰ ਆਈ। ਰਣਬੀਰ ਨੀਵੀਂ ਪਾਈ ਚੁੱਪ-ਚਾਪ ਸੁਣਦਾ ਰਿਹਾ ਤੇ ਫਿਰ ਏਨਾ ਹੀ ਕਿਹਾ, "ਨਿੱਤ ਵਰੰਟ ਤੇ ਵਰੰਟ ਤੁਰੇ ਆਉਂਦੇ ਸੀ, ਹੋਰ ਪੁਲਸ ਤੋਂ ਖਿੱਚਾਧੂਹੀ ਕਰਾਉਂਦਾ ਟੱਬਰ ਦੀ ?"

"ਇਕ ਵਾਰੀ ਦੀ ਥਾਂ ਸੌ ਵਾਰੀ ਲੈ ਜਾਂਦੀ ਪੁਲਸ। ਏਸ ਕੁੱਤਖਾਨੇ ਨਾਲੋਂ ਤਾਂ ਹਵਾਲਾਟ ਚੰਗੀ ਸੀ। ਆਪੇ ਛੁਡਾਉਂਦਾ ਤੇਰਾ ਸਲੂਜਾ ਜੀਹਦਾ ਸਾਰਾ ਦਿਨ ਨਾਂ ਜਪਦਾ ਨੀ ਸੀ ਥਕਦਾ, ਅਖੇ ਸਲੂਜਾ ਆਂਹਦੇ ਐਂ ਕਰੋ ਸਲੂਜਾ ਆਂਹਦੇ ਔਂ ਕਾਰੋ। ਐਹੋ ਜੀ ਪੁੱਠੀ ਭੰਮਾਲੀ ਦਿੱਤੀ ਭੈਣ ਦੇ ਖਸਮ ਬੁੜੀ ਮੂੰਹੇ ਜੇ ਨੇ ਜਵਾਂ ਮੰਗਤੇ ਬਣਾ ਕੇ ਰੱਖਤੇ, ਮੰਗਤੇ ਨੀ ਤਾਂ ...." ਬਚਿੰਤ ਕੌਰ ਫੇਰ ਭੜਕ ਉਠੀ, "ਲੈ ਰਣਬੀਰ ਬੰਦਿਆ ਤੂੰ ਜੇਹੜੀ ਸਾਡੇ ਨਾਲ ਕੀਤੀ ਐ ਨਾ ਸੁੱਖ ਤੂੰ ਵੀ ਨੀ ਪਾਏਂਗਾ। ਅੱਜ ਤੋਂ ਮੈਂ ਤੇਰੇ ਵੰਨੀਓਂ ਮਰੀ ਤੇ ਤੂੰ ਮੇਰੇ ਵੰਨੀਓਂ।" ਬਚਿੰਤ ਕੌਰ ਨੇ ਦੁਰ ਅਸੀਸਾਂ ਦਿੰਦਿਆਂ ਥੱਲਿਉਂ ਡੱਕਾ ਚੱਕ ਕੇ ਵਿਚਾਲਿਉਂ ਤੋੜਿਆ ਅਤੇ ਪਰੇ ਤੁਰ ਪਈ।

ਰਣਬੀਰ ਸਾਰੀ ਰਾਤ ਉਸਲਵੱਟੇ ਲੈਂਦਾ ਰਿਹਾ। "ਸਾਨੂੰ ਵੀ ਧਰਦੇ ਗਹਿਣੇ ਸਲੂਜੇ ਕੋਲ..." ਬੋਲ ਘੜੀ-ਮੁੜੀ ਉਸ ਦੇ ਦਿਮਾਗ 'ਚੋਂ ਲੰਘ ਜਾਂਦਾ। ਮੁਟਿਆਰਾਂ ਹੋਈਆਂ ਦੀਪਾਂ ਤੇ ਜੀਤਾਂ ਦੇ ਚਿਹਰੇ ਉਸ ਨੂੰ ਸਾਹਮਣੇ ਦਿਸਣ ਲਗਦੇ। ਉਨ੍ਹਾਂ ਦੀ ਚੜ੍ਹਦੀ ਉਮਰ ਨਾਲ ਅੱਖਾਂ 'ਚ ਡੁਲ੍ਹ-ਡੁਲ੍ਹ ਪੈਂਦੀ ਖੁਮਾਰੀ ਉਸ ਨੂੰ ਡਰਾਉਣ ਲਗਦੀ। ਬਚਿੰਤ ਕੌਰ ਵੱਲੋਂ ਤੋੜ ਕੇ ਸਿੱਟਿਆ ਡੱਕਾ ਉਸ ਦੀ ਰੂਹ ਵਿਚ ਛੇਕ ਕਰਦਾ ਲੰਘ ਜਾਂਦਾ। ਉਸ ਨੇ ਜ਼ਮੀਨ ਦੇ ਫੈਸਲੇ ਬਾਰੇ ਜਗਤਾਰ ਹੋਰਾਂ ਨਾਲ ਇਕ ਵਾਰ ਫੇਰ ਗੱਲ ਕਰਨ ਦੀ ਸੋਚੀ ਪਰ ਨਾਲ ਹੀ ਸਲੂਜੇ ਦੇ ਬੋਲ ਸੁਣ, " ...ਹੋਰ ਗੁੰਜਾਇਸ਼ ਨੀ ਹੋਣੀ ....।"

ਸਵੇਰੇ ਉਹ ਪਹਿਲਾਂ ਵਾਂਗ ਹੀ ਸਵਾ ਦਸ ਵਾਲੀ ਬੱਸ ਲਈ ਤਿਆਰ ਹੋ ਗਿਆ। ਜਗਤਾਰ ਫਾਈਨਾਂਸ ਕੰਪਨੀ ਦੇ ਸਾਹਮਣੇ ਜਾਣ ਤਕ ਉਹ ਆਪਣੇ ਫੈਸਲੇ ਉਤੇ ਪੱਕਾ ਰਿਹਾ, ਪਰ ਅੰਦਰ ਜਾਣ ਦੀ ਹਿੰਮਤ ਨਾ ਪਈ। ਉਸਨੇ ਸ਼ੀਸ਼ੇ ਵਿਚੋਂ ਵੇਖਿਆ ਜਗਤਾਰ ਅਤੇ ਸਲੂਜਾ ਆਪਣੇ ਮੂੰਹ-ਧਿਆਨ ਕਿਸੇ ਗੱਲ-ਬਾਤ ਵਿਚ ਮਸਤ ਸਨ। ਰਣਬੀਰ ਅੱਗੇ ਤੁਰ ਪਿਆ। ਦੂਰ ਤਕ ਭੌਂ-ਭੌਂ ਕੇ ਦੁਕਾਨ ਵੱਲ ਵੇਖਦਾ ਰਿਹਾ ਤੇ ਠੇਡਾ ਖਾ ਕੇ ਡਿੱਗ ਪਿਆ। ਉਸ ਦੀ ਅੱਖ ਦੇ ਹੇਠਾਂ ਗੱਲ੍ਹ ਉਚੜਨ ਨਾਲ ਖੂਨ ਸਿੰਮ ਆਇਆ ਪਰ ਉਹ ਰੁਕਿਆ ਨਹੀਂ। ਦੀਪਾਂ ਹੋਰਾਂ ਦੇ ਸਕੂਲ ਅੱਗੋਂ ਲੰਘਦਾ ਉਹ ਬਾਜ਼ਾਰ ਪਾਰ ਕਰਕੇ ਰੇਲਵੇ-ਫਾਟਕ ਤਕ ਪਹੁੰਚ ਗਿਆ। ਸੱਟ ਅਜੇ ਵੀ ਚਸਕ ਰਹੀ ਸੀ। ਉਸਨੇ ਘੜੀ ਵੇਖੀ ਬਾਰਾਂ ਵਾਲੀ ਗੱਡੀ ਦਾ ਵਕਤ ਸੀ। ਉਹ ਫਾਟਕ ਦੇ ਡੰਡੇ ਹੇਠੋਂ ਲੰਘ ਕੇ ਲਾਈਨ ਵਾਲੇ ਪਾਸੇ ਜਾ ਖੜੋਤਾ। ਕਾਲਾ ਧੂਤ ਇੰਜਨ ਵਾਧੂ ਭਾਫ਼ ਦੇ ਫੁੰਕਾਰੇ ਅਤੇ ਗਾੜ੍ਹੇ ਧੂੰਏ ਦੇ ਲੂੰਬੇ ਕਢਦਾ ਜਿੰਨ ਵਾਂਗ ਫਾਟਕ ਵੱਲ ਵਧ ਰਿਹਾ ਸੀ। ਧਰਤੀ ਕੰਬੀ। ਕੜੱਚ ਕੜੱਚ ਦੀ ਕੰਨ ਪਾੜਵੀਂ ਆਵਾਜ਼ ਸਿਰ 'ਚ ਘਣ



ਵਾਂਗ ਵੱਜੀ। ਇੰਜਨ, ਸਵਾਰੀਆਂ ਵਾਲੇ ਡੱਬੇ ਅਤੇ ਅਖੀਰ ਗਾਰਡ ਵਾਲਾ ਡੱਬਾ ਵੀ ਲੰਘ ਗਿਆ। ਦੀਪਾਂ-ਜੀਤਾਂ ਦੇ ਚਿਹਰੇ ਫਿਰ ਉਸ ਦੇ ਅੱਗੇ ਆ ਖੜੋਤੇ ਸਨ। ਫਾਟਕ ਖੁਲ੍ਹਿਆ ਤਾਂ ਹਾਰਨਾਂ ਨੇ ਅਸਮਾਨ ਸਿਰ 'ਤੇ ਚੁੱਕ ਲਿਆ। ਰਣਬੀਰ ਮਣ-ਮਣ ਦੇ ਜਾਪਦੇ ਪੈਰ ਘੜੀਸਦਾ ਸੜਕ ਦੇ ਵਿਚਕਾਰੋਂ ਹਿੱਲਿਆ। ਫੇਰ ਬਾਜ਼ਾਰ ਵੱਲ ਮੁੜ ਪਿਆ। ਚੌਕ ਨੇੜਲੇ ਠੇਕੇ ਤੋਂ ਅਧੀਆ ਫੜ ਕੇ ਨਾਲ ਦੇ ਅਹਾਤੇ 'ਚ ਵੜ ਗਿਆ। ਦੋ ਭਰਵੇਂ ਗਲਾਸ ਪੀਣ ਨਾਲ ਮਨ ਕੁਝ ਟਿਕਾਣੇ ਆਇਆ। ਉਸ ਨੇ ਅੰਦਰੋ-ਅੰਦਰੀ ਇਕ ਹੋਰ ਸਕੀਮ ਸੋਚੀ। ਜਦੋਂ ਮਨ ਉਸ 'ਤੇ ਪੂਰੀ ਤਰ੍ਹਾਂ ਪੱਕਾ ਹੋ ਗਿਆ ਤਾਂ ਉਹ ਪੰਸਾਰੀ ਦੀ ਦੁਕਾਨ ਵੱਲ ਤੁਰ ਪਿਆ।

ਉਹ ਘਰ ਪਹੁੰਚਿਆ ਤਾਂ ਸੂਰਜ ਹਰ ਕੁਰ ਕੀ ਕਿੱਕਰ 'ਚੋਂ ਚੱਪਾ ਕੁ ਦਿਸਦਾ ਆਖਰੀ ਸਾਹਾਂ 'ਤੇ ਸੀ। ਰਣਬੀਰ ਨੇ ਵੇਖਿਆ ਬੱਚੇ ਟੀ. ਵੀ. ਅੱਗੇ ਬੈਠੇ ਕੋਈ ਫ਼ਿਲਮ ਵੇਖ ਰਹੇ ਸਨ। ਡਿਸ਼ੁੰ-ਡਿਸ਼ੁੰ ਦੀਆਂ ਆਵਾਜ਼ਾਂ ਦੂਰ ਤਕ ਸੁਣਦੀਆਂ ਸਨ। ਬਚਿੰਤ ਕੌਰ ਚੁੱਲ੍ਹੇ ਵਿਚ ਝੋਕਾ ਅਗਾਂਹ ਕਰ ਰਹੀ ਸੀ। ਰਣਬੀਰ ਸਿੱਧਾ ਖਾਲੀ ਕਮਰੇ ਵਿਚ ਜਾ ਬੈਠਾ। ਕੋਈ ਪਾਣੀ ਫੜਾਉਣ ਵੀ ਨਾ ਆਇਆ। ਸ਼ਾਇਦ ਉਸਦੀਆਂ "ਵੋਟਾਂ" ਵੀ ਬਦਲ ਗਈਆਂ ਸਨ। ਉਹ ਆਪ ਹੀ ਉਠਿਆ ਅਤੇ ਚੌਕੇ 'ਚ ਪਏ ਘੜੇ ਵਿਚੋਂ ਪਾਣੀ ਦੀ ਗੜਵੀ ਭਰਨ ਲੱਗ ਪਿਆ। ਉਸ ਨੂੰ ਵੇਖ ਕੇ ਬਚਿੰਤ ਕੌਰ ਜਾਣ ਕੇ ਪਾਸਾ ਵਟਦੀ ਵਿਹੜੇ ਵੱਲ ਤੁਰ ਗਈ। ਮੌਕਾ ਤਾੜ ਕੇ ਰਣਬੀਰ ਨੇ ਪੰਸਾਰੀ ਦੀ ਦੁਕਾਨ ਤੋਂ ਲਿਆਂਦੀ ਪੁੜੀ ਜੇਬ 'ਚੋਂ ਕੱਢੀ ਅਤੇ ਦਾਲ ਵਾਲੇ ਪਤੀਲੇ ਵਿਚ ਝਾੜ ਦਿੱਤੀ। ਮੋਟੀਆਂ ਲੱਕੜਾਂ ਦੀ ਅੱਗ ਨਾਲ ਪਤੀਲੇ ਵਿਚ ਭੁਚਾਲ ਆਇਆ ਪਿਆ ਸੀ। ਰਣਬੀਰ ਨੇ ਅੰਦਰ ਜਾ ਕੇ ਸ਼ਹਿਰੋਂ ਲਿਆਂਦੀ ਬੋਤਲ ਖੋਲ੍ਹੀ। ਇਕ ਭਰਵਾਂ ਪੈੱਗ ਡੀਕ ਲਾ ਕੇ ਪੀ ਲਿਆ ਤੇ ਉਪਰੋਥਲੀ ਇਕ ਹੋਰ ਅੰਦਰ ਸਿੱਟ ਲਿਆ। ਮਿੰਟਾਂ 'ਚ ਹੀ ਨਸ਼ਾ ਵਰੋਲੇ ਵਾਂਗੂੰ ਚੜ੍ਹ ਗਿਆ। ਉਸਦਾ ਮਨ ਕੀਤਾ ਬੱਚਿਆਂ ਨੂੰ ਬੋਲ ਮਾਰੇ। ਅੰਦਰ ਵੈਰਾਗ ਜਾਗਿਆ ਅਤੇ ਅੱਖਾਂ ਥਾਣੀਂ ਡੁੱਲ੍ਹ ਗਿਆ। ਰੋਟੀ ਵਾਲੀ ਥਾਲੀ ਚੁੱਕੀ ਆਉਂਦੀ ਦੀਪਾਂ ਨੂੰ ਵੇਖ ਕੇ ਉਸਨੇ ਅੱਖਾਂ ਪੂੰਝ ਲਈਆਂ ਅਤੇ ਦਿਲ ਤਕੜਾ ਕੀਤਾ। ਦੀਪਾਂ ਕਾਹਲੀ ਨਾਲ ਮੰਜੇ ਦੀ ਪੈਂਦ ਉਤੇ ਥਾਲੀ ਰੱਖ ਕੇ ਮੁੜ ਗਈ ਜਿਵੇਂ ਉਹ ਕੋਈ ਬਿਗਾਨਾ ਅਤੇ ਡਰਾਉਣਾ ਬੰਦਾ ਹੋਵੇ।

ਬੱਚੇ ਟੀ.ਵੀ. ਅੱਗੋਂ ਉਠ ਕੇ ਚੌਂਕੇ ਵਿਚ ਰੋਟੀ ਖਾਣ ਜਾ ਬੈਠੇ। ਬਚਿੰਤ ਕੌਰ ਨੇ ਪਹਿਲੀ ਬੁਰਕੀ ਤੋੜਦਿਆਂ ਜਿਵੇਂ ਜਾਣ ਕੇ ਰਣਬੀਰ ਨੂੰ ਸੁਣਾਉਣ ਲਈ ਹੀ ਕਿਹਾ, "ਹੁਣ ਇਹ ਰੁੱਖੀ-ਮਿੱਸੀ ਖੋਹੀਂ ਸੱਚੇ ਪਾਸ਼ਾਅ....."

"ਸੱਚੇ ਪਾਸ਼ਾਅ ਜੀਓ... ਆਪਣੇ ਸੇਵਕਾਂ ਨੂੰ ਚਰਨਾਂ 'ਚ ਨਿਵਾਸ ਬਖਸ਼ੀ," ਗਿਆਨੀ ਜੀ ਨੇ ਅਰਦਾਸ ਦੇ ਸਮਾਪਤੀ-ਸ਼ਬਦ ਪੜ੍ਹੇ। ਵਾਹਿਗੁਰੂ ਵਾਹਿਗੁਰੂ ਉਚਾਰਦੇ ਸਭ ਨੇੜਲੇ ਨਲਕੇ ਤੋਂ ਹੱਥ ਸੁੱਚੇ ਕਰਨ ਦੀ ਰਸਮ 'ਚ ਰੁੱਝ ਗਏ। ਰਣਬੀਰ ਹੋਰਾਂ ਦੀ ਚਿਖਾ ਦੀ ਅੱਗ ਸਭ ਕੁਝ ਭਸਮ ਕਰਨ ਤੋਂ ਬਾਅਦ ਪੂਰੇ ਜੋਬਨ ਵਿਚ ਕਿਸੇ ਦੈਂਤ ਦੀ ਜੀਭ ਵਾਂਗ ਸੰਧੂਰੀ ਲਪਟਾਂ ਛਡਦੀ ਦਹਿਕ ਰਹੀ ਸੀ। ਕਪਾਲ ਕਿਰਿਆ ਲਈ ਦੋ ਬੰਦਿਆਂ ਨੂੰ ਛੱਡ ਕੇ ਬਾਕੀ ਸਭ ਪਿੰਡ ਵੱਲ ਤੁਰ ਪਏ। ਸਿਰ 'ਤੇ ਆਇਆ ਹਾੜ੍ਹ ਦਾ ਸੂਰਜ ਅੱਗ ਵਰ੍ਹਾ ਰਿਹਾ ਸੀ ਅਤੇ ਉਸ ਤਰ੍ਹਾਂ ਦਾ ਇਕ ਸਾੜਵਾਂ ਭੈਅ ਸਿਆਣੇ ਬੰਦਿਆਂ ਦੇ ਮੱਥਿਆਂ ਅੰਦਰ ਸੁਲਘ ਰਿਹਾ ਸੀ ਕਿ ਪਿੰਡ ਉਤੇ ਆਈ ਕਰੋਪੀ ਦਾ ਅਗਲਾ ਵਾਰ ਕਿਸ ਘਰ ਉਤੇ ਹੋਵੇਗਾ ? ਕਹੀ ਤਾਂ ਭਾਵੇਂ ਕਿਸੇ ਵੀ ਨਹੀਂ ਪਰ ਇਹ ਗੱਲ ਅੰਦਰ ਸਭ ਦੇ ਸੀ ਕਿ ਸੂਬੇਦਾਰ ਜੋਗਿੰਦਰ ਸਿੰਘ ਦੀ ਚਿਖਾ ਵਾਂਗ ਹੀ ਅੱਜ ਰਣਬੀਰ ਹੋਰਾਂ ਦੀ ਚਿਖਾ ਦਾ ਧੂੰਆਂ ਵੀ ਪਿੰਡ ਵੱਲ ਆਉਂਦਾ ਰਿਹਾ ਸੀ। ○○

[ਪੱਤਰ-ਵਿਹਾਰ ਸਿਖਿਆ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-147 002]

# ਮੈਨਾ ਭਾਬੀ

ਸੁਕੀਰਤ

ਭਾਬੀ ਦਾ ਨਾਂਅ ਮੈਨਾ ਗੁਣਰਾਜ ਨੇ ਰੱਖਿਆ ਸੀ।

ਉਂਜ ਉਸ ਦਾ ਨਾਂਅ ਮਨੋਰਮਾ ਸੀ। ਦਿਲਰਾਜ ਵੀਰ ਜੀ ਜਦੋਂ ਉਸ ਨੂੰ ਵਿਆਹ ਕੇ ਲਿਆਏ ਤਾਂ ਮੰਨੋ ਕਹਿ ਕੇ ਸੱਦਦੇ ਸਨ। ਉਸੇ ਨਾਂਅ ਨਾਲ, ਜਿਸ ਨਾਲ ਮਨੋਰਮਾ ਭਾਬੀ ਬਚਪਨ ਤੋਂ ਹੀ ਆਪਣੇ ਘਰ ਵਿਚ ਸਦੀਂਦੀ ਆਈ ਸੀ।

ਗੁਣਰਾਜ ਨੇ ਹੱਸ ਕੇ ਆਖਿਆ, "ਪੰਜਾਬੀ ਵਿਚ ਇਹ 'ਮੰਨੋ' ਨਾਂਅ ਬੜਾ ਅਜੀਬ ਲੱਗਦਾ ਹੈ। ਜਿਵੇਂ ਕੋਈ ਕਿਸੇ ਨੂੰ ਮਨਾ ਰਿਹਾ ਹੋਵੇ। ਮੇਰੀ ਗੱਲ ਮੰਨੋ ਜੀ। ਹੁਣ ਜੇ ਵੀਰ ਜੀ ਨੇ ਤੁਹਾਨੂੰ ਗੱਲੇ ਗੱਲੇ ਮਨਾਉਣਾ ਹੀ ਹੈ ਤਾਂ ਆਖਣ ਪਏ ਮੰਨੋ, ਮੰਨੋ। ਸਾਡੇ ਕੋਲੋਂ ਨਹੀਂ ਇਹੋ ਜਿਹਾ ਨਾਂਅ ਲਿਆ ਜਾਣਾ।"

"ਤੇ ਤੂੰ ਫੇਰ ਮੈਨੂੰ ਮਨੋਰਮਾ ਕਹਿ ਕੇ ਬੁਲਾ ਲਿਆ ਕਰ-ਮੇਰੇ ਅਸਲੀ ਨਾਂਅ ਨਾਲ," ਭਾਬੀ ਨੇ ਜਵਾਬ ਦਿੱਤਾ।

"ਨਾ ਭਾਬੀ ਜੀ, ਮਨੋਰਮਾ ਨਾਂਅ ਤੋਂ ਤਾਂ ਮੈਨੂੰ ਉਹ ਹੱਟੀ-ਕੱਟੀ, ਤਰਾਸ਼ੇ ਭਰਵੱਟਿਆਂ ਵਾਲੀ ਫ਼ਿਲਮ ਐਕਟ੍ਰੱਸ ਚੇਤੇ ਆਉਂਦੀ ਹੈ ਜਿਹੜੀ ਹਰ ਫ਼ਿਲਮ ਵਿਚ ਹੀਰੋਇਨ ਦੀ ਜਾਨ ਅਜ਼ਾਬ ਕਰਨ 'ਤੇ ਤੁਲੀ ਰਹਿੰਦੀ ਹੈ। ਅਸੀਂ ਤਾਂ ਤੁਹਾਨੂੰ ਮੈਨਾ ਭਾਬੀ ਕਹਿ ਕੇ ਬੁਲਾਵਾਂਗੇ।" ਗੁਣਰਾਜ ਨੇ ਮੰਨੋ ਨੂੰ ਮੈਨਾ ਬਨਾਉਣ ਦੇ ਇਰਾਦੇ ਨੂੰ ਪੇਸ਼ ਕਰਦਿਆਂ ਕਿਹਾ।

"ਇਹ ਵੀ ਕੋਈ ਨਾਂਅ ਹੈ ਕਾਕਾ, ਤੋਤਾ-ਮੈਨਾ ਵਰਗਾ। ਰੱਖਣਾ ਈ ਏ ਤਾਂ ਕੋਈ ਚੱਜ ਦਾ ਨਾਂਅ ਤਾਂ ਲੱਭ," ਉਜ਼ਰ ਭਾਬੀ ਨੇ ਨਹੀਂ ਅੰਮੀ ਜੀ ਨੇ ਕੀਤਾ ਸੀ।

ਪਰ ਅੰਮੀ ਜੀ ਦੇ ਇਤਰਾਜ਼ ਨੂੰ ਗੁਣਰਾਜ ਨੇ ਇਕੋ ਪਰਮ-ਅਸਤਰ ਨਾ ਚਿੱਤ ਕਰ ਲਿਆ ਸੀ। ਇਹ ਨਾਂਅ ਤਾਂ ਗੁਰਬਖਸ਼ ਸਿੰਘ ਦੀ ਨਾਇਕਾ ਦਾ ਨਾਂਅ ਸੀ। ਪੱਕੇ ਪ੍ਰੀਤਲੜੀਏ ਅੰਮੀ ਜੀ ਨੇ ਮੁੜ ਕੋਈ ਚੂੰ-ਚਰਾਂ ਨਾ ਕੀਤੀ ਤੇ ਹੌਲੀ-ਹੌਲੀ ਘਰ ਵਿਚ ਸਾਰੇ ਹੀ ਮਨੋਰਮਾ ਭਾਬੀ ਨੂੰ ਮੈਨਾ ਕਹਿ ਕੇ ਬੁਲਾਣ ਲੱਗ ਪਏ ਸਨ।

ਗੁਣਰਾਜ ਨੇ ਮੈਨਾ ਭਾਬੀ ਨੂੰ ਏਸ ਨਾਂਅ ਦਾ ਪਿਛੋਕੜ ਸਮਝਾਉਣ ਲਈ ਗੁਰਬਖ਼ਸ਼ ਸਿੰਘ ਦੀ ਕਹਾਣੀ 'ਭਾਬੀ ਮੈਨਾ' ਪੜ੍ਹ ਕੇ ਸੁਣਾਈ ਸੀ। ਉਦੋਂ ਅਜੇ ਭਾਬੀ ਨੇ ਆਪ ਪੰਜਾਬੀ ਪੜ੍ਹਨੀ ਨਹੀਂ ਸੀ ਸਿੱਖੀ।

"ਕਹਾਣੀ ਸੁਹਣੀ ਹੈ, ਪਰ ਇਸ ਦੀ ਨਾਇਕਾ ਤਾਂ ਬੜੀ ਟਰੈਜਿਕ ਫਿਗਰ ਹੈ, ਤੂੰ ਮੈਨੂੰ ਉਸ ਬਦਨਸੀਬ ਔਰਤ ਦਾ ਨਾਂਅ ਕਿਉਂ ਦੇ ਦਿੱਤਾ ਹੈ ?"

"ਓਹ ਭਾਬੀ, ਨਾਂਅ ਨਾਲ ਨਸੀਬ ਥੋੜ੍ਹੇ ਹੀ ਬਦਲ ਜਾਂਦੇ ਹਨ। ਤੁਹਾਡੇ ਮਾਂ-ਬਾਪ ਨੇ ਤੁਹਾਨੂੰ ਉਸ ਖਲਨਾਇਕਾ ਮਨੋਰਮਾ ਦਾ ਨਾਂਅ ਦੇ ਦਿੱਤਾ, ਤੁਸੀਂ ਕੋਈ ਉਸ ਵਰਗੇ ਤਾਂ ਨਹੀਂ ਬਣ ਗਏ ਨਾ ?" ਗੁਣਰਾਜ ਸੰਜੀਦਗੀ ਨਾਲ ਦਲੀਲਾਂ ਘੜਨ ਲੱਗ ਪਿਆ ਸੀ।

ਮਨੋਰਮਾ ਤੇ ਦਿਲਰਾਜ ਦਿੱਲੀ ਆਰਕੀਟੇਕਚਰ ਸਕੂਲ ਵਿਚ ਮਿਲੇ ਸਨ। ਹਮਜਮਾਤੀ, ਜਿਨ੍ਹਾਂ ਨੇ ਹਮਸਫ਼ਰ ਬਣਨ ਦਾ ਫ਼ੈਸਲਾ ਕਰ ਲਿਆ ਸੀ। ਮਨੋਰਮਾ ਦੇ ਘਰ ਵਾਲੇ ਜ਼ਰੂਰ ਸ਼ੁਰੂ ਵਿਚ ਏਸ ਫ਼ੈਸਲੇ ਵਿਰੁੱਧ ਸਨ। ਉਹਨਾਂ ਨੂੰ ਮਨੋਰਮਾ ਦੇ ਜਾਤੋਂ ਬਾਹਰ ਵਿਆਹ ਕਰਾਉਣ ਉੱਤੇ ਇਤਰਾਜ਼ ਨਹੀਂ ਸੀ। ਇਤਰਾਜ਼ ਸੀ ਤਾਂ ਕਿਸੇ ਪੰਜਾਬੀ ਨਾਲ ਵਿਆਹ ਕਰਾਉਣ ਉੱਤੇ। ਪੰਜਾਬੀ ਲੋਕ ਉਨ੍ਹਾਂ ਨੂੰ ਅੜਬ, ਬੇਅਦਬੇ ਤੇ ਖ਼ੂੰਖਾਰ ਜਹੇ ਲੋਕ ਜਾਪਦੇ ਸਨ। ਭਾਵੇਂ ਸਿੱਧਾ ਵਾਹ ਉਹਨਾਂ ਦਾ ਕਿਸੇ



ਪੰਜਾਬੀ ਨਾਲ ਕਦੇ ਨਹੀਂ ਸੀ ਪਿਆ। ਪਰ ਦਿਲਰਾਜ ਤੇ ਬਾਅਦ ਵਿਚ ਉਸ ਦੇ ਅੰਮੀ ਜੀ ਨੂੰ ਮਿਲ ਕੇ ਉਨ੍ਹਾਂ ਦਾ ਇਹ ਤੌਖਲਾ ਵੀ ਜਾਂਦਾ ਰਿਹਾ। ਇਹਨਾਂ ਪ੍ਰੀਤਲੜੀਆਂ ਦਾ ਰਹਿਣ-ਸਹਿਣ ਉਹਨਾਂ ਨੂੰ ਆਪਣੇ ਨਾਲੋਂ ਵੀ ਵੱਧ ਪੋਚਵਾਂ ਤੇ ਸਲੀਕੇਦਾਰ ਜਾਪਿਆ ਸੀ।

ਦਿਲਰਾਜ ਦੇ ਏਸ ਫ਼ੈਸਲੇ ਬਾਰੇ ਜੇ ਕੋਈ ਸ਼ੰਕਾ ਅੰਮੀ ਦੇ ਮਨ ਵਿਚ ਪੈਦਾ ਹੋਈ ਵੀ ਸੀ ਤਾਂ ਉਸ ਦਾ ਬਾਹਰ ਧੂੰ ਤਕ ਨਹੀਂ ਸੀ ਨਿਕਲਿਆ। ਹਮੇਸ਼ਾ ਵਾਂਗ ਉਹਨਾਂ ਆਪਣੇ ਪੀਰ, ਪ੍ਰੀਤਨਗਰ ਵਾਲੇ 'ਦਾਰਜੀ' ਨੂੰ ਖ਼ਤ ਪਾ ਕੇ ਸਲਾਹ ਮੰਗੀ ਸੀ ਤੇ ਓਥੋਂ ਜਵਾਬੀ ਨਸੀਹਤ ਮਿਲਣ ਮਗਰੋਂ ਉਹਨਾਂ ਕਦੇ ਕੋਈ ਉਜ਼ਰ ਨਹੀਂ ਸੀ ਕੀਤੀ। ਯਾਨੀ ਫ਼ੈਸਲੇ ਉਤੇ ਗੁਰਬਖਸ਼ ਸਿੰਘ ਹੋਰਾਂ ਦੀ ਪ੍ਰਵਾਨਗੀ ਦੀ ਮੁਹਰ ਆ ਗਈ ਸੀ, ਜੋ ਉਹਨਾਂ ਦੀ ਭਗਤਣੀ ਵਾਸਤੇ ਹਰ ਭਾਣਾ ਮੰਨਣ ਲਈ ਕਾਫ਼ੀ ਸੀ।

ਤੇ ਏਉਂ, ਬੜੇ ਵਰ੍ਹੇ ਹੋਏ, ਮਨੋਰਮਾ ਪੰਡਤ, ਮਨੋਰਮਾ ਸਚਦੇਵ ਬਣ ਕੇ ਦਿੱਲੀਓਂ ਚੰਡੀਗੜ੍ਹ ਆ ਗਈ ਸੀ।

ਉਦੋਂ ਅਜੇ ਕਾਰਬੂਜ਼ੀਏ ਦਾ ਚੰਡੀਗੜ੍ਹ ਉਸ ਦੇ ਸਿਰਜੇ ਸ਼ਹਿਰ ਤੋਂ ਹੌਲੀ-ਹੌਲੀ ਬਾਹਰ ਵੱਲ ਵਧਣਾ ਸ਼ੁਰੂ ਹੀ ਹੋਇਆ ਸੀ। ਲੋਕਾਂ ਨੇ ਨਵੇਂ ਵਸੇ ਸੈਕਟਰਾਂ ਵਿਚ ਸਸਤੇ ਭਾਅ ਜ਼ਮੀਨਾਂ ਲੈ ਕੇ ਉਹਨਾਂ ਉਤੇ ਆਪਣੇ ਸੁਪਨ-ਘਰ ਉਸਾਰਨੇ ਸ਼ੁਰੂ ਕਰ ਦਿੱਤੇ ਸਨ। 'ਸਚਦੇਵ ਐਂਡ ਸਚਦੇਵ ਆਰਕੀਟੈਕਟਜ਼' ਨੇ ਛੇਤੀ ਹੀ ਆਪਣਾ ਕਾਰੋਬਾਰੀ ਜਾਲ ਵਾਹਵਾ ਫੈਲਾਅ ਲਿਆ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਸਨ ਕਿ ਦਿਲਰਾਜ ਸਚਦੇਵ ਨੂੰ ਬਹੁਤੇ ਠੇਕੇ ਉਸ ਦੀ ਬੀਵੀ ਕਰਕੇ ਹੀ ਮਿਲਦੇ ਹਨ, ਕਿਉਂਕਿ ਏਸ ਸ਼ਹਿਰ ਦੇ ਲੋਕਾਂ ਨੇ ਪਹਿਲਾਂ ਕਦੇ ਕੋਈ ਔਰਤ ਇਮਾਰਤਕਾਰ ਦੇਖੀ-ਸੁਣੀ ਹੀ ਨਹੀਂ ਸੀ। ਤੇ ਔਰਤ ਵੀ ਅਜੇਹੀ, ਜਿਹੜੀ ਮੈਨਾ ਭਾਬੀ ਵਰਗੀ ਹੁਸੀਨ ਹੋਵੇ, ਖ਼ੁਦਮੁਖਤਾਰ ਤੇ ਸਵੈ-ਭਰੋਸੇ ਵਾਲੀ। ਇਕੱਲੀ ਕਾਰ ਲੈ ਕੇ ਨਿਕਲ ਪੈਂਦੀ, ਆਪਣੀ ਕੰਪਨੀ ਦੇ ਬਣਾਏ ਨਕਸ਼ਿਆਂ ਉਤੇ ਉਸਰ ਰਹੇ ਘਰਾਂ ਦਾ ਨਿਰੀਖਣ ਕਰਦੀ। ਰਾਜਾਂ-ਮਿਸਤਰੀਆਂ ਨੂੰ ਨਿਰਦੇਸ਼ ਦੇਂਦੀ। ਟਰੱਕਾਂ ਤੋਂ ਲਹਿ ਰਹੇ ਪੱਥਰਾਂ ਦੇ ਗੁਣ-ਦੋਸ਼ ਪਰਖਦੀ।

ਚੰਡੀਗੜ੍ਹ ਨੇ ਡਾਕਟਰ ਤੇ ਪ੍ਰੋਫ਼ੈਸਰ ਔਰਤਾਂ ਤਾਂ ਬੜੀਆਂ ਦੇਖੀਆਂ ਸਨ, ਪਰ ਇਹ ਇਮਾਰਤਕਾਰ ਔਰਤ ਸਾਰੇ ਸ਼ਹਿਰ ਲਈ ਅਜੂਬਾ ਸੀ। ਖਾਸ ਕਰਕੇ ਮੋਕਲੇ ਮਹਿਲ ਬਣਵਾਉਣ ਵਾਲੇ ਸੌੜੀ ਸੋਚ ਦੇ ਮਰਦਾਂ ਲਈ। ਕੁਝ ਲੋਕ ਮਨੋਰਮਾ ਸਚਦੇਵ ਨੂੰ ਚਾਅ ਨਾਲ ਦੇਖਦੇ, ਕੁਝ ਚਸਕੇ ਨਾਲ। ਪਰ ਮੈਨਾ ਭਾਬੀ ਇਹਨਾਂ ਲਾਰ ਟਪਕਾਉਂਦੀਆਂ ਅੱਖਾਂ ਨੂੰ ਦੇਖਦੀ ਹੋਈ ਵੀ ਅਣਡਿੱਠ ਕਰਦੀ। ਕੁਝ ਚਿਰ ਸ਼ਹਿਰ ਵਿਚ ਚਿਹਮਗੋਈਆਂ ਹੋਈਆਂ, ਕੁਝ ਮਹੀਨੇ ਕਲੱਬਾਂ/ਬਾਰਾਂ ਵਿਚ ਬੈਠੀਆਂ ਮਰਦ ਢਾਣੀਆਂ ਵਿਚ ਊਲ-ਜਲੂਲ ਬਕਿਆ ਗਿਆ ਤੇ ਫੇਰ ਹੌਲੀ-ਹੌਲੀ ਕਿਸੇ ਚੋਂਦੇ-ਚੋਂਦੇ ਕਿੱਸੇ ਦੇ ਬਾਲਣ ਦੀ ਅਣਹੋਂਦ ਕਾਰਨ ਬਕਵਾਸ ਦੀ ਇਹ ਉਬਲਦੀ ਝੱਗ ਆਪੇ ਹੀ ਬਹਿ ਵੀ ਗਈ।

ਮੈਨਾ ਭਾਬੀ ਨਿਰੀ ਕਸਬੀ ਇਮਾਰਤਕਾਰ ਹੀ ਨਹੀਂ, ਹੁਨਰੀ ਸਜਾਵਟਕਾਰ ਵੀ ਸੀ। ਆਪਣੀ ਨਿਗਰਾਨੀ ਹੇਠ ਬਣਾਏ ਗਏ ਘਰਾਂ ਨਾਲ ਉਸ ਨੂੰ ਮੋਹ ਸੀ- ਜਿਵੇਂ ਕਿਸੇ ਕਲਾਕਾਰ ਨੂੰ ਆਪਣੀ ਰਚਨਾ ਨਾਲ ਹੁੰਦਾ ਹੈ। ਉਸ ਲਈ ਘਰਾਂ ਦੀਆਂ ਕੰਧਾਂ ਦੀ ਆਪਣੀ ਵੱਖਰੀ ਹੋਂਦ ਸੀ, ਬਾਰੀਆਂ ਦੇ ਮਾਇਨੇ ਸਨ, ਨੁੱਕਰਾਂ ਦੇ ਅਰਥ ਸਨ। ਉਸਰ ਰਹੇ ਘਰਾਂ ਦੇ ਖਾਲੀ ਖੋਲਿਆਂ ਵਿਚ ਉਹ ਘਰਾਂ ਦੀਆਂ ਮਾਲਕਣਾਂ ਨਾਲ ਬਹਿੰਦੀ, ਉਹਨਾਂ ਨੂੰ ਗਲਿਆਰਿਆਂ ਵਿਚ ਤਸਵੀਰਾਂ ਲਾਉਣ ਦੀਆਂ ਥਾਵਾਂ, ਕਮਰਿਆਂ ਵਿਚ ਫ਼ਰਨੀਚਰ ਬੀੜਨ ਦੀਆਂ ਜੁਗਤਾਂ ਦੱਸਦੀ। ਜੁਗਤਾਂ, ਜਿਹੜੀਆਂ ਅਣਗੌਲੇ ਕੋਨਿਆਂ ਨੂੰ ਸਰਸ਼ਾਰ ਕਰ ਦੇਂਦੀਆਂ; ਖਾਲੀ ਲੱਗਣ ਵਾਲੀਆਂ ਥਾਂਵਾਂ ਨੂੰ ਇਕ ਕਿਰਦਾਰ ਬਖ਼ਸ਼ਦੀਆਂ। ਹੌਲੀ-ਹੌਲੀ ਸਚਦੇਵ ਐਂਡ ਸਚਦੇਵ ਆਰਕੀਟੈਕਟਜ਼ ਨੂੰ ਵੱਡੇ ਘਰਾਂ ਤੋਂ ਅੰਦਰੂਨੀ

ਸਜਾਵਟ ਦਾ ਕੰਮ ਵੀ ਮਿਲਣ ਲੱਗ ਪਿਆ। ਕਈ ਵੇਰ ਉਨ੍ਹਾਂ ਘਰਾਂ ਤੋਂ ਵੀ, ਜਿਨ੍ਹਾਂ ਨੂੰ ਬਨਾਉਣ ਵਿਚ ਸਚਦੇਵ ਜੋੜੀ ਦਾ ਕੋਈ ਹੱਥ ਨਹੀਂ ਸੀ।

ਫੇਰ ਏਸ ਘਰ ਵਿਚ ਸੁਨਿੰਤ ਆਇਆ। ਦਿਲਰਾਜ ਤੇ ਗੁਣਰਾਜ ਦੇ ਨਾਂਵਾਂ ਵਾਂਗ ਘਰ ਦੀ ਅਗਲੀ ਪੀੜ੍ਹੀ ਦਾ ਨਾਂਅ ਵੀ ਅੰਮੀ ਜੀ ਦੇ ਪ੍ਰੀਤਨਗਰ ਵਾਲੇ ਦਾਰ ਜੀ ਨੇ ਹੀ ਸੁਝਾਇਆ।

ਸੁਨਿੰਤ ਦੀ ਆਮਦ ਨਾਲ ਮੈਨਾ ਭਾਬੀ ਦਾ ਦਫ਼ਤਰ ਜਾਣਾ ਤਕਰੀਬਨ ਮੁੱਕ ਹੀ ਗਿਆ। ਆਪਣੇ ਬਾਲ ਨੂੰ ਉਹ ਆਪ ਹੀ ਪਾਲਣਾ ਚਾਹੁੰਦੀ ਸੀ, ਘੱਟੋ-ਘੱਟ ਉਸ ਦੇ ਸਕੂਲ ਜਾਣ ਦੀ ਉਮਰ ਆ ਲੈਣ ਤੀਕ। ਉਸ ਨੇ ਆਪਣੇ ਕੰਮ ਦਾ ਘੇਰਾ ਸਿਰਫ਼ ਅੰਦਰੂਨੀ ਸਜਾਵਟ ਦੇ ਠੇਕਿਆਂ ਤੀਕ ਸੀਮਤ ਕਰ ਲਿਆ। ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਗਾਹਕਾਂ ਨਾਲ ਲੋੜੀਂਦੀਆਂ ਬੈਠਕਾਂ, ਫਰਨੀਚਰ-ਘਾੜਿਆਂ ਨਾਲ ਜ਼ਰੂਰੀ ਮਸ਼ਵਰਿਆਂ ਦਾ ਸਮਾਂ ਉਹ ਅੰਮੀ ਜੀ ਤੇ ਸੁਨਿੰਤ ਦੀਆਂ ਲੋੜਾਂ ਮੁਤਾਬਕ ਅੱਗੇ-ਪਿੱਛੇ ਕਰ ਲੈਂਦੀ ਸੀ।

ਸਚਦੇਵ ਐਂਡ ਸਚਦੇਵ ਵਿਚੋਂ ਇਕ ਜਣਾ ਤਾਂ ਦਫ਼ਤਰ ਨਹੀਂ ਸੀ ਜਾਂਦਾ, ਪਰ ਵੈਸੇ ਦਫ਼ਤਰ ਦੇ ਅਮਲੇ ਵਿਚ ਬੜਾ ਇਜ਼ਾਫ਼ਾ ਹੋ ਗਿਆ ਸੀ। ਆਪਣੀ ਸਿਖਲਾਈ ਦਾ ਸਮਾਂ ਏਸ ਫ਼ਰਮ ਦੀ ਨਿਗਰਾਨੀ ਹੇਠ ਪੂਰਾ ਕਰਨ ਲਈ ਸਿਖਾਂਦਰੂ ਇਮਾਰਤਕਾਰਾਂ ਵਿਚ ਹੋੜ ਲੱਗੀ ਰਹਿੰਦੀ ਸੀ। ਦਿਲਰਾਜ ਹੇਠ ਕੰਮ ਕਰ ਚੁੱਕੇ ਨੌਸਿਖੀਏ ਹੁਣ ਆਪ ਵਾਹਵਾ ਸ਼ੁਹਰਤ ਖੱਟ ਰਹੇ ਸਨ।

ਸੁਨਿੰਤ ਚਾਰ ਵਰ੍ਹਿਆਂ ਦਾ ਸੀ ਜਦੋਂ ਅਚਿੰਤ ਦਾ ਜਨਮ ਹੋਇਆ। ਗੁਰਬਖਸ਼ ਸਿੰਘ ਪ੍ਰੀਤਲੜੀ ਓਸੇ ਸਾਲ ਅਗਸਤ ਵਿਚ ਪੂਰੇ ਹੋ ਗਏ ਸਨ। ਭਾਈ ਕਾਨ੍ਹ ਸਿੰਘ ਦੇ ਮਹਾਨ ਕੋਸ਼ ਵਿਚੋਂ ਅੰਮੀ ਜੀ ਨੇ ਐਤਕੀਂ ਆਪ ਨਵੀਂ ਆਈ ਬਾਲੜੀ ਦਾ ਨਾਂਅ ਚੁਣਿਆ, ਜਿਹੜਾ ਉਸ ਦੇ ਵੱਡੇ ਵੀਰ ਦੇ ਨਾਂਅ ਨਾਲ ਮੇਲ ਖਾਂਦਾ ਸੀ।

ਨਵ-ਜਨਮੀ ਨੂੰ ਤਾਂ ਅਚਿੰਤ ਨਾਂਅ ਦੇ ਦਿੱਤਾ ਗਿਆ, ਪਰ ਚਿੰਤਾ ਦੀਆਂ ਪਹਿਲੀਆਂ ਘੇਰਨੀਆਂ ਨੇ ਉਸੇ ਵਰ੍ਹੇ ਏਸ ਘਰ ਦੇ ਮਾਹੌਲ ਨੂੰ ਥਿੜਕਾਇਆ ਤੇ ਤਿੜਕਾਇਆ ਸੀ।

ਏਸ ਤੋਂ ਪਹਿਲਾਂ ਕਿ ਸ਼ਹਿਰ ਵਿਚ ਗੱਲਾਂ ਤੁਰਦੀਆਂ, ਏਸ ਤੋਂ ਪਹਿਲਾਂ ਕਿ ਮੈਨਾ ਕੋਲ ਕਿਸੇ ਹੋਰ ਰਾਹੀਂ ਕੰਨਸੋਆਂ ਪੁੱਜਦੀਆਂ, ਦਿਲਰਾਜ ਨੇ ਆਪ ਹੀ ਆ ਕੇ ਮੈਨਾ ਨੂੰ ਆਖ ਦਿੱਤਾ: "ਆਈ ਐਮ ਨੌਟ ਇਨ ਲਵ ਵਿਦ ਯੂ ਐਨੀ ਮੋਰ। ਮੈਨੂੰ ਕਿਸੇ ਹੋਰ ਨਾਲ ਪਿਆਰ ਹੋ ਗਿਆ ਹੈ।"

ਨਹੀਂ, ਮੈਨਾ ਦੀ ਪਹਿਲੀ ਜਗਿਆਸਾ ਇਹ ਨਹੀਂ ਸੀ ਕਿ ਉਹ 'ਹੋਰ' ਕੋਈ ਕੌਣ ਹੈ। ਉਹ ਤਾਂ ਇਹ ਜਾਣਨਾ ਚਾਹੁੰਦੀ ਸੀ ਕਿ ਅੱਠ ਵਰ੍ਹਿਆਂ ਦੇ ਸਾਥ ਪਿੱਛੋਂ 'ਲਵ' ਦਾ ਇਹ ਸਵਿੱਚ ਅਚਾਨਕ 'ਆਫ਼' ਕਿਵੇਂ ਹੋ ਗਿਆ ਸੀ। ਤੇ ਜੇ ਅਜਿਹਾ ਕੋਈ ਸਵਿੱਚ ਹੈ ਸੀ ਤਾਂ ਉਸ ਨੂੰ ਵੀ ਪਤਾ ਲੱਗੇ, ਤਾਂ ਜੋ ਉਹ ਵੀ ਆਪਣੇ ਵਾਲੇ ਪਾਸਿਓਂ ਉਸ ਨੂੰ ਬੁਝਾ ਸਕੇ। ਵਰਨਾ ਹੁਣ ਏਸ ਇਕ-ਪਾਸੜੀ ਰਹਿ ਗਈ ਸਿੱਕ ਦੇ ਸੇਕ ਨੇ ਉਸ ਨੂੰ ਲੂਹ ਕੇ ਰੱਖ ਛੱਡਣਾ ਸੀ।

ਦਿਲਰਾਜ ਕੋਲ ਮੈਨਾ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ, ਸਿਵਾਏ ਏਸ ਦੇ ਕਿ ਹੁਣ ਉਹ ਆਪਣੀ ਹੀ ਇਕ ਸਿਖਾਂਦਰੂ ਇਮਾਰਤਕਾਰ ਨਾਲ ਪਿਆਰ ਕਰਨ ਲੱਗ ਪਿਆ ਹੈ ਤੇ ਏਸ ਸ਼ਿੱਦਤ ਨੂੰ ਠੱਲ੍ਹ ਪਾ ਕੇ ਰੱਖ ਸਕਣਾ ਉਸ ਦੇ ਵੱਸੋਂ ਬਾਹਰਾ ਹੈ।

ਮੈਨਾ ਨੇ ਚਾਰ ਵਰ੍ਹਿਆਂ ਦੇ ਸੁਨਿੰਤ ਤੇ ਛੇ ਮਹੀਨਿਆਂ ਦੀ ਅਚਿੰਤ ਨੂੰ ਲੈ ਕੇ ਘਰ ਛੱਡਣ ਦਾ ਫ਼ੈਸਲਾ ਕਰ ਲਿਆ।

ਅੰਮੀ ਜੀ ਨੇ ਦਿਲਰਾਜ ਨੂੰ ਸੌ ਸਲਵਾਤਾਂ ਸੁਣਾਈਆਂ, ਹਜ਼ਾਰ ਮਿੰਨਤਾਂ ਕੀਤੀਆਂ, ਪਰ ਜਦੋਂ ਉਸ ਦੇ ਇਸ਼ਕ ਅੱਗੇ ਉਨ੍ਹਾਂ ਦਾ ਕੋਈ ਜ਼ੋਰ ਨਾ ਚੱਲਿਆ ਤਾਂ ਤਰਲਿਆਂ ਦੀ ਝੋਲੀ ਉਹਨਾਂ ਮੈਨਾ ਦੇ ਅੱਗੇ ਅੱਡ ਦਿੱਤੀ।



"ਪੁੱਤਰ, ਦਿਲਰਾਜ ਦਾ ਸਿਰ ਫਿਰ ਗਿਆ ਹੈ। ਪਰ ਤੂੰ ਸਿਆਣੀ ਬਣ। ਤੇਰਾ ਦੁੱਖ ਮੈਂ ਸਮਝਦੀ ਹਾਂ, ਪਰ ਤੂੰ ਆਪਣੀ ਨਹੀਂ ਇਹਨਾਂ ਬਾਲਾਂ ਦੀ ਸੋਚ। ਟੁੱਟੇ ਘਰਾਂ ਦੇ ਬੱਚੇ ਕਦੇ ਸਬੂਤੇ ਇਨਸਾਨ ਨਹੀਂ ਬਣਦੇ। ਤੂੰ ਹੀ ਕੌੜਾ ਘੁੱਟ ਕਰ ਲੈ, ਆਪਣੇ ਜਾਇਆਂ ਵਾਸਤੇ। ਤੇ ਇਕ ਗੱਲ ਮੇਰੀ ਸੁਣ ਲੈ-ਮੈਂ ਵੀ ਆਪਣੇ ਪੁੱਤਰ ਨੂੰ ਜਾਣਦੀ ਹਾਂ। ਛੇ-ਅੱਠ ਮਹੀਨੇ, ਤੇ ਇਹ ਫੇਰ ਸਿੱਧੇ ਰਸਤੇ ਆ ਜਾਵੇਗਾ। ਬਸ ਤੂੰ ਕੁਝ ਚਿਰ ਸਬਰ ਕਰ ਲੈ।"

ਪਤਾ ਨਹੀਂ ਇਹ ਅੰਮੀ ਜੀ ਦੇ ਤਰਲਿਆਂ ਦਾ ਅਸਰ ਸੀ ਜਾਂ ਮੈਨਾ ਹੀ ਆਪਣੀ ਮੁਹੱਬਤ ਦੀ ਚਿਣਗ ਨੂੰ ਨਹੀਂ ਸੀ ਬੁਝਾ ਸਕੀ; ਇਹ ਘਰ ਉਦੋਂ ਟੁੱਟਣੋਂ ਬਚ ਗਿਆ ਸੀ।

ਮੈਨਾ ਨੇ ਉਹ ਕੌੜਾ ਘੁੱਟ ਭਰ ਲਿਆ ਸੀ, ਜਿਸ ਨੂੰ ਹਮੇਸ਼ਾ ਔਰਤ ਅੱਗੇ ਹੀ ਪੇਸ਼ ਕੀਤਾ ਜਾਂਦਾ ਹੈ। ਮੈਨਾ ਨੇ ਉਹ ਵਾਸਤਾ ਕਬੂਲ ਕਰ ਲਿਆ, ਜੋ ਹਮੇਸ਼ਾ ਔਰਤ ਹੀ ਔਰਤ ਨੂੰ ਪਾਉਂਦੀ ਹੈ: ਮਾਂ ਆਪਣੀ ਧੀ ਨੂੰ, ਸੱਸ ਆਪਣੀ ਨੂੰਹ ਨੂੰ। ਤੇ ਇਹ ਤਰਲਾ ਪਾਉਣ ਵਾਲੀ ਮਾਂ, ਇਹ ਮਿੰਨਤਾਂ ਕਰਨ ਵਾਲੀ ਸੱਸ ਕਿਸੇ ਵੀ ਘਰ ਦੀਆਂ ਹੋ ਸਕਦੀਆਂ ਹਨ : ਪੇਂਡੂ ਜਾਂ ਸ਼ਹਿਰੀ, ਅੱਧ-ਪੜ੍ਹਿਆ ਜਾਂ ਪੜ੍ਹਿਆ-ਲਿਖਿਆ, ਪ੍ਰੀਤਲੜੀਆਂ ਦਾ ਘਰ।

ਅੰਮੀ ਜੀ ਦੀ ਗੱਲ ਵੀ ਅੱਧ-ਪਚੱਧੀ ਠੀਕ ਹੀ ਨਿਕਲੀ। ਛੇ-ਅੱਠ ਮਹੀਨੇ ਤਾਂ ਨਹੀਂ, ਪਰ ਆਖ਼ਰਕਾਰ ਦਿਲਰਾਜ 'ਸਿੱਧੇ' ਰਸਤੇ ਆ ਹੀ ਗਿਆ ਸੀ। ਇਹ ਅੱਡਰੀ ਗੱਲ ਹੈ ਕਿ ਉਸ ਨੂੰ ਸਿੱਧੇ ਰਾਹ ਧੱਕਣ ਵਿਚ ਉਸ ਦੀ ਸਿਖਾਂਦਰੂ ਮਹਿਬੂਬਾ ਵੱਲੋਂ ਆਪਣੇ ਸਹੀ ਹਾਣ ਨੂੰ ਲੱਭ ਲੈਣ ਦਾ ਬੜਾ ਯੋਗਦਾਨ ਸੀ। ਪਰ ਜਿਹੜਾ ਕੌੜਾ ਘੁੱਟ ਮੈਨਾ ਨੇ ਸਾਢੇ ਚਾਰ ਵਰ੍ਹੇ ਭਰੀ ਰੱਖਿਆ ਸੀ, ਉਸ ਦਾ ਕਸੈਲਾਪਣ ਹੁਣ ਉਸ ਦੇ ਮੂੰਹ ਵਿਚ ਘੁਲ ਗਿਆ ਸੀ। ਉਹ ਸਵਿੱਚ ਜਿਹੜਾ ਵਰ੍ਹਿਆਂ ਤੋਂ ਨਾ ਕਿਸੇ ਨੇ ਜਗਾਇਆ ਸੀ, ਨਾ ਬੁਝਾਇਆ ਸੀ, ਹੁਣ ਜਿਵੇਂ ਜਾਮ ਹੀ ਹੋ ਚੁੱਕਾ ਸੀ।

ਦੰਦ-ਕਥਾਵਾਂ ਦੀ ਉਮਰ ਟੀ.ਵੀ. ਸੀਰੀਅਲਾਂ ਵਰਗੀ ਹੀ ਥੋੜ੍ਹ-ਚਿਰੀ ਹੁੰਦੀ ਹੈ। ਕੋਈ ਹੋਰ ਅਗਲੀ ਕੜੀ ਸ਼ੁਰੂ ਹੋਣ ਤੀਕ, ਬੱਸ। ਔਰ ਭਰੇ-ਭਕੁੰਨੇ ਘਰਾਂ ਵਿਚ ਬੈਠੇ ਖਾਲੀ ਦਿਮਾਗਾਂ ਨੇ ਕਿਸੇ ਨਾ ਕਿਸੇ ਦੇ ਕਿੱਸੇ ਨਾਲ ਤਾਂ ਮਨਰਸੀ ਕਰਨੀ ਹੀ ਹੁੰਦੀ ਹੈ। ਜਦੋਂ ਦੀ ਸਚਦੇਵ ਦੀ ਮਹਿਬੂਬਾ ਵਿਆਹੀ ਗਈ ਸੀ, ਹੁਣ ਉਸ ਦੇ ਕਿੱਸੇ ਵਿਚ ਕੋਈ ਰਸ ਹੀ ਨਹੀਂ ਸੀ ਰਿਹਾ- ਸੋ ਮਹਿਫ਼ਲਾਂ ਨੇ ਵੀ ਕੋਈ ਹੋਰ ਸ਼ੁਗਲ ਲੱਭ ਲਿਆ।

ਤੇ ਚੰਡੀਗੜ੍ਹ ਦੀਆਂ ਕਲੱਬਾਂ, ਉਸ ਦੇ ਰੱਜੇ-ਪੁੱਜੇ ਘਰਾਂ ਦੇ ਮਹਿਮਾਨਖਾਨਿਆਂ ਦੀ ਫਿਜ਼ਾ ਵਿਚੋਂ ਦਿਲਰਾਜ ਸਚਦੇਵ ਵਾਲੇ 'ਸਕੈਂਡਲ' ਦਾ ਧੂੰਆਂ ਹੌਲੀ-ਹੌਲੀ ਗਾਇਬ ਹੋ ਗਿਆ ਸੀ।

ਪਰ ਉਸ ਧੂੰਏਂ ਨੂੰ ਮੈਨਾ ਭਾਬੀ ਡੀਕ ਗਈ। ਉਸ ਦੀ ਕੁੜਿੱਤਣ ਨੂੰ ਉਸ ਨੇ ਆਪਣੀ ਛਾਤੀ ਵਿਚ ਸਾਂਭ ਲਿਆ। ਉਹ ਘਰ ਜਿਹੜਾ ਕਦੇ ਮੁਹੱਬਤ ਦੀਆਂ ਨੀਂਹਾਂ ਉਤੇ ਉਸਰਿਆ ਸੀ, ਕੁਝ ਫ਼ਰਜ਼ ਅਤੇ ਕੁਝ ਆਦਤ ਦੀਆਂ ਕੰਧਾਂ ਦੇ ਸਹਾਰੇ ਖੜੋਤਾ ਰਹਿ ਗਿਆ ਸੀ, ਪਰੰਪਰਾਵਾਂ ਦੀਆਂ ਛੱਤਾਂ ਨੇ ਉਸ ਨੂੰ ਢੱਕੀ ਰੱਖਿਆ ਸੀ।

ਪਤਾ ਨਹੀਂ ਇਹ ਤਕਾਜ਼ੇ ਪਰਿਵਾਰਕ ਜ਼ਿੰਮੇਵਾਰੀਆਂ ਦੇ ਸਨ ਜਾਂ 'ਸਚਦੇਵ ਐਂਡ ਸਚਦੇਵ' ਦੇ ਦਫਤਰ ਦੀਆਂ ਵਲਗਣਾਂ ਵਿਚ ਪੱਲਰ ਚੁੱਕੇ ਉਸ ਪੁਰਾਣੇ ਕਿੱਸੇ ਦੇ, ਮੈਨਾ ਭਾਬੀ ਨੇ ਮੁੜ ਕਦੇ ਵੀ ਓਥੇ ਪੈਰ ਨਾ ਧਰਿਆ। ਕਸਬੀ ਇਮਾਰਤਕਾਰ, ਹੁਨਰੀ ਸਜਾਵਟਕਾਰ ਮਨੋਰਮਾ ਸਚਦੇਵ ਨੇ ਆਪਣੀ ਸਾਰੀ ਸਿਖਲਾਈ, ਆਪਣਾ ਸਾਰਾ ਹੁਨਰ ਆਪਣੇ ਘਰ, ਆਪਣੇ ਬਾਲਾਂ ਉਤੇ ਕੇਂਦਰਤ ਕਰ ਦਿੱਤਾ।

ਗੁਣਰਾਜ ਨੂੰ ਕਦੇ ਵੀ ਏਸ ਗੱਲ ਦੀ ਸਮਝ ਨਾ ਪਈ ਕਿ ਮੈਨਾ ਭਾਬੀ ਨੇ ਆਪਣੀ ਦੁਨੀਆ ਏਨੀ ਸੌੜੀ ਕਿਉਂ ਕਰ ਲਈ ਸੀ। ਉਹ ਤਾਂ ਕਈ ਵੇਰ ਭਾਬੀ ਨਾਲ ਝਗੜਿਆ ਵੀ; ਇਕ ਪੜ੍ਹੀ-ਲਿਖੀ, ਹੁਨਰਮੰਦ ਔਰਤ ਦਾ ਇੰਜ ਘਰ ਬਹਿ ਜਾਣਾ ਉਸਨੂੰ ਕਿਸੇ ਪਾਸਿਓਂ ਵੀ ਗਵਾਰਾ ਨਹੀਂ ਸੀ।

ਪਰ ਮੈਨਾ ਭਾਬੀ ਆਪਣੇ ਫੈਸਲੇ ਉਤੇ ਅਟਲ ਸੀ, "ਮੈਂ ਹੁਣ ਦਿਲਰਾਜ ਦੀ ਫਰਮ ਵਿਚ ਕੰਮ ਨਹੀਂ ਕਰਨਾ। ਤੇ ਤੂੰ ਕੀ ਚਾਹੁੰਦਾ ਹੈ-ਮੈਂ, ਆਪਣੀ ਵੱਖਰੀ, 'ਸਚਦੇਵ ਐਂਡ ਸਚਦੇਵ' ਦੇ ਟਾਕਰੇ ਦੀ ਫਰਮ ਖੋਹਲ ਕੇ ਬਹਿ ਜਾਵਾਂ ? ਮੈਂ ਤਾਂ ਖੋਲ੍ਹ ਲਵਾਂਗੀ- ਪਰ ਏਸ ਘਰ ਦਾ ਕੀ ਹਸ਼ਰ ਹੋਵੇਗਾ, ਸੋਚਿਆ ਹੈ ਤੂੰ ? ਦਿਲਰਾਜ ਬਰਦਾਸ਼ਤ ਕਰ ਸਕੇਗਾ ?" ਤੇ ਹੌਲੀ-ਹੌਲੀ ਮਨੋਰਮਾ ਸਚਦੇਵ ਨਿਰੀ ਮਿਸਿਜ਼ ਸਚਦੇਵ ਹੀ ਬਣ ਕੇ ਰਹਿ ਗਈ ਸੀ। ਚੰਡੀਗੜ੍ਹ ਦੇ ਚਹੇਤੇ ਇਮਾਰਤਕਾਰ ਦੀ ਪਤਨੀ, ਜਿਸ ਕੋਲੋਂ ਕਦੇ ਕਦਾਈਂ ਬਸ ਉਸ ਦੀਆਂ ਸਹੇਲੀਆਂ-ਮਿੱਤਰ ਘਰੇਲੂ ਸਜਾਵਟਕਾਰੀ ਦੀਆਂ ਸਲਾਹਵਾਂ ਮੁਫ਼ਤ ਲੈ ਜਾਂਦੇ ਸਨ। ਬਹੁਤੇ ਲੋਕਾਂ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਮਿਸਿਜ਼ ਸਚਦੇਵ ਆਪ ਵੀ ਇਕ ਸਨਦਸ਼ੁਦਾ ਇਮਾਰਤਕਾਰ ਹੈ।

ਇਹਨਾਂ ਵਰ੍ਹਿਆਂ ਵਿਚ ਮੈਨਾ ਭਾਬੀ ਨੇ ਗੁਣਰਾਜ ਦਾ ਵਿਆਹ ਬਾਰਬਰਾ ਨਾਲ ਆਪਣੇ ਹੱਥੀਂ ਕਰਾਇਆ। ਜਦੋਂ ਗੁਣਰਾਜ ਨੇ ਆਪਣੀ ਇਕ ਜਰਮਨ ਦੋਸਤ ਨਾਲ ਵਿਆਹ ਕਰਾਉਣ ਦਾ ਫੈਸਲਾ ਕੀਤਾ ਸੀ ਤਾਂ ਅੰਮੀ ਜੀ ਨੂੰ ਮਨਾਉਣ ਸਮਝਾਉਣ ਵਾਲੇ ਗੁਰਬਖਸ਼ ਸਿੰਘ ਜੀ ਜਾ ਚੁੱਕੇ ਸਨ, ਉਨ੍ਹਾਂ ਦੀ ਥਾਂ ਮੈਨਾ ਭਾਬੀ ਨੇ ਅੰਮੀ ਜੀ ਦੇ ਕੰਧ ਬਣ ਕੇ ਖਲੋਤੇ ਤੌਖਲਿਆਂ ਨੂੰ ਸੰਨ੍ਹ ਲਾਈ ਸੀ।

ਤੇ ਫੇਰ ਅੰਮੀ ਜੀ ਦੇ ਤੁਰ ਜਾਣ ਮਗਰੋਂ ਏਡੇ ਖਿੱਲਰੇ-ਪੱਲਰੇ ਘਰ-ਪਰਿਵਾਰ ਦੇ ਸਾਰੇ ਖਲਜਗਣਾਂ ਨੂੰ ਸਮੇਟਣਾ ਵੀ ਮੈਨਾ ਦੇ ਹਿੱਸੇ ਹੀ ਆਇਆ ਸੀ। ਗੁਣਰਾਜ ਤੇ ਬਾਰਬਰਾ ਤਾਂ ਫਰੈਂਕਫਰਟ ਜਾ ਵਸੇ ਸਨ। ਮੈਨਾ ਭਾਬੀ ਨੇ ਆਪਣੇ ਦੋਹਾਂ ਬਾਲਾਂ ਨੂੰ ਪਾਲਿਆ- ਪ੍ਰਵਾਨ ਚੜ੍ਹਾਇਆ। ਹੁਣ ਸੁਨਿੰਤ ਵੀ ਆਪਣੇ ਮਾਪਿਆਂ ਵਾਲੀ ਲੀਹ 'ਤੇ ਪੈ ਕੇ ਇਮਾਰਤਕਾਰ ਹੋ ਗਿਆ ਹੈ ਤੇ 'ਸਚਦੇਵ ਐਂਡ ਸਚਦੇਵ' ਵਿਚ ਵਰ੍ਹਿਆਂ ਮਗਰੋਂ ਫੇਰ ਇਕ ਸਚਦੇਵ ਆਣ ਰਲਿਆ ਹੈ। ਅਚਿੰਤ ਡਾਕਟਰੀ ਦੇ ਆਖਰੀ ਸਾਲ ਵਿਚ ਹੈ।

ਗੁਣਰਾਜ ਬਸ ਕਦੇ ਕਦਾਈ ਪੰਜੀਂ-ਦਸੀਂ ਸਾਲੀਂ ਹਿੰਦੁਸਤਾਨ ਆਉਂਦਾ ਹੈ। ਫਰੈਂਕਫਰਟ ਦੇ ਸਭ ਤੋਂ ਵਧੀਆ ਹਿੰਦੁਸਤਾਨੀ ਰੈਸਟੋਰੈਂਟ ਨੂੰ ਉਹੀ ਚਲਾਉਂਦਾ ਹੈ ਤੇ ਇਸ ਨਿੱਤ ਦੇ ਧੰਦੇ ਦੇ ਖਲਜਗਣਾਂ ਵਿਚੋਂ ਵਿਹਲ ਕੱਢਣੀ ਉਸ ਲਈ ਬਹੁਤ ਔਖੀ ਹੋ ਗਈ ਹੈ। ਬਾਰਬਰਾ ਜਾਂ ਉਸ ਵਿਚੋਂ ਕਿਸੇ ਇਕ ਨੂੰ ਹਮੇਸ਼ਾ ਨਿਗਰਾਨੀ ਲਈ ਉੱਥੇ ਹੀ ਰਹਿਣਾ ਪੈਂਦਾ ਹੈ।

ਗੁਣਰਾਜ ਦੇ ਆਉਣ ਦੀ ਸਭ ਤੋਂ ਵੱਧ ਉਡੀਕ ਮੈਨਾ ਭਾਬੀ ਨੂੰ ਰਹਿੰਦੀ ਹੈ। ਉਸਦਾ ਦੋਸਤਾਂ ਵਰਗਾਂ ਦਿਓਰ। ਦਸਵੀਂ ਵਿਚ ਪੜ੍ਹਦਾ ਸੀ ਜਦੋਂ ਮੈਨਾ ਵਿਆਹ ਕਰਾ ਕੇ ਏਸ ਘਰ ਆਈ ਸੀ- ਉਦੋਂ ਉਹ ਕੋਈ ਲਡਿੱਕਾ ਬਾਲ ਜਾਪਦਾ ਸੀ। ਪਰ ਫੇਰ ਮੈਨਾ ਦੇ ਸਭ ਤੋਂ ਉਦਾਸ ਵਰ੍ਹਿਆਂ ਵਿਚ ਉਹ ਕਿਸੇ ਸਿਆਣੇ ਦੋਸਤ ਵਿਚ ਤਬਦੀਲ ਹੋ ਗਿਆ ਸੀ। ਇਕ ਮਜ਼ਬੂਤ ਮੋਢਾ ਜਿਸ ਨਾਲ ਪੀੜਾਂ ਦਾ ਭਾਰ ਵੰਡਾਇਆ ਜਾ ਸਕਦਾ ਸੀ, ਇਕ ਹਮਦਰਦ ਛਾਤੀ ਜਿਸ ਨਾਲ ਚੀਸਾਂ ਦੇ ਭੇਤ ਸਾਂਝੇ ਕੀਤੇ ਜਾ ਸਕਦੇ ਸਨ। ਹੁਣ ਭਾਵੇਂ ਨਾ ਉਹਨਾਂ ਪੀੜਾਂ ਦੀਆਂ ਪੈੜਾਂ ਰਹੀਆਂ ਹਨ ਤੇ ਨਾ ਹੀ ਉਹਨਾਂ ਚੀਸਾਂ ਦੀ ਕਸਕ, ਪਰ ਮੈਨਾ ਭਾਬੀ ਲਈ ਗੁਣਰਾਜ ਦੀ ਆਮਦ ਹਮੇਸ਼ਾ ਕਿਸੇ ਖ਼ੁਮਾਰ ਭਰੀ ਪੌਣ ਵਰਗੀ ਹੁੰਦੀ ਹੈ; ਬੇਮਲੂਮੀ ਤੋਰੇ ਤੁਰੀ ਜਾ ਰਹੀ ਜ਼ਿੰਦਗੀ ਵਿਚ ਚਾਅਵਾਂ ਦੀਆਂ ਚੌਕੜੀਆਂ ਭਰਨ ਵਾਲੀ।

"ਚਾਚਾ ਜੀ, ਤੁਸੀਂ ਕਿਹੜੀ ਡਰਿੰਕ ਲਵੋਗੇ ?" ਆਪਣੇ ਪਾਪਾ ਲਈ 'ਬਲੈਕ ਲੇਬਲ' ਦਾ ਪੈੱਗ ਬਣਾਉਂਦੀ ਅਚਿੰਤ ਪੁੱਛਦੀ ਹੈ।

"ਚਿੰਤੂ, ਤੇਰਾ ਚਾਚਾ ਸਿਰਫ਼ ਸਿੰਗਲ ਮਾਲਟ ਵਿਸਕੀ ਹੀ ਪਸੰਦ ਕਰਦਾ ਹੈ। ਤੇਰੀ 'ਫੇਵਰਿਟ' ਅਜੇ ਵੀ 'ਟੈਲਿਸਕਰ' ਹੀ ਹੈ ਨਾ ?" ਮੈਨਾ ਭਾਬੀ ਦੱਸਦੀ ਅਚਿੰਤ ਨੂੰ ਹੈ, ਪੁੱਛਦੀ ਗੁਣਰਾਜ ਨੂੰ।

"ਭਾਬੀ ਜੀ, ਹੁਣ ਮੈਂ ਓਨਾ ਨਖਰੇਬਾਜ਼ ਨਹੀਂ ਰਿਹਾ। ਕੁਝ ਵੀ ਚੱਲੇਗਾ। ਜਿਹੜੀ ਵੀ ਬੋਤਲ ਖੁੱਲ੍ਹੀ ਹੋਈ ਹੈ, ਚਿੰਤੂ ਉਸੇ ਵਿਚੋਂ ਦੇ ਦੇ।"



"ਵਿਸਕੀ ਨਾ ਹੋਈ ਵਾਈਨ ਹੋ ਗਈ। ਖੁੱਲ੍ਹੀ ਨਾ-ਖੁੱਲ੍ਹੀ ਨਾਲ ਕੀ ਫ਼ਰਕ ਪੈਂਦਾ ਹੈ ? ਇਹ ਖੁੱਲ੍ਹ ਕੇ ਪਈ-ਪਈ ਖਰਾਬ ਥੋੜ੍ਹੇ ਹੀ ਜਾਵੇਗੀ। ਫਿਕਸ ਹਿਮ ਏ ਟੈਲਿਸਕਰ, ਡੀਅਰ, ਤੇ ਮੈਨੂੰ ਵੀ ਟੈਲਿਸਕਰ ਹੀ ਦੇ ਦੇ। ਅੱਜ ਮੈਂ ਵੀ ਗੁਣੀ ਦੀ 'ਫੇਵਰਿਟ' ਹੀ ਪੀਆਂਗੀ। ਮੈਨੂੰ ਦਿਓਰ ਦੀ ਸ਼ਰਾਬ ਵਿਚ ਮੱਚ ਲੈਣ ਦੇ" ਮੈਨਾ ਭਾਬੀ ਕਿਸੇ ਚਾਂਭਲੇ ਹੋਏ ਬੱਚੇ ਵਾਂਗ ਵਾਧੂ ਦੀਆਂ ਗੱਲਾਂ ਮਾਰੀ ਜਾਂਦੀ ਹੈ।

"ਲਓ ਚਾਚਾ ਜੀ" ਚਿੰਤੂ ਗੁਣਰਾਜ ਨੂੰ ਗਲਾਸ ਫੜਾਉਂਦੀ ਹੈ "ਐਂਡ ਹੀਅਰ ਇਜ਼ ਯੂਅਰ ਡਰਿੰਕ ਮਾਮਾ, ਬਟ ਪਲੀਜ਼ ਗੋ ਸਲੋਅ।"

"ਕਿਉਂ ਵੀਰ ਜੀ ਮੈਨਾ ਭਾਬੀ ਨੇ ਅੱਜਕੱਲ੍ਹ ਪੀ ਕੇ ਖਰੂਦ ਤਾਂ ਨਹੀਂ ਕਰਨਾ ਸ਼ੁਰੂ ਕਰ ਦਿੱਤਾ ਜਿਹੜੀ ਚਿੰਤੂ ਨੂੰ 'ਗੋ ਸਲੋਅ' ਦੀਆਂ ਨਸੀਹਤਾਂ ਦੇਣ ਦੀ ਲੋੜ ਪੈ ਗਈ ਹੈ ?" ਗੁਣਰਾਜ ਵੱਡੇ ਵੀਰ ਨੂੰ ਅੱਖ ਮਾਰ ਕੇ ਪੁੱਛਦਾ ਹੈ।

ਦਿਲਰਾਜ ਤਾਂ ਜਵਾਬ ਵਿਚ ਹਲਕਾ ਜਿਹਾ ਮੁਸਕਰਾ ਛੱਡਦਾ ਹੈ ਪਰ ਚਿੰਤੂ ਕਹਿਣੋਂ ਨਹੀਂ ਰਹਿੰਦੀ, "ਪੁੱਛੋ ਨਾ ਚਾਚਾ ਜੀ, ਦੋ ਡਰਿੰਕਸ ਵੱਧ ਹੋਈਆਂ ਨਹੀਂ ਕਿ ਮਾਮਾ ਦਾ ਮੂਡ ਹੱਥੋਂ ਨਿਕਲਿਆ ਨਹੀਂ। ਕੋਈ ਪਤਾ ਨਹੀਂ ਫੇਰ ਕਿਸ ਨਾਲ ਲੜ ਪੈਣ, ਕਿਸ ਨਾਲ ਰੁੱਸ ਪੈਣ। ਸੋ, ਪਲੀਜ਼ ਡੋਂਟ ਐਨਕਰੇਜ ਹਰ।"

"ਓਹ, ਕਮ ਔਨ..." ਮੈਨਾ ਭਾਬੀ ਹਲਕੇ ਜਿਹੇ ਰੋਸੇ ਨਾਲ ਚਿੰਤੂ ਨੂੰ ਹੋੜਦੀ ਹੈ। ਪਰ ਗੁਣਰਾਜ ਨੂੰ ਭਾਬੀ ਦੇ ਮੂੰਹ 'ਤੇ ਨਮੋਸ਼ੀ ਦਾ ਕੋਈ ਪਰਛਾਵਾਂ ਫਿਰ ਗਿਆ ਜਾਪਦਾ ਹੈ।

"ਤੂੰ ਸਾਡੇ ਕੋਲ ਫਰੈਂਕਫਰਟ ਕਦੋਂ ਆਉਣਾ ਹੈ, ਚਿੰਤੂ ? ਆ ਕੇ ਜ਼ਰਾ ਵੇਖ ਤਾਂ ਸਹੀ ਤੇਰੀ ਚਾਚੀ ਰੈਸਟੋਰੈਂਟ ਕਿਵੇਂ ਚਲਾਉਂਦੀ ਹੈ।" ਗੁਣਰਾਜ ਸਿਰਫ਼ ਮਾਹੌਲ ਬਦਲਣ ਲਈ ਸੁਲਾਹ ਮਾਰਦਾ ਹੈ।

"ਆਵਾਂਗੀ ਤਾਂ, ਜੇਕਰ ਮੈਨੂੰ ਹਾਈਡਲਬਰਗ ਲੈ ਕੇ ਚੱਲੋਗੇ। ਬਾਵਾਰੀਆ ਦਿਖਾ ਕੇ ਲਿਆਉਗੇ। ਨਾ ਮੈਨੂੰ ਫਰੈਂਕਫਰਟ ਵਿਚ ਦਿਲਚਸਪੀ ਹੈ ਤੇ ਨਾ ਹੀ ਤੁਹਾਡੇ ਰੈਸਟੋਰੈਂਟ ਦੇ ਨਕਲੀ ਮੁਗਲਈ ਖਾਣੇ ਵਿਚ।" ਅਚਿੰਤ ਦੀ ਸ਼ਾਇਦ ਉਮਰ ਹੀ ਮੂੰਹ ਫੱਟ ਜਵਾਬਾਂ ਦੀ ਹੈ।

"ਬਈ, ਤੇਰਾ ਚਾਚਾ ਤੈਨੂੰ ਆ ਕੇ ਚਾਚੀ ਦਾ ਹੱਥ ਵੰਡਾਉਣ ਦਾ ਸੱਦਾ ਦੇ ਰਿਹਾ ਹੈ। ਮੁਗਲਈ ਖਾਣਿਆ ਉਤੇ ਨਹੀਂ ਸੱਦ ਰਿਹਾ। ਕਿਉਂ ਗੁਣੀ ?" ਮੈਨਾ ਭਾਬੀ ਧੀ ਤੇ ਦਿਓਰ ਦੁਹਾਂ ਨੂੰ ਮੁਖਾਤਬ ਹੈ।

ਪਰ ਦੋਹਾਂ ਧਿਰਾਂ ਵੱਲੋਂ ਹੀ ਕਿਸੇ ਵੀ ਹੁੰਗਾਰੇ ਦੇ ਨਾ ਆਉਣ ਉਤੇ ਮੈਨਾ ਭਾਬੀ ਆਪਣੀ ਗੱਲ ਜਾਰੀ ਰੱਖਦੀ ਹੈ, "ਵੈਸੇ, ਪਹਿਲੋਂ ਤਾਂ ਤੈਨੂੰ ਮੁਗਲਈ ਖਾਣਾ ਬੜਾ ਪਸੰਦ ਸੀ। ਦਿੱਲੀ ਜਾ ਕੇ ਹਮੇਸ਼ਾ ਆਪਣੇ ਮਾਮੇ ਨੂੰ ਆਖਦੀ ਹੁੰਦੀ ਸੈਂ ਕਿ ਜਾਮਾ ਮਸਜਿਦ ਵਾਲੇ ਕਰੀਮ ਹੋਟਲ ਲੈ ਕੇ ਚੱਲੋ।"

"ਨੈਵਰ, ਉਹ ਤਾਂ ਮਾਮਾ ਜੀ ਹੀ ਸਾਨੂੰ ਹਮੇਸ਼ਾ ਜ਼ਬਰਦਸਤੀ ਘੜੀਸ ਕੇ ਲੈ ਜਾਂਦੇ ਸਨ, ਕਿਉਂਕਿ ਉਹ ਆਪ ਉਥੇ ਜਾਣ ਦਾ ਬਹਾਨਾ ਲੱਭਦੇ ਰਹਿੰਦੇ ਸਨ। ਮੈਨੂੰ ਤਾਂ ਉਹ ਘਿਓ ਨਾਲ ਨੁੱਚੜਦਾ ਖਾਣਾ ਕਦੇ ਵੀ ਪਸੰਦ ਨਹੀਂ ਸੀ। ਮੀਟ ਹੀ ਮੀਟ, ਇਕ-ਇਕ ਪਲੇਟ ਵਿਚ ਪੰਜ-ਪੰਜ ਹਜ਼ਾਰ ਕੈਲੋਰੀਜ਼।"

"ਲੈ, ਹੁਣ ਡਾਕਟਰ ਹੋ ਚੱਲੀ ਹੈ ਤਾਂ ਕੈਲੋਰੀਜ਼ ਯਾਦ ਆ ਗਈਆਂ ਹਨ। ਬਚਪਨ ਵਿਚ ਤਾਂ ਸੁਨਿੰਤ ਨਾਲ ਬੋਟੀ ਬੋਟੀ ਪਿੱਛੇ ਲੜਦੀ ਹੁੰਦੀ ਸੈਂ।" ਮੈਨਾ ਭਾਬੀ ਨਸ਼ਈ ਜਿਹੇ ਲਾਡ ਨਾਲ ਧੀ ਨੂੰ ਚੇਤੇ ਕਰਾਉਂਦੀ ਹੈ।

"ਮਾਮਾ, ਆਈ ਹੇਟ ਦਿਸ ਇਨ ਯੂ। ਆਪੇ ਹੀ ਕੋਈ ਗੱਲ ਘੜ ਕੇ ਆਪਣੇ ਅੰਦਰ ਫਸਾ ਲੈਂਦੇ ਹੋ ਤੇ ਫੇਰ ਉਸ ਨੂੰ ਸੱਚ ਮੰਨਣ ਲੱਗ ਪੈਂਦੇ ਹੋ। ਮੈਨੂੰ ਮੀਟ ਕਦੇ ਵੀ ਪਸੰਦ ਨਹੀਂ ਸੀ। ਨਾ ਉਦੋਂ-ਨਾ ਹੁਣ। ਤੁਸੀਂ ਮੈਨੂੰ ਸੁਨਿੰਤ ਨਾਲ ਕਨਫਿਊਜ਼ ਕਰ ਰਹੇ ਹੋ-ਪਰ ਮੰਨੋਗੇ ਨਹੀਂ।" ਅਚਿੰਤ ਦੇ ਲਹਿਜੇ

ਵਿਚ ਬੇਲੋੜਾ ਤਿੱਖਾਪਣ ਤੇ ਖਿਝ ਹੈ।

ਗੁਣਰਾਜ ਨੂੰ ਸਮਝ ਨਹੀਂ ਆਉਂਦੀ ਕਿ ਬੱਚਿਆਂ ਦੀ ਇਹ ਕਿਹੜੀ ਵਰ੍ਹੇਸ ਹੈ ਜਦੋਂ ਉਹ ਗੱਲੇ ਗੱਲੇ ਮਾਪਿਆਂ ਨੂੰ ਠਿੱਠ ਕਰਨ, ਸ਼ਿਸ਼ਕਾਰਨ ਦੇ ਰਾਹ ਤੁਰ ਪੈਂਦੇ ਨੇ। ਪਰ ਚਿੰਤੂ ਹੁਣ ਕੋਈ ਬੱਚੀ ਵੀ ਤਾਂ ਨਹੀਂ-ਚੌਵੀ ਸਾਲ ਦੀ ਹੋ ਚੱਲੀ ਹੈ। ਇੰਜ ਮੁੜ ਮੁੜ ਆਪਣੀ ਮਾਂ ਨੂੰ ਖਾਣ ਨੂੰ ਕਿਉਂ ਪੈਂਦੀ ਹੈ ? ਗੁਣਰਾਜ ਨੂੰ ਮੈਨਾ ਭਾਬੀ ਦਾ ਮੂੰਹ ਝੰਵਿਆਂ ਜਿਹਾ ਜਾਪਦਾ ਹੈ। ਚਿੰਤੂ ਨੇ ਐਵੇਂ ਹੀ ਫਿਜ਼ਾ ਵਿਚ ਤਲਖੀ ਘੋਲ ਦਿੱਤੀ ਹੈ। ਕੀ ਹੋਇਆ ਜੇ ਉਸਨੂੰ ਮੁਗਲਈ ਖਾਣਾ, ਮੀਟ ਪਸੰਦ ਨਹੀਂ। ਕੀ ਫਰਕ ਪੈਂਦਾ ਹੈ ਜੇ ਮੈਨਾ ਭਾਬੀ ਨੂੰ ਉਸਦੀ ਸਹੀ ਪਸੰਦ-ਨਾਪਸੰਦ ਚੇਤੇ ਨਹੀਂ। ਜੇ ਚਿੰਤੂ ਛੋਟੀ ਹੁੰਦੀ ਤਾਂ ਗੁਣਰਾਜ ਨੇ ਹੀ ਉਸਨੂੰ ਝਾੜ ਕੇ ਚੁੱਪ ਕਰਾ ਦੇਣਾ ਸੀ, ਪਰ ਚੌਵੀ ਵਰ੍ਹਿਆਂ ਦੀ ਕੁੜੀ ਨੂੰ ਤਾਂ ਬਾਪ ਬੋਲਦਾ ਵੀ ਚੰਗਾ ਨਹੀਂ ਲੱਗਦਾ, ਚਾਚੇ ਨੇ ਕੀ ਕਹਿਣਾ ਹੈ!

ਮੈਨਾ ਭਾਬੀ ਆਪ ਹੀ ਉਠ ਕੇ ਆਪਣੇ ਲਈ ਦੂਜਾ ਪੈੱਗ ਬਣਾਉਂਦੀ ਹੈ। ਖ਼ੌਰੇ ਡਰਦੀ ਹੈ ਚਿੰਤੂ ਨੂੰ ਕਿਹਾ ਤਾਂ ਕੁਝ ਹੋਰ ਨਾ ਸੁਣਨਾ ਪੈ ਜਾਵੇ। "ਖ਼ਤਮ ਕਰ ਆਪਣੀਆਂ ਆਖਰੀ ਦੋ ਬੂੰਦਾਂ ਤੇ ਤੇਰੇ ਲਈ ਵੀ ਨਵੀਂ ਬਣਾ ਦਿਆਂ" ਮੈਨਾ ਭਾਬੀ ਆਪਣੇ ਲਹਿਜੇ ਵਿਚ ਘਰ ਦੀ ਸੁਆਣੀ ਹੋਣ ਦਾ, ਤੇ ਦਾਈਏ ਵਾਲੀ ਭਾਬੀ ਹੋਣ ਦਾ ਹੱਕ ਭਰ ਕੇ ਕਹਿੰਦੀ ਹੈ।

ਦਿਲਰਾਜ ਨੂੰ ਤਾਂ ਪੁੱਛਣ ਦੀ ਅਜੇ ਲੋੜ ਹੀ ਨਹੀਂ। ਉਸ ਦਾ ਗਲਾਸ ਤਕਰੀਬਨ ਅਣਛੋਹਿਆ ਪਿਆ ਹੈ ਤੇ ਉਹ ਕਿਸੇ ਮੈਗਜ਼ੀਨ ਦੇ ਪੰਨੇ ਪਲਟ ਰਿਹਾ ਹੈ। ਇਕ ਆਦਮੀ ਜਿਹੜਾ ਏਸ ਕਮਰੇ ਵਿਚ ਮੌਜੂਦ ਹੈ ਵੀ, ਤੇ ਨਹੀਂ ਵੀ।

"ਵੀਰ ਜੀ, ਇਹ ਕੀ ਸਾਰਿਆਂ ਵਿਚ ਬੈਠ ਕੇ ਪੜ੍ਹੀ ਜਾਂਦੇ ਹੋ। ਕੋਈ ਸਾਡੀ ਆਇਆਂ ਦੀ ਕਦਰ ਵੀ ਕਰੋ।" ਗੁਣਰਾਜ ਇਕ ਵਾਰ ਫੇਰ ਘਿਰ ਚੁੱਕੇ ਤਨਾਅ ਨੂੰ ਹਟਾਉਣ ਲਈ ਹੰਭਲਾ ਮਾਰਦਾ ਹੈ।

ਵੀਰ ਜੀ ਮੈਗਜ਼ੀਨ ਤਹਿ ਕਰਕੇ ਪਾਸੇ ਰੱਖ ਦੇਂਦੇ ਹਨ, "ਗੁਣੀ, ਬੜਾ ਦਿਲਚਸਪ ਕਿੱਸਾ ਹੈ। ਪੁਰਾਣੇ ਜ਼ਮਾਨੇ ਦੀ ਇਕ ਮਸ਼ਹੂਰ ਐਕਟ੍ਰੈੱਸ ਦੀ ਲਾਸ਼ ਬੜੇ ਸ਼ੱਕੀ ਹਾਲਾਤ ਵਿਚ ਉਸਦੇ ਘਰ ਦੇ ਗੁਸਲਖਾਨੇ ਵਿਚ ਲੱਭੀ ਹੈ। ਤੇ ਪੁਲਸ ਨੇ ਉਹਦੇ ਪੁੱਤਰਾਂ ਨੂੰ ਹਿਰਾਸਤ ਵਿਚ ਲੈ ਲਿਆ ਹੈ।"

"ਪੁੱਤਰਾਂ ਨੇ ਮਾਂ ਮਾਰ ਦਿੱਤੀ...?" ਗੁਣਰਾਜ ਹੈਰਾਨੀ ਜ਼ਾਹਰ ਕਰਦਾ ਹੈ।

"ਪਾਪਾ, ਪੁੱਤਰ ਨਹੀਂ ਸਨ, ਉਹ ਉਸਦੇ। ਉਹ ਜਿਸ ਡਾਇਰੈਕਟਰ ਨਾਲ ਚਾਲੀ ਸਾਲਾਂ ਤੋਂ ਰਹਿ ਰਹੀ ਸੀ, ਇਹ ਉਸਦੇ ਪੁੱਤਰ ਸਨ। ਉਸ ਐਕਟ੍ਰੈੱਸ ਦੇ ਤਾਂ ਕੁਝ ਵੀ ਨਹੀਂ ਲੱਗਦੇ।" ਚਿੰਤੂ ਦੱਸਦੀ ਹੈ।

"ਠੀਕ ਹੀ ਤਾਂ ਕਹਿ ਰਹੇ ਹਨ ਤੇਰੇ ਪਾਪਾ। ਜਿਸ ਘਰ ਵਿਚ ਕੋਈ ਔਰਤ ਚਾਲੀ ਸਾਲ ਰਹੀ ਹੋਵੇ, ਉਸ ਘਰ ਦੇ ਬਾਲ ਉਸਦੇ ਬੱਚਿਆਂ ਵਰਗੇ ਹੀ ਤਾਂ ਹੋਏ ਨਾ।" ਮੈਨਾ ਭਾਬੀ ਧੀ ਨੂੰ ਆਖਦੀ ਹੈ।

"ਮਾਮਾ, ਬੱਚਿਆਂ ਵਰਗੇ ਹੋਣ ਤੇ ਆਪਣੇ ਬੱਚੇ ਹੋਣ ਵਿਚ ਬੜਾ ਫਰਕ ਹੁੰਦਾ ਹੈ। ਉਹ ਕਿਹੜਾ ਉਨ੍ਹਾਂ ਦੇ ਪਿਉ ਨਾਲ ਵਿਆਹੀ ਹੋਈ ਸੀ, ਕੀ ਪਤਾ ਉਹ ਸਾਰੀ ਉਮਰ ਉਸ ਨੂੰ ਨਫ਼ਰਤ ਹੀ ਕਰਦੇ ਰਹੇ ਹੋਣ..." ਚਿੰਤੂ ਕਹਿੰਦੀ ਹੈ।

ਗੁਣਰਾਜ ਸੋਚਦਾ ਹੈ 'ਬੱਚਿਆਂ ਵਰਗੇ' ਹੋਣ ਤੇ 'ਆਪਣੇ ਬੱਚਿਆਂ' ਵਿਚ ਕਿਹੜਾ ਬਹੁਤ ਫਰਕ ਰਹਿ ਗਿਆ ਹੈ, ਜੇ ਆਪਣੇ ਬੱਚਿਆਂ ਨੇ ਵੀ ਹੰਨੀ-ਬਹੰਨੀ ਮਾਪਿਆਂ ਨੂੰ ਕੋਹਣਾ ਹੀ ਹੁੰਦਾ ਹੈ। ਪਰ ਫੇਰ ਖਿਆਲ ਆਉਂਦਾ ਹੈ ਕਿ ਉਹ ਐਵੇਂ ਹੀ ਬਤੰਗੜਾਂ ਵਿਚ ਉਲਝ ਰਿਹਾ ਹੈ, ਚਿੰਤੂ ਨੇ ਕੋਈ ਏਨਾ ਵੀ ਠਾਹ ਸੋਟਾ ਨਹੀਂ ਮਾਰ ਦਿੱਤਾ ਕਿ ਉਹ ਉਸਨੂੰ ਕੋਸੀ ਹੀ ਜਾਵੇ।

"ਪੁਲਸ ਨੂੰ ਜਾਪਦਾ ਹੈ ਕਿ ਦਰਅਸਲ ਕੋਈ ਜਾਇਦਾਦ ਦਾ ਝਗੜਾ ਸੀ। ਉਹ ਡਾਇਰੈਕਟਰ ਆਪ ਤਾਂ ਦੋ ਕੁ ਵਰ੍ਹੇ ਹੋਏ ਮਰ ਗਿਆ ਸੀ ਪਰ ਘਰ ਏਸ ਐਕਟ੍ਰੈੱਸ ਅਤੇ ਆਪਣੇ ਪੁੱਤਰਾਂ ਦੇ ਨਾਂਅ ਕਰ



ਗਿਆ ਸੀ। ਹੁਣ ਬੰਬਈ ਵਰਗੇ ਸ਼ਹਿਰ ਵਿਚ ਕੀਮਤਾਂ ਹੀ ਕਰੋੜਾਂ ਤੀਕ ਪੁੱਜ ਗਈਆਂ ਨੇ। ਝਗੜਾ ਤਾਂ ਹੋਣਾ ਹੀ ਸੀ", ਵੀਰ ਜੀ ਪੂਰੀ ਦਿਲਚਸਪੀ ਨਾਲ ਏਸ ਕੇਸ ਵਿਚ ਉਲਝੇ ਹੋਏ ਹਨ।

"ਝਗੜੇ ਦਾ ਇਹ ਮਤਲਬ ਤਾਂ ਨਹੀਂ ਹੁੰਦਾ ਕਿ ਤੁਸੀਂ ਕਿਸੇ ਨੂੰ ਮਾਰ ਹੀ ਮੁਕਾਓ" ਮੈਨਾ ਭਾਬੀ ਕਹਿੰਦੀ ਹੈ।

"ਭਾਬੀ ਜੀ, ਦਰਅਸਲ ਸਾਰੀ ਮੁਸੀਬਤ ਦੀ ਜੜ੍ਹ ਇਹ ਜਾਇਦਾਦ ਤੇ ਪੈਸਾ ਹੀ ਹੈ। ਭਰਾ-ਭਰਾ ਵੀ ਆਪਸ ਵਿਚ ਲੜ ਕੇ ਮਰਨ ਲਈ ਤਿਆਰ ਹੋ ਜਾਂਦੇ ਹਨ। ਜਿੰਨਾ ਵੱਧ ਪੈਸਾ, ਓਨੇ ਵੱਧ ਝਗੜੇ।"

"ਬਈ, ਤੂੰ ਕਿਸ ਪਾਸੇ ਵੱਲ ਇਸ਼ਾਰਾ ਕਰ ਰਿਹਾ ਹੈਂ। ਮੈਂ ਤੇਰਾ ਕੁਝ ਦੇਣਾ-ਲੈਣਾ ਤੇ ਨਹੀਂ?" ਵੀਰ ਜੀ ਹੱਸਦੇ ਹਨ।

"ਚਾਲੀ ਸਾਲ ਉਸ ਔਰਤ ਨੇ ਉਸ ਘਰ ਵਿਚ ਗਾਲ ਦਿੱਤੇ। ਉਹਨਾਂ ਮੁੰਡਿਆਂ ਨੂੰ ਉਸ ਨੇ ਪਾਲਿਆ ਪੜ੍ਹਾਇਆ ਵੀ ਹੋਵੇਗਾ। ਹਮੇਸ਼ਾ ਉਹਨਾਂ ਦੇ ਪਿਉ ਦੇ ਨਾਲ ਰਹੀ, ਉਨ੍ਹਾਂ ਦੀ ਮਾਂ ਦੀ ਥਾਂ ਸੀ। ਤੇ ਪਿਉ ਦੇ ਮਰਦਿਆਂ ਹੀ ਉਹਨਾਂ ਉਸ ਵਿਚਾਰੀ ਨਾਲ ਇਹ ਕੀਤਾ..." ਮੈਨਾ ਭਾਬੀ ਉਸ ਐਕਟ੍ਰੈੱਸ ਦੇ ਕਿੱਸੇ ਵਿਚ ਹੀ ਗ਼ਲਤਾਨ ਹੈ।

"ਮਾਮਾ, ਬੇਵਕੂਫ਼ੀ ਤਾਂ, ਉਸ ਆਦਮੀ ਦੀ ਹੈ ਜੋ ਆਪਣੀ 'ਮਿਸਟ੍ਰੈੱਸ' ਤੇ ਪੁੱਤਰਾਂ ਨੂੰ ਜਾਇਦਾਦ ਵਿਚ ਸਾਂਝਾ ਹਿੱਸਾ ਦੇ ਗਿਆ। ਸਾਰਾ ਕੁਝ ਸਾਫ-ਸਾਫ ਵੰਡ ਕੇ ਜਾਂਦਾ ਤਾਂ ਇਹੋ ਜਿਹੀ ਨੌਬਤ ਹੀ ਨਾ ਆਉਂਦੀ।"

"ਚਾਲੀ ਵਰ੍ਹੇ ਉਹ ਉਸ ਆਦਮੀ ਨਾਲ ਰਹੀ, ਜਵਾਨ ਤੋਂ ਬੁੱਢੀ ਹੋ ਗਈ ਉਸ ਨਾਲ ਰਹਿੰਦਿਆਂ ਰਹਿੰਦਿਆਂ ਤੇ ਅਜੇ ਵੀ ਉਹ 'ਮਿਸਟ੍ਰੈੱਸ' ਹੀ ਰਹੀ। ਆਪਣੇ 'ਮਾਸਟਰ' ਦੀ 'ਮਿਸਟ੍ਰੈੱਸ'-ਘਰ ਦੇ ਮਾਲਕ ਦੀ ਰਖੇਲ। ਕੋਈ ਵੁੱਕਤ ਨਹੀਂ ਉਸਦੀ, ਕੋਈ ਹੱਕ ਨਹੀਂ ਉਸਦਾ ?" ਮੈਨਾ ਭਾਬੀ ਦਾ ਸੁਰ ਉਚਾ ਹੋ ਰਿਹਾ ਹੈ।

"ਮਾਮਾ, ਤੁਸੀਂ ਵੀ ਇਕ ਗੱਲ ਦੇ ਪਿੱਛੇ ਹੀ ਪੈ ਜਾਂਦੇ ਹੋ। ਮੇਰਾ ਮਤਲਬ ਉਸ ਔਰਤ ਨੂੰ ਛੁਟਿਆਉਣ ਦਾ ਨਹੀਂ ਸੀ। ਮੈਂ ਤਾਂ ਸਿਰਫ਼ ਇਹ ਕਹਿ ਰਹੀ ਹਾਂ ਕਿ ਚੰਗਾ ਹੁੰਦਾ ਜੇਕਰ ਉਹ ਆਦਮੀ ਮਰਨ ਤੋਂ ਪਹਿਲਾਂ ਸਾਰਿਆਂ ਨੂੰ ਅੱਡ ਅੱਡ ਕਰ ਕੇ ਜਾਂਦਾ, ਆਪੋ ਆਪਣਾ ਹਿੱਸਾ ਦੇ ਕੇ। ਮਿਸਟ੍ਰੈੱਸ ਸੀ ਜਾਂ ਪਤਨੀ, ਕੀ ਫ਼ਰਕ ਪੈਂਦਾ ਹੈ ? ਪੈਸੇ ਪਿੱਛੇ ਤਾਂ ਅੱਜਕੱਲ ਪੁੱਤਰ ਆਪਣੀ ਸਕੀ ਮਾਂ ਨੂੰ. ਵੀ ਮਾਰ ਮੁਕਾਉਂਦੇ ਨੇ। ਮੈਂ ਕਦੋਂ ਕਹਿ ਰਹੀ ਹਾਂ ਕਿ ਉਸਦਾ ਕੋਈ ਹੱਕ ਨਹੀਂ ਸੀ ਜਾਂ ਕੋਈ ਵੁੱਕਤ ਨਹੀਂ ਸੀ ਹੋਣੀ ਚਾਹੀਦੀ।" ਚਿੰਤੂ ਆਪਣੇ ਵੱਲੋਂ ਬਹਿਸ ਮੁਕਾਉਣਾ ਚਾਹੁੰਦੀ ਹੈ।

"ਵੈਸੇ ਚਿੰਤੂ ਉਸ ਨੇ ਕਿਹੜੀਆਂ ਫ਼ਿਲਮਾਂ ਵਿਚ ਕੰਮ ਕੀਤਾ ਸੀ? ਮੈਨੂੰ ਤਾਂ ਕੋਈ ਖਾਸ ਚੇਤੇ ਵੀ ਨਹੀਂ ਇਹ ਐਕਟ੍ਰੈੱਸ" ਗੁਣਰਾਜ ਗੱਲਬਾਤ ਨੂੰ ਕੋਈ ਹੋਰ ਮੋੜਾ ਦੇਣਾ ਚਾਹੁੰਦਾ ਹੈ।

"ਮੈਨੂੰ ਕਿਹੜਾ ਕੋਈ ਪਤਾ ਹੈ ਚਾਚਾ ਜੀ, ਇਹ ਸਭ ਮੇਰੇ ਵੇਲੇ ਤੋਂ ਪਹਿਲਾਂ ਦੀਆਂ ਫਿਲਮਾਂ ਸਨ। ਸਗੋਂ ਤੁਹਾਡੇ ਤੇ ਪਾਪਾ ਦੇ ਜ਼ਮਾਨੇ ਦੀਆਂ ਫਿਲਮਾਂ ਸਨ।"

"ਗੁਣੀ, ਤੈਨੂੰ ਯਾਦ ਏਸ ਲਈ ਨਹੀਂ ਕਿ ਉਸਨੇ ਕੋਈ ਬਹੁਤੀਆਂ ਫਿਲਮਾਂ ਕੀਤੀਆਂ ਹੀ ਨਹੀਂ। ਹਮੇਸ਼ਾ ਓਸੇ ਡਾਇਰੈਕਟਰ ਦੀਆਂ ਫਿਲਮਾਂ ਵਿਚ ਆਉਂਦੀ ਸੀ- ਜਿਸ ਨਾਲ ਰਹਿੰਦੀ ਸੀ। ਬਾਹਰਲੀ ਕੋਈ ਫਿਲਮ ਉਸਨੇ ਕੀਤੀ ਹੀ ਨਹੀਂ ਕਦੇ। ਉਂਜ ਉਹ ਕੋਈ ਬਹੁਤ ਵਧੀਆ ਐਕਟ੍ਰੈੱਸ ਸੀ ਵੀ ਨਹੀਂ ਭਾਵੇਂ ਸੁਹਣੀ ਬੜੀ ਸੀ। ਬੜੀ ਸੀਮਤ ਤੇ 'ਵੁੱਡਨ' ਜਿਹੀ ਐਕਟ੍ਰੈੱਸ ਸੀ। ਬਾਹਰਲੇ ਕਿਸੇ ਡਾਇਰੈਕਟਰ ਨੇ ਕਦੇ ਉਸਨੂੰ ਲਿਆ ਹੀ ਨਹੀਂ।" ਵੀਰ ਜੀ ਦੱਸਦੇ ਹਨ।

"ਬਾਹਰਲੇ ਕਿਸੇ ਡਾਇਰੈਕਟਰ ਨੇ ਉਸਨੂੰ ਲਿਆ ਹੀ ਨਹੀਂ ? ਤੁਹਾਨੂੰ ਕਿਸਨੇ ਦੱਸੀ ਹੈ ਇਹ

ਗੱਲ ? ਤੁਹਾਨੂੰ ਪਤਾ ਹੈ ਕਿ ਉਹਦਾ ਡਾਇਰੈਕਟਰ ਦੋਸਤ ਚਾਹੁੰਦਾ ਹੀ ਨਹੀਂ ਸੀ ਕਿ ਉਹ ਹੋਰ ਕਿਸੇ ਦੀ ਵੀ ਫ਼ਿਲਮ ਵਿਚ ਕੰਮ ਕਰੇ ? ਏਨੀ ਸੁਹਣੀ ਔਰਤ ਨੂੰ ਆਪਣੇ ਕਬਜ਼ੇ ਵਿਚ ਰੱਖਣਾ ਚਾਹੁੰਦਾ ਸੀ। ਬੁੱਢਾ ਹੋ ਰਿਹਾ ਸੀ, ਫ਼ਿਲਮਾਂ ਉਸਦੀਆਂ ਚਲਦੀਆਂ ਨਹੀਂ ਸਨ। ਜੱਫਾ ਮਾਰ ਕੇ ਰੱਖਣਾ ਚਾਹੁੰਦਾ ਸੀ ਏਨੀ ਸੁਹਣੀ ਔਰਤ ਨੂੰ। ਡਰਦਾ ਸੀ ਕਿਤੇ ਚਲੀ ਨਾ ਜਾਵੇ ਕਿਸੇ ਹੋਰ ਨਾਲ। ਸਾਰੀ ਜ਼ਿੰਦਗੀ ਗਾਲ ਛੱਡੀ ਉਸ ਆਦਮੀ ਲਈ, ਤੇ ਫੇਰ ਓਸੇ ਦੇ ਪੁੱਤਰਾਂ ਹੱਥੋਂ ਮਾਰੀ ਵੀ ਗਈ। ਕੀ ਲੱਭਿਆ ਉਸ ਵਿਚਾਰੀ ਨੂੰ ...।" ਮੇਨਾ ਭਾਬੀ ਜਿਵੇਂ ਆਪਣੀ ਕਿਸੇ ਸਹੇਲੀ ਲਈ ਕੀਰਨੇ ਪਾ ਰਹੀ ਹੋਵੇ।

"ਚਲੋ ਛੱਡੋ ਭਾਬੀ ਜੀ, ਇਹ ਸਭ ਫਿਲਮੀ ਦੁਨੀਆਂ ਦੇ ਅਜੀਬੋ ਗਰੀਬ ਕਿੱਸੇ ਨੇ।" ਗੁਣਰਾਜ ਇਕ ਵਾਰ ਫੇਰ ਗੱਲ ਮੁਕਾਉਣ ਦੀ ਕੋਸ਼ਿਸ਼ ਕਰਦਾ ਹੈ। ਸਾਫ਼ ਹੈ ਕਿ ਮੇਨਾ ਭਾਬੀ ਨੂੰ ਥੋੜ੍ਹੀ ਚੜ੍ਹ ਵੀ ਗਈ ਹੈ ਤੇ ਹੁਣ ਉਸਦਾ ਰੌਂ ਉਸ ਦੇ ਹੱਥੋਂ ਸੱਚਮੁੱਚ ਤਿਲਕਦਾ ਜਾ ਰਿਹਾ ਹੈ।

"ਫਿਲਮੀ ਦੁਨੀਆਂ ਦੇ ਕਿੱਸੇ ਸਾਡੀ ਜ਼ਿੰਦਗੀ ਦੇ ਕਿੱਸਿਆਂ ਨਾਲੋਂ ਵੱਖਰੇ ਨਹੀਂ ਹੁੰਦੇ ਗੁਣਰਾਜ। ਤੇ ਨਾ ਹੀ ਇਹ ਕੋਈ ਏਡੇ ਅਜੀਬੋ ਗਰੀਬ ਨੇ। ਸਾਰੀ ਉਮਰ ਗਾਲ ਦੇਂਦੀ ਹੈ ਔਰਤ, ਆਪਣੇ ਮਰਦ ਦਾ ਘਰ ਸਾਂਭਣ ਸੰਵਾਰਨ ਉਤੇ। ਉਸਦੇ ਬੱਚਿਆਂ ਨੂੰ ਪਾਲਣ ਪੜ੍ਹਾਉਣ ਉਤੇ। ਉਸਦੇ ਦੋਸਤਾਂ ਨੂੰ ਝੱਲਣ-ਭੁਗਤਾਉਣ ਉਤੇ। ਭੁੱਲ ਜਾਂਦੀ ਹੈ ਕਿ ਉਸ ਵਿਚ ਕੋਈ ਹੁਨਰ ਸੀ। ਭੁੱਲ ਜਾਂਦੀ ਹੈ ਕਿ ਉਹਦੀਆਂ ਆਪਣੀਆਂ ਵੀ ਕੋਈ ਸੱਧਰਾਂ ਸਨ। ਵਿਸਾਰ ਦੇਂਦੀ ਹੈ ਕਿ ਉਸਦੀ ਆਪਣੀ ਵੀ ਕੋਈ ਪਛਾਣ ਹੋਣੀ ਚਾਹੀਦੀ ਸੀ। ਘਰ ਦੇ ਫਰਨੀਚਰ ਦਾ ਇਕ ਹਿੱਸਾ ਹੋ ਕੇ ਰਹਿ ਜਾਂਦੀ ਹੈ ਔਰਤ। ਕਿਸੇ ਕੋਨੇ ਵਿਚ ਪਈ ਰਹਿ ਜਾਂਦੀ ਹੈ। ਡੋਂਟ ਯੂ ਟੈਲ ਮੀ ਇਹ ਫਿਲਮੀ ਦੁਨੀਆਂ ਦੇ ਕਿੱਸੇ ਨੇ। ਅੱਖਾਂ ਖੋਲ੍ਹ ਕੇ ਦੇਖਣ ਦੀ ਕੋਸ਼ਿਸ਼ ਕਰ ਗੁਣਰਾਜ। ਕਾਹਦੇ ਲਈ ਕਰਦੀ ਹੈ ਇਹ ਸਭ ਕੁਝ ਔਰਤ, ਕਿਉਂ ਗਾਲਦੀ ਹੈ ਆਪਣੀ ਸਾਰੀ ਉਮਰ ਆਪਣੇ ਮਰਦ ਵਾਸਤੇ, ਜਿਸ ਨਾਲੋਂ ਉਹ ਕਿਸੇ ਗੱਲੋਂ ਵੀ ਘੱਟ ਨਹੀਂ ਸੀ। ਕਿਉਂ ਨਾ ਉਸ ਔਰਤ ਨੇ ਅੜੀ ਕਰਕੇ ਆਪਣਾ ਹਿੱਸਾ ਪਹਿਲੋਂ ਹੀ ਮੰਗ ਲਿਆ। ਕਿਉਂ ਰਹਿੰਦੀ ਰਹੀ ਉਹ ਉਸ ਦੇ ਪੁੱਤਰਾਂ ਨਾਲ ? ਉਸ ਕਮਾਈ ਵਿਚ ਉਸ ਐਕਟ੍ਰੈਸ ਦਾ ਹਿੱਸਾ ਵੀ ਤਾਂ ਸੀ। ਫਿਲਮਾਂ ਉਸ ਕਰਕੇ ਵੀ ਤਾਂ ਚੱਲੀਆਂ ਸਨ, ਕਿਉਂ ਨਾ ਸਮਝ ਸਕੇ ਉਸ ਆਦਮੀ ਦੇ ਪੁੱਤਰ ਏਸ ਗੱਲ ਨੂੰ ? ਕੋਈ ਖੈਰਾਤ ਨਹੀਂ ਸੀ ਦੇ ਕੇ ਗਿਆ ਉਨ੍ਹਾਂ ਦਾ ਪਿਉ ਉਸ ਐਕਟ੍ਰੈਸ ਨੂੰ।" ਭਾਬੀ ਦੇ ਰੋਹ ਵਿੱਚ ਘੁਲਿਆ ਨਸ਼ਾ ਉਸਦੀਆਂ ਗੱਲਾਂ ਨੂੰ ਏਧਰੋਂ-ਓਧਰ ਖਿੜਕਾ ਰਿਹਾ ਹੈ। ਤੰਦ ਛੂੰਹਦੀ ਕਿਤੋਂ ਹੈ, ਫੜਦੀ ਕਿਤੋਂ ਹੋਰ।

"ਸੋ ਮੈਨੂੰ ਨਾ ਕੋਈ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਉਹ 'ਵੁੱਡਨ' ਐਕਟ੍ਰੈਸ ਸੀ। ਮੈਨੂੰ ਨਾ ਦੱਸੋ ਕਿ ਉਸ ਵਿਚ ਟੇਲੈਂਟ ਨਹੀਂ ਸੀ। ਤੁਸੀਂ ਕਿਵੇਂ ਦਾਅਵੇ ਨਾਲ ਕਹਿ ਸਕਦੇ ਹੋ ਕਿ ਨੁਕਸ ਉਸ ਡਾਇਰੈਕਟਰ ਵਿਚ ਨਹੀਂ ਸੀ ? ਕੀ ਪਤਾ ਜੇਕਰ ਉਸਨੂੰ ਕਿਸੇ ਹੋਰ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਦਾ ਤਾਂ ਉਹ ਕਿੰਨਾ ਕੁ ਨਿੱਖਰ ਕੇ ਸਾਹਮਣੇ ਆਉਂਦੀ। ਸ਼ਾਇਦ ਓਸੇ ਦੇ ਕਿੱਲੇ ਨਾਲ ਬੱਝੀ ਰਹਿਣ ਕਾਰਨ ਉਸਦਾ ਸਾਰਾ 'ਟੇਲੈਂਟ' ਹੀ ਮਾਰਿਆ ਗਿਆ। ਮੈਂ ਤਾਂ ਕਹਿੰਦੀ ਹਾਂ ਬੇਵਕੂਫ਼ ਸੀ ਉਹ ਔਰਤ, ਜਿਸ ਨੇ ਚਾਲੀ ਵਰ੍ਹੇ ਉਸ ਆਦਮੀ ਤੇ ਉਸਦੇ ਨਾਸ਼ੁਕਰੇ ਪੁੱਤਰਾਂ ਨਾਲ ਗਾਲ ਦਿੱਤੇ... ਬੁੱਢੀ ਹੋ ਗਈ ਉਨ੍ਹਾਂ ਦੇ ਘਰ ਦੀਆਂ ਕੰਧਾਂ ਵਿਚ ਘਿਰੀ ਹੋਈ... ਤੇ ਮਰ ਗਈ ਫੇਰ ਉਸੇ ਹੀ ਘਰ ਵਿਚ... ਬੇਵਕੂਫ਼ ਔਰਤ..." ਬੋਲਦਿਆਂ ਬੋਲਦਿਆਂ ਮੇਨਾ ਭਾਬੀ ਹਫ਼ਣ ਲੱਗ ਪਈ ਹੈ।

ਤੇ ਗੁਣਰਾਜ ਦੇ ਜ਼ਿਹਨ ਵਿਚ ਵਰ੍ਹਿਆਂ ਦੇ ਹਨੇਰੇ ਲੰਘ ਕੇ ਇਕ ਪੁਰਾਣੀ ਗੱਲ ਕਿਸੇ ਬਿਜਲੀ ਵਾਂਗ ਲਿਸ਼ਕ ਜਾਂਦੀ ਹੈ। ਗੁਰਬਖ਼ਸ਼ ਸਿੰਘ ਵਾਲੀ ਭਾਬੀ ਮੇਨਾ ਹੀ ਨਹੀਂ, ਮੇਨਾ ਭਾਬੀ ਵੀ ਤਾਂ ਬੜੀ 'ਟਰੈਜਿਕ ਫਿਗਰ' ਹੈ।OO

[210-ਮੁਨੀਰਕਾ ਐਨਕਲੇਵ, ਨਵੀਂ ਦਿੱਲੀ-110 067]



# ਖ਼ਾਲੀ ਮਕਾਨ

**ਤਲਵਿੰਦਰ ਸਿੰਘ**

ਫੋਨ ਦੀ ਘੰਟੀ ਵੱਜੀ ਤਾਂ ਕਮਰੇ ਵਿਚਲੀ ਚੁੱਪ ਟੁੱਟੀ। ਰਿਸੀਵਰ ਚੁੱਕਿਆ। ਸਿੰਮੀ ਬੋਲ ਰਹੀ ਸੀ- 'ਹੈਲੋ ਮੰਮਾਂ, ਅਸੀਂ ਠੀਕ ਠਾਕ ਸ਼ਿਮਲੇ ਆ ਪਹੁੰਚੇ ਆਂ। ਗੁਲਮਰਗ 'ਚ ਵਧੀਆ ਫੈਮਿਲੀ ਸੂਟ ਮਿਲ ਗਿਐ। ਲੱਕੀ ਲੀ ਹੁਣੇ ਸਨੋਫਾਲ ਸ਼ੁਰੂ ਹੋਈ ਏ, ਬੜਾ ਵੰਡਰਫੁਲ ਨਜ਼ਾਰਾ ਏ... ਅਸੀਂ ਬਹੁਤ ਮਿੱਸ ਕਰ ਰਹੇ ਆਂ ਤੁਹਾਨੂੰ ...।'

ਮੈਂ ਉਹਨੂੰ ਰੱਜ ਰੱਜ ਖੁਸ਼ੀਆਂ ਮਾਨਣ ਦੀ ਅਸੀਸ ਦਿੱਤੀ। ਰਿਸੀਵਰ ਰੱਖਿਆ ਤੇ ਤਕੀਏ ਨਾਲ ਢਾਸਣਾ ਲਾ ਲਿਆ। ਅੱਖਾਂ 'ਚ ਹੰਝੂ ਸਿੰਮੇ ਤੇ ਮੇਰੀਆਂ ਗੱਲ੍ਹਾਂ 'ਤੇ ਸਰਕ ਆਏ। ਗੱਲ੍ਹਾਂ ਨੂੰ ਪੋਟਿਆਂ ਨਾਲ ਸਾਫ਼ ਕਰ ਸਾਹਮਣੀ ਕੰਧ 'ਤੇ ਲੱਗੀ ਸਿੱਧੂ ਸਾਹਿਬ ਦੀ ਤਸਵੀਰ ਨੂੰ ਵੇਖਣ ਲੱਗੀ। ਇਕੱਲਤਾ ਹੋਰ ਗਹਿਰੀ ਹੋਣ ਲੱਗੀ। ਚੁੱਪ ਦਾ ਆਲਮ ਹੋਰ ਸੰਘਣਾ ਹੋਣ ਲੱਗਾ।

ਸਿੰਮੀ ਦਾ ਵਿਗੋਚਾ ਦਿਲ ਨੂੰ ਸੱਲ੍ਹਣ ਲੱਗਾ। ਬਥੇਰੀ ਧਰਵਾਸ ਦਿੱਤੀ ਦਿਲ ਨੂੰ ਕਿ ਧੀ ਨੇ ਆਖਰ ਜਾਣਾ ਹੀ ਸੀ। ਇਹ ਤਾਂ ਹਕੀਕੀ ਵਰਤਾਰਾ ਸੀ ਇਕ। ਫਿਰ ਕਿੰਨੀ ਖੁਸ਼ ਹੈ ਉਹ। ਆਪਣੀਆਂ ਖੁਸ਼ੀਆਂ ਮੇਰੇ ਨਾਲ ਸਾਂਝੀਆਂ ਕਰ ਰਹੀ। ਮੇਰਾ ਮਨ ਟਿਕ ਜਾਣਾ ਚਾਹੀਦੈ ਹੁਣ। ਮਨ ਨੂੰ ਟਿਕਾਉਣ ਦੀ ਨੀਅਤ ਨਾਲ ਮੈਂ ਇਧਰ ਉਧਰ ਕਰਨ ਗੋਚਰੇ ਕਿਸੇ ਕੰਮ ਦੀ ਭਾਲ ਵਿਚ ਵੇਖਿਆ। ਕੀ ਕਰਾਂ? ਰਸੋਈ ਵਿਚ ਵੜਨ ਨੂੰ ਉਕਾ ਦਿਲ ਨਹੀਂ। ਭੁੱਖ ਵੀ ਉੱਕਾ ਨਹੀਂ। ਕੁਝ ਕਪੜੇ ਲੱਤੇ ਇਧਰ ਉਧਰ ਖਿੱਲਰੇ ਪਏ ਸਨ, ਜਿਨ੍ਹਾਂ ਨੂੰ ਉਠ ਕੇ ਥਾਂ-ਸਿਰ ਕਰਨ ਲਈ ਮੇਰੇ ਸਰੀਰ ਨੇ ਸ਼ਾਹਦੀ ਨਾ ਭਰੀ। ਖਿੜਕੀ ਰਾਹੀਂ ਬਾਹਰ ਝਾਕਿਆ, ਪਲ ਪਲ ਉਤਰ ਰਹੀ ਰਾਤ ਚੈਲਿੰਜ ਬਣ ਰਹੀ ਸੀ। ਸੰਨਾਟਾ ਡੂੰਘਾ ਹੋ ਰਿਹਾ ਸੀ। ਇਕੱਲਤਾ ਬੋਝ ਬਣ ਕੇ ਸਿਰ 'ਤੇ ਸਵਾਰ ਹੋ ਰਹੀ ਸੀ।

ਬੀਤੀ ਰਾਤ ਕੁਝ ਰਿਸ਼ਤੇਦਾਰਾਂ ਦੀ ਹਾਜ਼ਰੀ 'ਚ ਮਨ ਪਰਚਿਆ ਰਿਹਾ ਸੀ। ਸਿੰਮੀ ਦੀ ਘਾਟ ਇੰਜ ਮਹਿਸੂਸ ਨਹੀਂ ਸੀ ਹੋਈ। ਵਿਆਹ ਦੇ ਸੁੱਖੀਂ ਸਾਂਦੀ ਭੁਗਤ ਜਾਣ ਦੀਆਂ ਗੱਲਾਂ ਹੁੰਦੀਆਂ ਰਹੀਆਂ। ਬੈਂਕ ਵਿਚ ਅਫਸਰ ਲੱਗੇ, ਸਿੰਮੀ ਦੇ ਪ੍ਰਾਹੁਣੇ ਜਤਿੰਦਰ ਦੀਆਂ ਗੱਲਾਂ ਵਿਚ ਵਕਤ ਭਰਿਆ ਰਿਹਾ। ਰਿਸ਼ਤੇਦਾਰ ਤੇ ਆਂਢੀ ਗੁਆਂਢੀ ਜੋੜੀ ਦੀ ਫੱਬਤ ਨੂੰ ਸਲਾਹੁੰਦੇ ਰਹੇ। ਧੀ ਦੇ ਡੋਲੀ ਚੜ੍ਹਨ ਦੀ ਕਸਕ ਵਿਚ, ਸਿੰਮੀ ਦੀਆਂ ਖੁਸ਼ੀਆਂ ਦੀ ਮਿਠਾਸ ਘੁਲਦੀ ਰਹੀ। ਕਿੰਨੀ ਫਿਕਰਮੰਦ ਸਾਂ ਮੈਂ ਉਸਦੇ ਭਵਿੱਖ ਦੀਆਂ ਕਿਆਸਅਰਾਈਆਂ ਲਾਉਂਦੀ। ਉਸਦਾ ਹੁਸਨ ਤੇ ਨਿੱਖਰੀ ਜਵਾਨੀ ਵੇਖਦੀ ਤਾਂ ਅੰਦਰ ਕੋਈ ਖੋਹ ਪੈਣ ਲਗਦੀ। ਇੰਨ ਬਿੰਨ ਮੇਰਾ ਰੂਪ ਸੀ ਸਿੰਮੀ। ਸ਼ੋ-ਕੇਸ 'ਚ ਪਈ ਮੇਰੀ ਪੰਝੀ ਵਰ੍ਹੇ ਪੁਰਾਣੀ ਤਸਵੀਰ ਜ਼ਾਮਨ ਸੀ। ਸਿੰਮੀ ਦੇ ਨੈਣ ਨਕਸ਼ ਹੂ-ਬ-ਹੂ ਮੇਰੇ 'ਤੇ ਸਨ। ਉਸਨੂੰ ਤਿਆਰ ਕਰ ਰਹੀ ਸਾਂ, ਜਿਵੇਂ ਆਪ ਤਿਆਰ ਹੋ ਰਹੀ ਸਾਂ। ਵਕਤ ਸੁੰਗੜ ਕੇ ਜਿਵੇਂ ਮਨਫੀ ਹੋ ਗਿਆ ਸੀ। ਘੜੀ ਪਲ ਲਈ ਤਾਂ ਮੈਂ ਕਿਧਰੇ ਗੁਆਚ ਹੀ ਗਈ ਸਾਂ। ਫਿਰ ਹੋਸ਼ ਪਰਤੀ ਸੀ। ਵਕਤ ਨੂੰ ਆਪਣੇ ਦਰਮਿਆਨ ਖੜ੍ਹਾ ਕੀਤਾ ਸੀ। ਸਿੰਮੀ ਨੂੰ ਹਿੱਕ ਨਾਲ ਲਾ ਕੇ ਹੰਝੂਆਂ ਦਾ ਡੱਕਾ ਖੋਲ੍ਹਿਆ ਸੀ।

ਅੱਜ ਸਵੇਰੇ ਉਨ੍ਹਾਂ ਨੂੰ ਸ਼ਿਮਲੇ ਹਨੀਮੂਨ ਲਈ ਰਵਾਨਾ ਕੀਤਾ। ਘੜੀ ਸਾਢੇ ਸੱਤ ਵਜਾ ਰਹੀ ਸੀ। ਮੇਰੀ ਲਾਡਾਂ ਪਾਲੀ ਧੀ ਦੇ ਜੀਵਨ ਦੀ ਅਤਿਅੰਤ ਹੁਸੀਨ ਰਾਤ ਉਤਰ ਰਹੀ ਸੀ। ਜਨਵਰੀ ਮਹੀਨੇ ਦੀ ਇਹ ਸਰਦ ਰਾਤ, ਫਿਰ ਸ਼ਿਮਲੇ ਵਿਚ, ਉਤੋਂ ਸਨੋਫਾਲ। ਕਿਤੇ ਠੰਢ...। ਪਰ ਨਹੀਂ, ਮੈਂ ਵੀ ਕੈਸੀਆਂ ਅਜੀਬ ਗੱਲਾਂ ਸੋਚ ਰਹੀ ਸਾਂ। ਸਾਥ ਨਿੱਘਾ ਹੋਵੇ ਤਾਂ ਠੰਢ ਕਾਹਦੀ? ਅਚਾਨਕ ਮੇਰੇ ਸਿਰ ਵਿਚੋਂ ਇਕ ਸੀਤ ਲਹਿਰ ਗੁਜ਼ਰ ਗਈ। ਸਾਧੂ ਤੇ ਦੇਵਤਾ ਪੁਰਸ਼ ਸਿੱਧੂ ਸਾਹਿਬ

ਦੀ ਤਸਵੀਰ ਵੱਲ ਅਜੀਬ ਹਿਕਾਰਤ ਨਾਲ ਵੇਖਿਆ। ਬੜੀ ਦੇਰ ਪਿੱਛੋਂ ਮੈਨੂੰ ਪਤਾ ਲੱਗਾ ਸੀ ਕਿ ਇਸ ਬੰਦੇ ਪ੍ਰਤੀ ਮੇਰੇ ਅੰਦਰ ਨਫਰਤ ਦਾ ਕੋਈ ਬੂਟਾ ਉਗਦਾ ਪਿਆ ਸੀ। ਮੈਂ ਤਾਂ ਜ਼ਿੰਦਗੀ ਨੂੰ ਇੰਨ ਬਿੰਨ ਉਨ੍ਹਾਂ ਅਰਥਾਂ ਵਿਚ ਹੀ ਸਵੀਕਾਰਿਆ ਸੀ, ਜਿਨ੍ਹਾਂ 'ਚ ਮੈਨੂੰ ਉਹ ਪ੍ਰਾਪਤ ਹੋਈ ਸੀ। ਕਿਸ ਦਾ ਕਸੂਰ ਸੀ ਉਹ? ਮੇਰੇ ਕਰਮਾਂ ਦਾ ਜਾਂ ਮੇਰੀ ਅੰਮਾਂ ਦਾ? ਮੇਰੀ ਅੰਮਾਂ ਨੇ ਕਦੇ ਮੇਰਾ ਬੁਰਾ ਨਹੀਂ ਸੋਚਿਆ ਹੋਊ? ਉਹਨੇ ਤਾਂ ਆਪਣੀ ਜਾਚੇ ਭਲਾ ਹੀ ਕੀਤਾ ਸੀ। ਮੈਨੂੰ ਗਰੀਬੀ ਦੇ ਜਿੱਲ੍ਹਣ 'ਚੋਂ ਕੱਢਿਆ। ਮੈਂ ਸਿੰਮੀ ਲਈ ਕਿਵੇਂ ਸੋਚ ਸਕਦੀ ਸਾਂ ਕਿ ਉਹਨੂੰ ਕਿਸੇ ਹਨੇਰੀ ਗਲੀ ਵਿਚ ਧੱਕ ਦਿਆਂ? ਫਿਰ ਉਹ ਵੀ ਤਾਂ ਮੇਰੀ ਅੰਮਾਂ ਸੀ। ਮੈਨੂੰ ਲਾਡ ਲਡਾਉਂਦੀ ਸੀ। ਮੇਰੇ 'ਤੇ ਚੜ੍ਹਦੀ ਜਵਾਨੀ ਦੀ ਹਨੇਰੀ ਵੇਖ ਕੇ ਡਰਨ ਲੱਗੀ ਸੀ। ਲੋਕਾਂ ਦੀਆਂ ਖਾ ਜਾਣ ਵਾਲੀਆਂ ਨਜ਼ਰਾਂ ਤੋਂ ਭੈ-ਭੀਤ ਹੋ ਗਈ ਸੀ। ਕਿਸੇ ਅਣਸੁਖਾਵੀਂ ਘਟਨਾ ਨੂੰ ਕਿਆਸਦੀ ਚਿੰਤਾ 'ਚ ਡੁੱਬ ਗਈ ਸੀ। ਤਾਂ ਹੀ ਮੇਰੀ ਮਾਸੀ ਨੇ ਆ ਕੇ ਇਕ ਦਿਨ ਉਹਦੇ ਨਾਲ ਘੁਸਰ ਮੁਸਰ ਜਿਹੀ ਕੀਤੀ ਸੀ। ਕਿਸੇ ਵੱਡੇ ਘਰ ਦੀ ਦੱਸ ਪਾ ਰਹੀ ਸੀ ਉਹ। ਕੋਈ ਆਲੀਸ਼ਾਨ ਮਹੱਲ ਜਿਹਾ ਘਰ ਸੀ। ਆਪਣੇ ਕਾਰਖਾਨੇ ਦਾ ਮਾਲਕ ਅਜਮੇਰ ਸਿੰਘ ਸਿੱਧੂ ਸੀ ਕੋਈ। ਪਹਿਲੀ ਬੀਵੀ ਮਰ ਚੁੱਕੀ ਸੀ, ਸਾਲ ਕੁ ਪਹਿਲਾਂ, ਬੇ ਔਲਾਦ। ਉਸਨੂੰ ਕਿਸੇ ਲੋੜਵੰਦ ਗਰੀਬ ਘਰ ਦੀ ਸੁਨੱਖੀ ਕੁਆਰੀ ਕੁੜੀ ਦੀ ਲੋੜ ਸੀ। ਮੈਂ ਵੇਖ ਰਹੀ ਸਾਂ, ਮੇਰੀ ਅੰਮਾਂ ਦੇ ਬੁੱਲ੍ਹ ਕੰਬ ਰਹੇ ਸਨ, ਉਹਦੀ ਆਵਾਜ਼ ਟੁੱਟ ਰਹੀ ਸੀ। ਮੇਰੇ ਭਵਿੱਖ ਦਾ ਫੈਸਲਾ ਕਰਦਿਆਂ ਉਹਦਾ ਸਮੁੱਚਾ ਵਜੂਦ ਹਿੱਲ ਗਿਆ ਸੀ। ਮੈਨੂੰ ਨਹੀਂ ਪਤਾ, ਮੈਂ ਖੁਸ਼ ਸਾਂ ਜਾਂ ਉਦਾਸ, ਜ਼ਿਬਾਹ ਹੋਣ ਜਾ ਰਹੀ ਸਾਂ ਜਾਂ ਝੋਲੀਆਂ ਭਰਾਉਣ। ਅੰਮਾਂ ਦੀ ਆਵਾਜ਼ ਸੀ, 'ਅਸੀਂ ਗਰੀਬ, ਉਹ ਬਾਦਸ਼ਾਹੀ ਆਦਮੀ, ਕਿਵੇਂ... ।' ਮਾਸੀ ਸਮਝਾ ਰਹੀ ਸੀ, 'ਕੁੜੀ ਰਾਜ ਕਰੂ, ਘਰ 'ਚ ਰੋਕਣ ਟੋਕਣ ਵਾਲਾ ਕੋਈ ਨਹੀਂ, ਕਿਸੇ ਚੀਜ਼ ਦੀ ਕੋਈ ਘਾਟ ਨਹੀਂ...।' ਫਿਰ ਉਹਨੇ ਮੈਨੂੰ ਕੋਲ ਸੱਦਿਆ। ਹਿੱਕ ਨਾਲ ਲਾ ਕੇ ਅਸੀਸ ਦਿੱਤੀ, 'ਇਹਦੇ ਚੰਗੇ ਭਾਗ ਨੇ ਭੈਣਾਂ, ਤੂੰ ਸ਼ੁਕਰ ਕਰ ਉਸ ਰੱਬ ਦਾ।'

ਮੈਂ ਹੁਣ ਤਕ ਅੰਮਾਂ ਤੇ ਬਾਪੂ ਨੂੰ ਥੁੜਾਂ ਦੀ ਚੱਕੀ ਪੀਂਹਦਿਆਂ ਹੀ ਵੇਖਿਆ ਸੀ। ਇਕ ਕੱਚਾ ਘਰ, ਗਰੀਬੜਾ ਜਿਹਾ ਚੁੱਲ੍ਹਾ ਚੌਕਾ, ਇਕ ਨੁੱਕਰੇ ਬੱਝੀ ਮਰੀਅਲ ਜਿਹੀ ਗਾਂ। ਮੇਰੇ ਖਿਆਲਾਂ ਵਿਚ ਕਿਸੇ ਮਹੱਲ ਦਾ ਨਕਸ਼ਾ ਉਭਰਨ ਲੱਗਾ। ਦਿਨਾਂ ਵਿਚ ਹੀ ਮੈਂ ਸੁਪਨਿਆਂ ਦੇ ਪੂਰਾਂ ਦੇ ਪੂਰ ਕੱਤ ਸੁੱਟੇ। ਕੁੜੀਆਂ ਛੇੜਦੀਆਂ, ਦੁਹਾਜੂ, ਬੁੱਢਾ ਆਖ ਕੇ। ਮੈਂ ਕੁਝ ਛਿਣਾਂ ਲਈ ਉਦਾਸੀ 'ਚ ਘਿਰਦੀ, ਅਗਲੇ ਛਿਣਾਂ 'ਚ ਸੁਪਨੇ ਫਿਰ ਉਠ ਖਲੋਂਦੇ।

ਸਿੱਧੂ ਸਾਹਿਬ ਹੋਰਾਂ ਮੇਰੀ ਮਾਸੀ ਹੱਥ ਬਾਪੂ ਨੂੰ ਰੁਪਏ ਘੱਲੇ ਸਨ ਤਾਂ ਕਿ ਬਰਾਤੀਆਂ ਦੀ ਟਹਿਲ ਸੇਵਾ ਹੋ ਸਕੇ। ਮੈਂ ਵੇਖਿਆ ਸੀ ਬਾਪੂ ਚੋਰਾਂ ਵਾਂਗ ਨੋਟਾਂ ਨੂੰ ਸਿਰ੍ਹਾਣਿਆਂ ਵਿਚ ਲੁਕਾਉਂਦਾ ਫਿਰਦਾ ਸੀ। ਵਿਆਹ ਹੋ ਜਾਣ ਤਕ ਉਸਦਾ ਸਾਹ ਸੁੱਕਾ ਰਿਹਾ ਸੀ। ਜੰਝ ਵਿਚ ਗਿਣਤੀ ਦੇ ਗਿਆਰਾਂ ਬੰਦੇ ਆਏ ਤੇ ਮੈਨੂੰ ਪਿੰਡ ਦੀਆਂ ਕੱਚੀਆਂ ਗਲੀਆਂ 'ਚੋਂ ਕੱਢ, ਸ਼ਹਿਰ ਦੇ ਸੁਥਰੇ ਮਾਹੌਲ 'ਚ ਲੈ ਗਏ। ਵਧੀਆ ਘਰ, ਖੁੱਲ੍ਹਾ ਡੁੱਲ੍ਹਾ ਲਾਅਨ, ਵਿਚਕਾਰ ਲੱਗੀ ਝੂਲਣ ਵਾਲੀ ਕੁਰਸੀ। ਸਿੱਧੂ ਸਾਹਿਬ ਦਾ ਮਿੱਠਾ ਨਿਮਰ ਸੁਭਾ। ਬੱਚਿਆਂ ਵਾਂਗ ਮੇਰਾ ਹੱਥ ਫੜ ਕੇ ਕੋਠੀ ਦੇ ਕਮਰੇ ਵਿਖਾਉਂਦੇ। ਟੈਲੀਵਿਜ਼ਨ ਔਨ ਕਰਨ ਦੀ ਜਾਚ ਸਿਖਾਉਂਦੇ। ਅੰਗਰੇਜ਼ੀ ਦੇ ਲਫਜ਼ਾਂ ਦਾ ਮਤਲਬ ਦੱਸਦੇ। ਮੈਨੂੰ ਪੁਚਕਾਰਦੇ ਤੇ ਪੁੱਛਦੇ, 'ਕਿਸੇ ਗੱਲ ਦੀ ਕੋਈ ਮੁਸ਼ਕਲ ਤਾਂ ਨਹੀਂ?'

ਮੈਂ ਉਨ੍ਹਾਂ ਦੀ ਹਿੱਕ ਨਾਲ ਇੰਜ ਲੱਗਦੀ, ਜਿਵੇਂ ਕਈ ਵਾਰ ਬਾਪੂ ਦੀ ਹਿੱਕ ਨਾਲ ਲੱਗ ਜਾਂਦੀ ਸੀ, ਸੁਰੱਖਿਅਤ-ਮਹਿਫ਼ੂਜ਼ ਮਹਿਸੂਸ ਕਰਦੀ। ਕੋਈ ਮੁਸ਼ਕਲ ਨਹੀਂ ਸੀ ਮੈਨੂੰ। ਕੌਣ ਸੀ ਕੋਠੀ ਵਿਚ ਜੋ ਮੁਸ਼ਕਲ ਪੈਦਾ ਕਰਦਾ? ਇਕ ਨੌਕਰਾਣੀ ਆਉਂਦੀ ਸੀ ਸਿੱਧੂ ਸਾਹਿਬ ਦੇ ਸਵੇਰੇ ਚਲੇ ਜਾਣ



ਤੋਂ ਬਾਅਦ। ਫਿਰ ਸਾਰੇ ਦਿਨ ਲਈ ਮੇਰੀ ਸੇਵਾ 'ਚ ਹਾਜ਼ਰ ਹੁੰਦੀ। ਘਰ ਦੇ ਨਿੱਕੇ ਮੋਟੇ ਕੰਮ ਨਿਬੇੜ ਕੇ ਮੇਰੇ ਕੇਸਾਂ 'ਚ ਤੇਲ ਝੱਸਦੀ, ਮੇਰੇ ਪਿੰਡੇ ਦੀ ਮਾਲਸ਼ ਕਰਦੀ ਤੇ ਮੈਥੋਂ ਲੁੱਚੀਆਂ ਗੱਲਾਂ ਪੁੱਛਦੀ। ਮੇਰੇ ਜੁਆਬਾਂ ਤੇ ਖਿੜਖਿੜਾ ਕੇ ਹੱਸਦੀ, 'ਬੀਬੀ ਜੀ, ਤੁਸੀਂ ਬਹੁਤ ਭੋਲੇ ਓ ਹਾਲੇ, ਤੁਹਾਨੂੰ ਤਾਂ ਕੁਝ ਨਹੀਂ ਪਤਾ।' ਫਿਰ ਉਹ ਮੈਨੂੰ ਕਈ ਗੁੱਝੀਆਂ ਗੱਲਾਂ ਦੱਸਦੀ। ਉਹਦੇ ਜਾਣ ਪਿੱਛੋਂ ਸੋਚਦੀ ਕਦੇ ਮੈਂ ਹੱਸਦੀ, ਕਦੇ ਕਿਤੇ ਡੂੰਘੀ ਉਤਰ ਜਾਂਦੀ। ਉਹ ਮਾਲਸ਼ ਕਰਦੀ ਮੇਰੇ ਅੰਦਰਲੀਆਂ ਤਾਰਾਂ ਨੂੰ ਕੱਸ ਦਿੰਦੀ ਸੀ, ਮੇਰੀਆਂ ਰੀਝਾਂ ਨੂੰ ਜਗਾ ਜਾਂਦੀ ਸੀ। ਮੈਂ ਸ਼ੀਸ਼ੇ ਵਿਚ ਤੱਕਦੀ, ਮੈਂ ਪਹਿਲਾਂ ਤੋਂ ਸੋਹਣੀ ਹੋ ਰਹੀ ਸਾਂ। ਅਚਾਨਕ ਮੈਨੂੰ ਲੱਗਣ ਲੱਗਾ, ਸਿੱਧੂ ਸਾਹਿਬ ਦੇ ਹੱਥਾਂ ਵਿਚ ਉਕਾ ਸੇਕ ਨਹੀਂ। ਉਦੋਂ ਮੈਨੂੰ ਮਹਿਸੂਸ ਹੋਣ ਲੱਗਾ, ਦਾਰੂ ਦੇ ਨਸ਼ੇ ਵਿਚ ਸਿੱਧੂ ਸਾਹਿਬ ਬੇਵਜ੍ਹਾ ਹੀ ਮੇਰੇ ਨਾਲ ਘੁਲਦੇ ਸਨ। ਉਹ ਸੌਂ ਜਾਂਦੇ ਤਾਂ ਮੇਰਾ ਜਿਸਮ ਮੱਚਣ ਲਗਦਾ ਸੀ, ਜ਼ਖਮੀ ਸੱਪ ਵਾਂਗ ਪਲਸੇਟੇ ਮਾਰਦੀ, ਨੀਂਦ ਟੋਟੇ ਟੋਟੇ ਹੋ ਕੇ ਖਿੱਲਰ ਜਾਂਦੀ। ਉਦੋਂ ਪਹਿਲੀ ਵਾਰ ਮੈਨੂੰ ਮਹਿਸੂਸ ਹੋਇਆ, ਮੈਂ ਗਲਤ ਥਾਂ 'ਤੇ ਆ ਗਈ ਸਾਂ। ਪਹਿਲੀ ਵਾਰ ਚੇਤਿਆਂ 'ਚ ਭੂਆ ਦਾ ਪੁੱਤ- ਭਰਾ ਸ਼ਿੰਦਰ ਆ ਖਲੋਤਾ, ਜੋ ਆ ਕੇ ਆਨੀ ਬਹਾਨੀ ਮੇਰੇ ਨਾਲ ਗੱਲਾਂ ਕਰਨ ਦਾ ਮੌਕਾ ਭਾਲਦਾ ਰਹਿੰਦਾ ਸੀ। ਪੱਗ ਦੀ ਪੂਣੀ ਕਰਨ ਵੇਲੇ ਪੱਗ ਇਕ ਕੰਨਿਓਂ ਮੈਨੂੰ ਹੀ ਫੜਾਉਂਦਾ। ਮੇਰੀਆਂ ਅੱਖਾਂ ਵਿਚ ਝਾਕਦਾ ਤਾਂ ਮੈਂ ਝਿੜਕਦੀ, 'ਐਦਾਂ ਨੀਂ ਵੇਖੀਦਾ ਭੈਣਾਂ ਵੱਲ।'

ਮੈਂ ਵਰਜ ਦਿੱਤਾ ਨੌਕਰਾਣੀ ਨੂੰ। ਨਹੀਂ ਕਰਾਉਣੀ ਮੈਨੂੰ ਮਾਲਸ਼ ਰੋਜ਼ ਦਿਹਾੜੀ। ਸਿਰ 'ਚ ਤੇਲ ਝੱਸਣ ਦੀ ਵੀ ਲੋੜ ਨਹੀਂ। ਆਪਣੇ ਕੰਮ ਨਾਲ ਮਤਲਬ ਰੱਖੇ ਉਹ। ਪਰ ਫਿਰ ਮੇਰਾ ਮਨ ਟੁੱਟਦਾ, ਉਹ ਕੋਈ ਗੱਲ ਕਰੇ। ਮੈਂ ਰਤਾ ਕੁ ਢਿੱਲੀ ਪੈਂਦੀ ਤਾਂ ਉਹ ਫਿਰ ਖੁੱਲ੍ਹ ਜਾਂਦੀ। ਆਪਣੇ ਘਰ ਵਾਲੇ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਣ ਲਗਦੀ। ਨਿਰਸੰਕੋਚ ਆਪਣੀ ਹਿੱਕ 'ਤੇ ਲੱਗੇ ਦੰਦਾਂ ਦੇ ਨਿਸ਼ਾਨ ਵਿਖਾ ਦਿੰਦੀ।

ਇਕ ਦਿਨ ਇਕ ਸੁਹਣਾ ਸਨੁੱਖਾ ਤੇ ਉਚਾ ਲੰਮਾ ਮੁੰਡਾ ਆ ਨਿਕਲਿਆ। ਉਸਨੇ ਆਉਂਦਿਆਂ ਚਾਚੀ ਕਹਿ ਕੇ ਮੇਰੇ ਪੈਰ ਛੋਹੇ ਤੇ ਮੈਂ ਜੁਗ ਜੁਗ ਜੀਣ ਦੀ ਅਸੀਸ ਦਿੱਤੀ। ਮੈਨੂੰ ਵੇਖਕੇ ਥਾਏਂ ਗੱਡਿਆ ਗਿਆ ਜਿਵੇਂ, 'ਹਾਏ ਚਾਚੀ, ਯੂ ਆਰ ਸੋ ਚਾਰਮਿੰਗ। ਮੈਨੂੰ ਪਤਾ ਹੁੰਦਾ ਤਾਂ ਮੈਂ ਤੁਹਾਨੂੰ ਚਾਚਾ ਜੀ ਦੇ ਹੱਥ ਕਦੇ ਨਾ ਆਉਣ ਦਿੰਦਾ।'

'ਪਰ ਤੂੰ ਹੈਂ ਕੌਣ।' ਉਸ ਬਾਰੇ ਜਾਣਦਿਆਂ ਹੋਣ ਦੇ ਬਾਵਜੂਦ ਮੈਂ ਉਹਦੇ ਹੀ ਅੰਦਾਜ਼ ਨੂੰ ਅਗਾਂਹ ਤੋਰ ਦਿੱਤਾ।

'ਇਸ ਸਿੱਧੂ ਪਰਿਵਾਰ ਦਾ ਇਕੋ ਇਕ ਹੋਣਹਾਰ ਫਰਜ਼ੰਦ। ਅਜਮੇਰ ਸਿੰਘ ਸਿੱਧੂ ਹੋਰਾਂ ਦੇ ਵੱਡੇ ਵੀਰ ਸੌਦਾਗਰ ਸਿੰਘ ਸਿੱਧੂ ਦਾ ਚੰਡੀਗੜ੍ਹ ਵਿਚ ਪੜ੍ਹਦਾ ਪੁੱਤਰ। ਐਮ. ਐਸ. ਸੀ. ਫਾਈਨਲ ਯੀਅਰ, ਕੁਝ ਹੋਰ?'

'ਚੱਲ ਆ ਬੈਠ ਅੰਦਰ। ਬੜਾ ਗਾਲੜੀ ਐਂ ਤੂੰ, ਦੱਸ ਰਹੇ ਸੀ ਤੇਰੇ ਚਾਚਾ ਜੀ। ਬੋਲ ਕੀ ਪੀਏਂਗਾ?'

'ਨੈਣਾਂ 'ਚੋਂ ਦੋ ਪੈੱਗ ਸ਼ਰਾਬ ਮਿਲ ਸਕਦੀ ਏ?' ਉਹ ਮੁਸ਼ਟੰਡਿਆਂ ਵਾਂਗ ਸਿਰ ਹਿਲਾਉਣ ਲੱਗਾ।

'ਬੇਸ਼ਰਮ।' ਮੈਂ ਉਹਨੂੰ ਘੁਰਕੀ ਦਿੱਤੀ। ਉਹ ਲੱਤਾਂ ਪਸਾਰ ਕੇ ਸੋਫ਼ੇ 'ਚ ਖੁਭ ਗਿਆ। ਉਂਗਲਾਂ ਨਾਲ ਟੇਬਲ ਵਜਾਉਂਦਾ ਗਾਉਣ ਲੱਗਾ- 'ਆਖੋਂ ਸੇ ਪੀ, ਯਾ ਪੈਮਾਨੇ ਸੇ ਪੀ...।'

ਮੈਂ ਸ਼ਰਬਤ ਦਾ ਗਿਲਾਸ ਲਿਆ ਕੇ ਉਸਨੂੰ ਫੜਾਇਆ। ਬੋਲਿਆ, 'ਬੜੀ ਸ਼ੈ ਨੇ ਚਾਚਾ ਜੀ,

ਜੇ ਅਮਨ ਵਿਆਹ ’ਤੇ ਨਾਲ ਚਲਾ ਗਿਆ ਤਾਂ ਮੇਰੇ ਨੰਬਰ ਕੱਟੇ ਜਾਣਗੇ। ਇਸ ਲਈ ਚੁੱਪ ਚੁਪੀਤੀ...।’ ਫਿਰ ਸ਼ਰਬਤ ਦਾ ਇਕ ਵੱਡਾ ਘੁੱਟ ਭਰ ਬੋਲਿਆ, ‘ਮਾਈਂਡ ਨਾ ਕਰਨਾ, ਮੈਂ ਮਜ਼ਾਕ ਕਰ ਰਿਹਾਂ, ਕਿਤੇ ਗੁੱਸਾ ਨਾ ਕਰ ਲਿਓ ਕਿ ਮੇਰੇ ਸਰਦਾਰ ਬਾਰੇ ਇੰਜ...।’

‘ਨਹੀਂ, ਤੂੰ ਕਰ ਆਪਣਾ ਰਾਂਝਾ ਰਾਜ਼ੀ।’ ਮੈਂ ਕਿਹਾ।

‘ਤੁਹਾਨੂੰ ਹਰ ਦੀ ਗੱਲ ਦੱਸਦਾਂ। ਮੇਰੀ ਕਲਾਸ ’ਚ ਕੁੜੀ ਐ ਇਕ, ਸੁਜਾਤਾ ਏ ਨਾਂ। ਹੂ-ਬ-ਹੂ ਤੁਹਾਡੇ ਵਰਗੀ। ਬੰਦਾ ਗਸ਼ ਖਾ ਕੇ ਡਿੱਗ ਪਏ।’

‘ਤੂੰ ਸੰਭਲ ਕੇ ਰਹੀਂ।’ ਉਹਦੇ ਕਹਿਕਹਿਆਂ ਵਿਚ ਮੈਂ ਵੀ ਸ਼ਾਮਲ ਹੋ ਗਈ। ਉਹਦੇ ਨਾਲ ਗੱਲਾਂ ਕਰਦਿਆਂ ਮੈਨੂੰ ਆਪਣੇ ਸੀਨੇ ਵਿਚੋਂ ਕੋਹੀ ਦੱਬੀ ਹੋਈ ਤਪਸ਼ ਠਰਦੀ ਜਾਪੀ। ਉਹਦੀ ਹਾਜ਼ਰੀ ਜਿਵੇਂ ਅੰਦਰਲੇ ਖੱਪਿਆਂ ਨੂੰ ਪੂਰ ਰਹੀ ਸੀ। ਘੰਟੇ ਭਰ ਵਿਚ ਉਹਨੇ ਦੁਨੀਆਂ ਭਰ ਦੀਆਂ ਗੱਲਾਂ ਸੁਣਾ ਮਾਰੀਆਂ। ਵੰਨ-ਸੁਵੰਨੇ ਚੁਟਕਲੇ ਸੁਣਾ ਕੇ ਢਿੱਡ ਪੀੜ ਲਾ ਦਿੱਤੀ। ਅਖੀਰ ਘੜੀ ਵੱਲ ਵੇਖ ਕੇ ਤ੍ਰਭਕ ਕੇ ਉਠ ਪਿਆ, ‘ਤੁਹਾਡੇ ਨਾਲ ਗੱਲਾਂ ਕਰਦਿਆਂ ਵਕਤ ਦਾ ਪਤਾ ਹੀ ਨਹੀਂ ਲੱਗਾ। ਮੈਂ ਚਾਚਾ ਜੀ ਨੂੰ ਮਿਲ ਕੇ ਪਿੰਡ ਜਾਣਾਂ। ਕੱਲ ਸਾਡਾ ਗਰੁੱਪ ਪਾਕਿਸਾਤਨ ਜਾ ਰਿਹੈ। ਉਥੇ ਜਾ ਕੇ ਲੱਭੀਏ ਕੋਈ ਮੁਸਲਮਾਨਣੀ...।’ ਤੇ ਉਹਨੇ ਬਾਹਾਂ ਖਿਲਾਰ ਕੇ ਅਕੜਾਅ ਲਿਆ, ‘ਅੱਛਾ ਚਾਚੀ ਜਾਨ, ਅੱਲਾ ਹਾਫਿਜ਼...।’

ਉਹਨੇ ਆਪਣਾ ਨਿੱਕਾ ਜਿਹਾ ਬੈਗ ਮੋਢੇ ’ਤੇ ਵਲਿਆ ਤੇ ਮੁਸਕਾਨਾਂ ਖਿਲਾਰਦਾ ਗੇਟੋਂ ਬਾਹਰ ਹੋ ਗਿਆ। ਮੈਨੂੰ ਲੱਗਾ, ਘਰ ਇਕਦਮ ਖਾਲੀ ਹੋ ਗਿਆ। ਉਹਦੇ ਜਾਣ ਪਿੱਛੋਂ ਇਕ ਅਜੀਬ ਉਦਾਸੀ ਨੇ ਮੈਨੂੰ ਘੇਰ ਲਿਆ।

ਰਾਤੀਂ ਯਾਰਾਂ ਵਜੇ ਸਿੱਧੂ ਸਾਹਿਬ ਆਏ। ਤਦ ਤਕ ਪਤਾ ਨਹੀਂ ਮੈਂ ਕਿੰਨਾ ਕੁ ਖ਼ੁਰ ਚੁੱਕੀ ਸਾਂ। ਉਹਨਾਂ ਆਉਂਦਿਆਂ ਹੀ ਮੈਨੂੰ ਕਲਾਵੇ ਵਿਚ ਲੈ ਕੇ ਚੁੰਮਿਆ। ਸ਼ਰਾਬ ਦੀ ਬੋਅ ਵਿਚ ਮੇਰਾ ਸਾਹ ਘੁਟਣ ਲੱਗਾ। ਡਬਲ ਬੈੱਡ ਦੇ ਪੋਲੇ ਗੱਦੇ ਮੈਨੂੰ ਚੁਭਦੇ ਮਹਿਸੂਸ ਹੋਏ। ਕੰਨਾਂ ’ਚੋਂ ਸੇਕ ਉਠ ਰਿਹਾ ਸੀ। ਆਦਤ ਮੁਜਬ ਉਹ ਮੈਨੂੰ ਮੇਰੀ ਮੁਸ਼ਕਲ ਪੁੱਛਣ ਲੱਗੇ। ਮੈਂ ਟਾਲਿਆ, ‘ਗਰਮੀ ਲੱਗ ਰਹੀ ਐ।’ ਉਹਨਾਂ ਬੇਪਰਵਾਹੀ ਨਾਲ ਐਲਾਨ ਕੀਤਾ ਕਿ ਕੱਲ ਹੀ ਉਹ ਏਅਰ ਕੰਡੀਸ਼ਨਰ ਫਿੱਟ ਕਰਵਾ ਦੇਣਗੇ। ਫਿਰ ਉਨ੍ਹਾਂ ਦੇ ਹੱਥ ਨਿੱਤ ਵਾਂਗ ਮੈਨੂੰ ਫਰੋਲਣ ਲੱਗੇ। ਮੈਨੂੰ ਕੋਫ਼ਤ ਹੋਣ ਲੱਗੀ।

ਸਵੇਰੇ ਜਾਂਦਿਆਂ ਉਨ੍ਹਾਂ ਮੈਨੂੰ ਸੌ ਸੌ ਰੁਪਿਆਂ ਦੀ ਇਕ ਥਹੀ ਦਿੰਦਿਆਂ ਕਿਹਾ ‘ਜੋ ਮਨ ਆਏ ਖਰੀਦ ਲਈਂ।’ ਮੈਂ ਉਹਨਾਂ ਦੇ ਸਾਊ ਚਿਹਰੇ ਵੱਲ ਵੇਖ ਕੇ ਸੋਚਿਆ, ਕਿੰਨੀ ਅਜੀਬ ਹਾਂ ਮੈਂ ਵੀ। ਏਨਾ ਸੁਖ ਕੌਣ ਦੇ ਸਕਦੈ ਮੈਨੂੰ। ਮੈਨੂੰ ਆਪਣੀ ਅਸਲੀ ਔਕਾਤ ਨਹੀਂ ਭੁੱਲਣੀ ਚਾਹੀਦੀ। ਆਪਣੀ ਅੰਮਾਂ ਦੇ ਕਰਮ ਦਾ ਕਰਜ਼ ਮੈਂ ਕਿਵੇਂ ਲਾਹਵਾਂਗੀ? ਏਡਾ ਦਲੇਰ ਪਤੀ, ਏਨਾ ਸੁਖ ਆਰਾਮ...।

ਵਿਆਹ ਦੀ ਪਹਿਲੀ ਵਰ੍ਹੇ ਗੰਢ ’ਤੇ ਸਿੱਧੂ ਸਾਹਿਬ ਨੇ ਘਰ ਪਾਰਟੀ ਰੱਖ ਲਈ। ਪਿੰਡੋਂ ਜੇਠ ਜਠਾਣੀ, ਕੁਝ ਦੋਸਤ ਮਿੱਤਰ, ਕੁਝ ਅਫਸਰ ਅਧਿਕਾਰੀ ਸ਼ਾਮਲ ਹੋਏ। ਪਿੰਡੋਂ ਅੰਮਾਂ ਤੇ ਬਾਪੂ ਨੂੰ ਮੈਂ ਜਾਣ-ਬੁੱਝ ਕੇ ਸੁਨੇਹਾ ਨਾ ਘੱਲਿਆ ਕਿ ਇਨ੍ਹਾਂ ਲੋਕਾਂ ਵਿਚ ਕੀ ਕਰਨਗੇ ਉਹ ਆ ਕੇ। ਪਾਰਟੀ ਮੁੱਕੀ ’ਤੇ ਅਮਨ ਪਹੁੰਚਿਆ। ਉਹਦੇ ਆਉਣ ਨਾਲ ਜਿਵੇਂ ਘਰ ’ਚ ਰੌਣਕ ਆ ਗਈ। ਰਾਤੀਂ ਉਹ ਆਪਣੇ ਡੈਡੀ ਤੇ ਚਾਚਾ ਜੀ ਨਾਲ ਡਰਾਇੰਗ ਰੂਮ ਵਿਚ ਵਿਸਕੀ ਪੀਣ ਲੱਗਾ। ਮੇਰਾ ਦਿਲ ਕੀਤਾ ਉਹਨੂੰ ਸ਼ਰਾਬ ਪੀਣ ਤੋਂ ਵਰਜਾਂ, ਪਰ ਕੁਝ ਕਹਿ ਨਾ ਸਕੀ। ਮੈਂ ਰਸੋਈ ਵਿਚ ਉਹਨਾਂ ਲਈ ਸਲਾਦ ਕੱਟ ਰਹੀ ਸਾਂ ਕਿ ਉਹਨੇ ਦੱਬੇ ਪੈਰੀਂ ਆ ਕੇ ਮੇਰੇ ਮੋਢਿਆਂ ਉਤੋਂ ਦੀ ਬਾਂਹ ਵਲਾਈ ਤੇ ਮੈਨੂੰ ਕੰਨ ਕੋਲੋਂ ਚੁੰਮ ਕੇ ਬੋਲਿਆ, ‘ਹੈਪੀ ਮੈਰਿਡ ਡੇ, ਮਾਈ ਸਵੀਟ ਚਾਚੀ।’



ਮੈਂ ਉਹਦੀ ਬਾਂਹ ਹਟਾਈ, ‘ਇੰਜ ਨਾ ਕਰ, ਕੋਈ ਵੇਖੂ ਤੇ ਕੀ ਕਹੂ।’

‘ਚਾਚੀ ਮੈਂ ਸੌਂ ਨਹੀਂ ਸਕਿਆ ਕਈ ਦਿਨ। ਤੇਰੀ ਸ਼ਕਲ ਘੁੰਮਦੀ ਰਹੀ ਮੇਰੇ ਅੱਗੇ।’ ਉਹਨੇ ਫਿਰ ਮੈਨੂੰ ਕਲਾਵੇ ’ਚ ਭਰਨਾ ਚਾਹਿਆ ਪਰ ਮੈਂ ਪਿੱਛੇ ਹਟੀ, ‘ਚੱਲ ਜਾਹ ਬੈਠ ਉਥੇ ਜਾ ਕੇ, ਲਿਆ ਰਹੀਆਂ ਉਥੇ ਈ।’

ਉਹ ਮੇਰੀਆਂ ਅੱਖਾਂ ਵਿਚ ਸਿੱਧਾ ਤੱਕਦਾ, ਸ਼ਰਾਰਤੀ ਮੁਸਕਾਨ ਸੁੱਟਦਾ, ਰਸੋਈ ’ਚੋਂ ਨਿਕਲ ਗਿਆ। ਮੇਰਾ ਸਿਰ ਜਿਵੇਂ ਚਕਰਾਉਣ ਲੱਗਾ ਸੀ। ਮੇਰੇ ਕੰਨਾਂ ਲਾਗੇ ਜਲੂਣ ਹੋਣ ਲੱਗੀ। ਸਲਾਦ ਦੀ ਪਲੇਟ ਲਿਜਾਂਦਿਆਂ ਮੇਰੀਆਂ ਲੱਤਾਂ ’ਚੋਂ ਜਿਵੇਂ ਸੱਤਿਆ ਨਿਕਲ ਗਈ ਸੀ।

ਰਸੋਈ ਸਾਂਭ ਮੈਂ ਢਿੱਲੇ ਕਦਮੀਂ ਬੈੱਡ ਰੂਮ ’ਚ ਜਾ ਪਈ। ਸਿੱਧੂ ਸਾਹਿਬ ਦੇ ਘੁਰਾੜਿਆਂ ਦੇ ਖੌਫ ’ਚ ਘਿਰੀ ਰਾਤ ਇਕ ਥਾਂ ਜਾਮ ਹੋ ਗਈ। ਮਨ ਭਟਕਦਾ ਕਿਤੇ ਦੂਰ ਨਿਕਲ ਗਿਆ। ਜਾਗਦੀ-ਸੁੱਤੀ ਅਵਸਥਾ ਦੇ ਸੁਪਨੇ ਅਮਨ ਨਾਲ ਭਿੜਦੇ ਰਹੇ।

ਸਵੇਰੇ ਜਠਾਣੀ ਨੇ ਮੇਰੀਆਂ ਸੁਰਖ਼ ਅੱਖਾਂ ਵੇਖ ਕੇ ਚਿੰਤਾ ਜ਼ਾਹਰ ਕੀਤੀ, ‘ਰੋਜ਼ ਪਾਠ ਕਰਿਆ ਕਰ, ਪਾਠ ’ਚ ਬੜੀ ਸ਼ਕਤੀ ਆ। ਅਜਮੇਰ ਸਿਉਂ ਸਿੱਧਾ ਸਾਦਾ ਬੰਦਾ ਆ। ਇਹਦੀ ਸੇਵਾ ’ਚ ਢਿੱਲ ਨਾ ਵਰਤੀਂ। ਮਹਾਰਾਜ ਫਲ ਲਾਊ ਤੈਨੂੰ।’

ਇਸ ਅਸੀਸ ਸਾਹਮਣੇ ਮੈਂ ਸਿਰ ਝੁਕਾ ਦਿੱਤਾ। ਸੇਵਾ ਲਈ ਤਾਂ ਮੈਂ ਤਿਆਰ ਸਾਂ ਹਮੇਸ਼ਾ। ਪਰ ਇਹ....? ਪਤਾ ਨਹੀਂ ਕਿਉਂ....? ਬੱਸ, ਚੁੱਪ ਹੋ ਗਈ ਮੈਂ।

ਉਹ ਚਲੇ ਗਏ। ਦੁਪਹਿਰੇ ਘੁੰਮਦਾ ਘੁਮਾਉਂਦਾ ਅਮਨ ਫਿਰ ਆ ਧਮਕਿਆ। ਸਵੇਰੇ ਕਹਿ ਰਿਹਾ ਸੀ, ਜਾ ਰਿਹਾਂ, ਫਿਰ ਹੁਣ? ਉਹਦੀ ਚਾਲ ਧੀਮੀ ਤੇ ਚਿਹਰਾ ਗੰਭੀਰ ਸੀ। ਚੋਰਾਂ ਵਾਂਗ ਉਹਨੇ ਇਧਰ ਉਧਰ ਤੱਕਿਆ। ਮੇਰੇ ਚਿਹਰੇ ਨੂੰ ਹੱਥਾਂ ’ਚ ਲੈ ਉਹ ਉਸੇ ਮੁਦਰਾ ’ਚ ਤੱਕਦਾ ਰਿਹਾ। ਮੇਰੇ ਅੰਦਰੋਂ ਰੇਤ ਵਾਂਗ ਕੁਝ ਕਿਰਦਾ ਰਿਹਾ। ਬੋਲਿਆ, ‘ਮੈਂ ਜਾਣਦਾਂ ਚਾਚੀ, ਚਾਚਾ ਜੀ...।’

‘ਇਹ ਮੇਰੀ ਕਿਸਮਤ ਐ ਅਮਨ। ਪਰ ਮੇਰੀ ਬੇਨਤੀ ਐ, ਤੂੰ ਸੰਭਲ।’

‘ਮੈਨੂੰ ਆਪਣਾ ਸਮਝ ਚਾਚੀ, ਭਾਵੇਂ ਦੁਨੀਆਂ ਦੀ ਨਿਗਾਹ ਤੋਂ ਚੋਰੀ। ਮੈਂ ਤੈਨੂੰ ਪਿਆਰ... ਬੱਸ ਹੋਰ ਕੁਛ ਨਈਂ... ਮੇਰੀਆਂ ਅੱਖਾਂ ’ਚ ਵੇਖ ... ਉਫ਼...।’

ਫ਼ੋਨ ਦੀ ਬੈੱਲ ਖੜਕੀ ਤਾਂ ਤ੍ਰਭਕ ਪਈ ਮੈਂ। ਜਿਵੇਂ ਕਿਸੇ ਨੇ ਉਤੋਂ ਫੜ ਲਿਆ ਸੀ। ਰਿਸੀਵਰ ਚੁੱਕਿਆ। ‘ਹੈਲੋ ਮੰਮਾਂ... ਮੈਂ ਸਿੰਮੀ... ਸੁੱਤੇ ਨਹੀਂ ਅਜੇ? ਮੈਨੂੰ ਪਤਾ ਹੈ ਤੁਸੀਂ ਬੋਰ ਹੋ ਰਹੇ ਹੋਵੋਗੇ, ਹਾਏ ਮੰਮਾ, ਹੋਟਲ ਦੇ ਬਾਹਰ ਫੁੱਟ ਫੁੱਟ ਬਰਫ਼... ਇਸ ਵੇਲੇ ਵੀ ਦਿਨ ਵਰਗਾ ਚਾਨਣ... ਕਿੰਨਾ ਪਿਆਰਾ ਸੀਨ ਐ ਮੰਮਾਂ... ਤੁਹਾਨੂੰ ਬਹੁਤ ਮਿੱਸ ਕਰ ਰਹੀ ਆਂ ਮੈਂ...।’

‘ਅੱਛਾ ਬੇਟੇ ਮੇਰੀ ਕੋਈ ਗੱਲ ਨਹੀਂ, ਤੁਸੀਂ ਖੁਸ਼ੀਆਂ ਮਾਣੋ।’ ਮੈਂ ਬੋਲੀ

‘ਅੱਛਾ ਮੰਮਾਂ, ਸੌਂ ਜਾਓ ਹੁਣ, ਬਾਏ...।’

‘ਬਾਏ ਬੇਟੇ।’ ਮੈਂ ਰਿਸੀਵਰ ਰੱਖਿਆ। ਅੱਖਾਂ ਮੀਟ ਕੇ ਤਕੀਏ ਨਾਲ ਢੋਅ ਲਾ ਕੇ ਸੋਚਣ ਲੱਗੀ, ਸਿੰਮੀ ਦੀ ਖੁਸ਼ੀ ਹੀ ਮੇਰੇ ਲਈ ਸਭ ਤੋਂ ਵੱਡੀ ਖੁਸ਼ੀ ਹੈ। ਉਸਨੂੰ ਮਨਪਸੰਦ ਵਰ ਮਿਲ ਗਿਆ। ਮੇਰਾ ਤਾਂ ਜ਼ਿੰਦਗੀ ਦਾ ਤਪਦਾ ਦੁਪਹਿਰਾ ਬੱਸ ਏਵੇਂ ਹੀ ਲੰਘ ਗਿਆ, ਅਮੁੱਕ ਪੈਂਡਿਆਂ ਦਾ ਸਫ਼ਰ। ਅਮਨ ਕਦੇ ਕਦਾਈਂ ਆਉਂਦਾ। ਤਪਦੀ ਧਰਤੀ ’ਤੇ ਇਕ ਦੋ ਛਰਾਟਿਆਂ ਵਾਂਗ ਵਰ੍ਹਦਾ। ਫਿਰ ਉਹੀ ਮੌਸਮ, ਉਹੀ ਘੁਟਨ।

ਸਿੱਧੂ ਸਾਹਿਬ ਮੇਰੀਆਂ ਖੁਸ਼ੀਆਂ ਦਾ ਹਰ ਸੰਭਵ ਖ਼ਿਆਲ ਰਖਦੇ। ਕਾਰ ’ਚ ਉਨ੍ਹਾਂ ਦੇ ਬਰਾਬਰ ਬੈਠ ਸ਼ਾਪਿੰਗ ਲਈ ਜਾਂਦੀ। ਵੰਨ ਸੁਵੰਨੇ ਕਪੜੇ, ਜ਼ੇਵਰ, ਸਜਣ-ਫਬਣ ਦਾ ਸਾਮਾਨ

ਖਰੀਦਦੀ। ਉਨ੍ਹਾਂ ਨਾਲ ਲੋਕ ਮੇਰੀ ਇਜ਼ਤ ਕਰਦੇ। ਹੋਟਲਾਂ-ਰੈਸਟੋਰੈਂਟਾਂ ਦੇ ਬੈਰ੍ਹੇ ਨਿਉਂ ਨਿਉਂ ਜਾਂਦੇ। ਸਿੱਧੂ ਸਾਹਿਬ ਫਰਾਖ਼ਦਿਲੀ ਨਾਲ ਉਨ੍ਹਾਂ ਨੂੰ ਟਿੱਪਾਂ ਦਿੰਦੇ। ਮੈਨੂੰ ਇਹ ਸ਼ਾਨੋ ਸ਼ੌਕਤ ਚੰਗੀ ਲਗਦੀ। ਪਰ ਕਈ ਵਾਰ ਕੁਝ ਸਿਰ-ਫਿਰੇ ਮੇਰੇ ਤੇ ਸਿੱਧੂ ਸਾਹਿਬ ਵੱਲ ਵੇਖ ਮੁਸਕਾਉਂਦੇ ਤੇ ਮੂੰਹ ਜੋੜ ਕੋਈ ਗੱਲ ਕਰ ਜਾਂਦੇ। ਉਹ ਮੇਰੇ ਉਤੇ ਕੋਈ ਟਿੱਪਣੀ ਹੁੰਦੀ ਜਾਂ ਸਿੱਧੂ ਸਾਹਿਬ 'ਤੇ। ਸਾਰਾ ਸੁਆਦ ਖਟਾਈ 'ਚ ਪੈ ਜਾਂਦਾ। ਦਿਲ ਕਰਦਾ ਕਿਹੜੀ ਘੜੀ ਹੋਵੇ, ਘਰ ਪਹੁੰਚੀਏ।

ਸਿੰਮੀ ਦੀ ਆਮਦ ਨੇ ਮੈਨੂੰ ਜ਼ਿੰਦਗੀ ਦੇ ਹੋਰ ਅਰਥ ਸਮਝਾਏ। ਉਹ ਮੇਰੇ ਜੀਵਨ ਦਾ ਨਿੱਕਾ ਜਿਹਾ ਠੁੰਮਣਾ ਬਣੀ। ਉਹਨੂੰ ਉਠਾਉਣਾ-ਸੁਆਉਣਾ, ਉਹਦੇ ਨਾਲ ਗੱਲਾਂ ਕਰਨੀਆਂ, ਉਹਨੂੰ ਤਿਆਰ ਕਰਨਾ, ਉਹਨੂੰ ਸਕੂਲ ਭੇਜਣਾ, ਉਡੀਕਣਾ, ਖੁਆਉਣਾ, ਪਿਆਉਣਾ ਮੇਰੀ ਜ਼ਿੰਦਗੀ ਦੇ ਨਿੱਕੇ ਨਿੱਕੇ ਮਕਸਦ ਬਣ ਗਏ।

ਮੈਥੋਂ ਪੰਝੀ ਵਰ੍ਹੇ ਵੱਡੀ ਉਮਰ ਦੇ ਪਤੀ ਆਪਣੇ ਕਾਰੋਬਾਰੀ ਰੁਝੇਵਿਆਂ ਵਿਚ ਮਸਰੂਫ਼ ਪੈਸਾ ਕਮਾਉਣ ਦੀ ਲਲ੍ਹਕ ਵਿਚ ਜੁਟੇ ਰਹੇ। ਕਲਫ਼ ਲਾ ਕੇ ਦਾੜ੍ਹੀ ਮੁੱਛਾਂ ਨੂੰ ਕਾਲਿਆਂ ਕਰਦੇ ਤੇ ਖਿਸਕ ਗਈ ਜਵਾਨੀ ਦੀ ਵਾਪਸੀ ਦਾ ਢੌਂਗ ਰਚਦੇ ਜੀਵਨ ਦੀ ਗੱਡੀ ਰੇੜ੍ਹੀ ਗਏ। ਖੇਤੀ ਬਾੜੀ ਮਹਿਕਮੇ 'ਚ ਇਨਸਪੈਕਟਰ ਦੇ ਅਹੁਦੇ 'ਤੇ ਲੱਗਾ ਅਮਨ ਇਸ ਸ਼ਹਿਰ ਦੇ ਨੇੜੇ ਤੇੜੇ ਈ ਸੀ। ਉਹਦੀ ਪਤਨੀ ਸੁਹਣੀ ਤੇ ਸੁਲਝੀ ਹੋਈ ਸੀ। ਇਕ ਦੂਜੇ ਨਾਲ ਬੇਹੱਦ ਸਨੇਹ ਕਰਦੇ। ਸਾਰਿਆਂ ਦੀ ਨਜ਼ਰ ਤੋਂ ਓਹਲੇ ਉਹ ਮੇਰੇ ਨਾਲ ਆਪਣੇ ਨਿਵੇਕਲੇ ਰਿਸ਼ਤੇ ਨੂੰ ਵੀ ਨਿਭਾਉਂਦਾ ਚਲਿਆ ਜਾ ਰਿਹਾ ਸੀ। ਉਹਨੂੰ ਵਰਜਦੀ ਸਾਂ ਬਹੁਤ ਵਾਰ, 'ਆਪਣੀ ਘਰ ਵਾਲੀ ਦਾ ਖ਼ਿਆਲ ਕਰਿਆ ਕਰ, ਸਿੰਮੀ ਵੱਡੀ ਹੋ ਰਹੀ ਹੈ, ਪਰ ਆਪਣੀ ਆਈ ਤੋਂ ਉਹ ਬਾਜ਼ ਨਾ ਆਉਂਦਾ। ਕੁਝ ਦਿਨ ਨਾ ਆਉਂਦਾ ਤਾਂ ਮੈਨੂੰ ਖੋਹ ਪੈਣ ਲੱਗਦੀ। ਉਹਦੇ ਖ਼ਿਆਲਾਂ ਵਿਚ ਸਿੱਧੂ ਸਾਹਿਬ ਦੇ ਘੁਰਾੜੇ ਤੰਗ ਨਾ ਕਰਦੇ। ਉਹ ਮੇਰੀ ਹਰ ਹਰਕਤ ਨੂੰ ਤਾੜਦੇ। ਕਦੀ ਅਚਾਨਕ ਪੁੱਛਦੇ, 'ਅਮਨ ਤਾਂ ਨਹੀਂ ਸੀ ਆਇਆ?'

ਕੁਝ ਸਮੇਂ ਤੋਂ ਅਮਨ ਦੇ ਨਾਂ ਤੋਂ ਘਰ 'ਚ ਤਣਾਓ ਬਣ ਰਿਹਾ ਸੀ। ਸਾਧੂ ਸੁਭਾ ਸਿੱਧੂ ਸਾਹਿਬ ਹਿਰਖ਼ੀ ਆਵਾਜ਼ 'ਚ ਬੋਲਣ ਲੱਗੇ ਸਨ। ਇਕ ਰਾਤ ਅਚਾਨਕ ਚੀਖ਼ ਉਠੇ, 'ਮੇਰੇ 'ਚ ਕੀ ਘਾਟ ਐ? ਕਿਸ ਚੀਜ਼ ਦੀ ਕਮੀ ਐ ਤੈਨੂੰ?'

'ਮੈਂ ਕਦ ਕਿਹੈ ?' ਨਿਰਲੇਪਤਾ ਨਾਲ ਮੈਂ ਬੋਲੀ।

'ਫਿਰ ਉਹ ਬਦਜ਼ਾਤ, ਅਮਨ ਦਾ ਬੱਚਾ, ਕਿਉਂ ਆਉਂਦਾ ? ਕਿਉਂ ? ਕੀ ਲਗਦੈ ਉਹ ਤੇਰਾ ? ਦੱਸ ?' ਉਹ ਗੁੱਸੇ ਵਿਚ ਅੱਗ ਭਬੂਕਾ ਹੋ ਗਏ, 'ਕੀ ਸੋਚਦੀ ਏਂ, ਬੁੱਢਾ ਹਾਂ ਮੈਂ ? ਆ ਵਿਖਾਵਾਂ ਤੈਨੂੰ ਆਪਣੀ ਤਾਕਤ । ਸੈਕਸ ਹੀ ਚਾਹੀਦੈ ਨਾ ਤੈਨੂੰ ? ਹੈਂ ? ਹੁਣੇ ਦਿੰਦਾ ਹਾਂ ਤੈਨੂੰ।'

'ਕੀ ਹੋ ਗਿਐ ਅੱਜ ?' ਉਹਨਾਂ ਦੇ ਪਸ਼ੂਆਂ ਵਾਲੇ ਵਰਤਾਅ ਤੋਂ ਦੁਖੀ ਹੋ ਕੇ ਮੈਂ ਚੀਕੀ। ਪਰ ਉਨ੍ਹਾਂ ਮੇਰੀ ਇਕ ਨਾ ਸੁਣੀ। ਫਿਰ ਘੰਟਾ ਭਰ ਮੇਰੇ ਨਾਲ ਘੁਲਦੇ ਰਹੇ। ਬੁੱਢਾ ਸਰੀਰ ਹੌਂਕਣ ਲੱਗਾ। ਸਰੀਰ ਤ੍ਰੇਲੀਓ ਤ੍ਰੇਲੀ, ਪਰ ਮੰਜ਼ਿਲ ਉਹਨਾਂ ਤੋਂ ਕਿਤੇ ਦੂਰ ਸੀ। ਅਖ਼ੀਰ ਢਿੱਲੇ ਪੈ ਗਏ ਤੇ ਡਿੱਗ ਪਏ। ਅੱਖਾਂ ਮੀਟ ਲਈਆਂ। ਪਤਾ ਨਹੀਂ ਨਮੋਸ਼ੀ ਵਿਚ, ਜਾਂ ਥੱਕਿਆ ਮਾਂਦਾ ਸਰੀਰ ਆਰਾਮ 'ਚ ਜਾ ਗਰਕ ਹੋਇਆ। ਕੁਝ ਚਿਰ ਮੈਂ ਉਸੇ ਤਰ੍ਹਾਂ ਨਿਰਵਸਤਰ ਉਨ੍ਹਾਂ ਕੋਲ ਬੈਠੀ ਰਹੀ। ਯੁੱਧ ਵਿਚ ਹਾਰੇ ਹੋਏ ਇਸ ਨਾਇਕ ਵੱਲ ਡਾਢੀ ਹਿਕਾਰਤ ਤੇ ਨਫ਼ਰਤ ਨਾਲ ਵਿੰਹਦੀ। ਫਿਰ ਕੋਈ ਦੱਬਿਆ ਵੇਗ ਉਠਿਆ ਮੇਰੇ ਅੰਦਰ। ਕੋਈ ਪਾਗਲਪਨ ਦਾ ਦੌਰਾ ਜਾਂ ਜ਼ਖ਼ਮੀ ਸੱਪਣੀ ਦਾ ਡੰਗ। ਪੂਰੇ ਜ਼ੋਰ ਦੀ ਚਪੇੜ ਜੜ ਦਿੱਤੀ ਮੈਂ ਉਨ੍ਹਾਂ ਦੇ ਮੂੰਹ 'ਤੇ। ਉਹ ਹੜਬੜਾ ਕੇ 'ਕੀ ਹੋਇਆ, ਕੀ ਹੋਇਆ' ਕਰਦੇ ਉਠ ਬੈਠੇ। ਰਿਸ਼ਤੇ ਦੇ ਅਹਿਸਾਸ ਤੋਂ ਸੱਖਣੀਆਂ ਮੇਰੀਆਂ ਅੱਖਾਂ ਦਾ ਤੌਰ ਵੇਖ ਕੇ ਉਨ੍ਹਾਂ ਦਾ ਚੁੱਕਿਆ ਹੱਥ ਥਾਏਂ ਰੁਕ



ਗਿਆ। ਉਠ ਕੇ ਮੈਂ ਆਪਣੇ ਕੱਪੜੇ ਚੁੱਕੇ ਤੇ ਦੂਜੇ ਕਮਰੇ ਵਿਚ ਸੁੱਤੀ ਸਿੰਮੀ ਨਾਲ ਜਾ ਪਈ।

ਮੇਰਾ ਸਾਹ ਤੇਜ਼ ਚੱਲ ਰਿਹਾ ਸੀ। ਚਿੱਤ ਕੀਤਾ ਕਿਧਰੇ ਦੌੜ ਜਾਵਾਂ। ਅੱਖਾਂ 'ਚੋਂ ਹੰਝੂ ਪਰਲ ਪਰਲ ਵਹਿਣ ਲੱਗੇ। ਵੇਗ ਕੁਝ ਘਟਿਆ, ਸੁਰਤ ਪਰਤੀ। ਸੋਚਿਆ ਕਿਥੇ ਜਾਵਾਂਗੀ? ਅਮਨ ਸੰਤੁਸ਼ਟ ਹੈ ਆਪਣੀ ਜ਼ਿੰਦਗੀ ਵਿਚ। ਪਿੰਡ ਵਿਚ ਕੀ ਬਚਿਆ ਹੈ ਮੇਰਾ? ਇਸ ਤੋਂ ਇਲਾਵਾ ...? ਸੁੱਤੀ ਸਿੰਮੀ ਨੂੰ ਮੈਂ ਸੀਨੇ ਨਾਲ ਲਾਇਆ। ਵਕਤ ਦੇ ਪਹੀਏ ਨੂੰ ਪੂਰਾ ਜ਼ੋਰ ਲਾ ਕੇ ਗੇੜਨ ਲੱਗੀ।

ਸਵੇਰੇ ਵੇਖਿਆ ਸਿੱਧੂ ਸਾਹਿਬ ਦੇ ਚਿਹਰੇ 'ਤੇ ਰਾਤ ਵਾਲੀ ਘਟਨਾ ਦਾ ਕੋਈ ਪਰਛਾਵਾਂ ਨਹੀਂ ਸੀ। ਉਹਨਾਂ ਮੈਨੂੰ ਕੋਲ ਸੱਦਿਆ ਤੇ ਪਿਆਰ ਨਾਲ ਪੁੱਛਣ ਲੱਗੇ, 'ਰਾਤੀਂ ਕੀ ਹੋਇਆ ਸੀ ਤੈਨੂੰ? ਏਦਾਂ ਵੀ ਕਰੀਦੈ ਕਦੀ ?'

ਅਚਾਨਕ ਮੇਰਾ ਰੋਣ ਫੁੱਟ ਗਿਆ, 'ਪਾਗਲ ਹੋ ਗਈ ਸਾਂ ਮੈਂ, ਮੈਨੂੰ ਮੁਆਫ਼ ਕਰ ਦਿਓ ...। ਪਤਾ ਨਹੀਂ ਕੀ ਹੋ ਗਿਆ ਸੀ ਮੈਨੂੰ ...।' ਉਹਨਾਂ ਦੇ ਗਲ ਲੱਗ ਕੇ ਮੈਂ ਕਿੰਨਾ ਚਿਰ ਰੋਂਦੀ ਰਹੀ। ਉਨ੍ਹਾਂ ਫਰਾਖਦਿਲੀ ਨਾਲ ਮੇਰੇ ਸਿਰ 'ਤੇ ਹੱਥ ਫੇਰਿਆ ਤੇ ਬੋਲੇ, 'ਮੈਂ ਤਾਂ ਤੈਨੂੰ ਉਂਜ ਹੀ ਅਮਨ ਦੇ ਨਾਂ 'ਤੇ ਚਿੜਾ ਰਿਹਾ ਸਾਂ। ਪੁੱਤਰ ਆ ਆਪਣਾ ਉਹ, ਜਦ ਜੀਅ ਕਰੇ ਆਵੇ, ਜਦ ਜੀਅ ਕਰੇ ਜਾਏ। ਤੂੰ ਮੇਰੀਆਂ ਗੱਲਾਂ ਦਾ ਬੁਰਾ ਨਾ ਮੰਨਿਆ ਕਰ। ਚੱਲ ਛੱਡ ਇਨ੍ਹਾਂ ਗੱਲਾਂ ਨੂੰ, ਹੱਸ ਮਾਸਾ। ਜਾਹ ਬਰੇਕ ਫਾਸਟ ਤਿਆਰ ਕਰ ...।'

ਪਰ ਮੈਨੂੰ ਲੱਗਾ ਕੁਝ ਤਿੜਕ ਗਿਆ ਸੀ ਉਨ੍ਹਾਂ ਦੇ ਅੰਦਰੋਂ। ਪਹਿਲਾਂ ਤੋਂ ਗੁੰਮ ਸੁੰਮ ਰਹਿਣ ਲੱਗੇ। ਕਾਰੋਬਾਰ ਵੱਲੋਂ ਬੇਮੁੱਖ ਰਹਿਣ ਲੱਗੇ। ਰਾਤ ਆਪਣੇ ਲਾਗੇ ਸੁਲਾਉਣ ਦੀ ਜ਼ਿਦ ਨਾ ਕਰਦੇ। ਕਦੇ ਬੈਂਕ ਦੀਆਂ ਕਾਪੀਆਂ ਵਿਖਾਲਦੇ, 'ਏਨੇ ਪੈਸੇ ਤੇਰੇ ਨਾਂ 'ਤੇ ਜਮ੍ਹਾਂ ਨੇ, ਏਨੇ ਸਿੰਮੀ ਦੇ ਨਾਂ, ਇਹ ਕੋਠੀ ਦੀ ਵਸੀਅਤ, ਇਹ ...।'

ਸਿੰਮੀ ਨਾਵੀਂ 'ਚ ਪੜ੍ਹ ਰਹੀ ਸੀ। ਸਿੱਧੂ ਸਾਹਿਬ ਸਿਹਤ ਪੱਖੋਂ ਨਿੱਘਰ ਰਹੇ ਸਨ। ਹਲਕੀ ਸੈਰ ਕਰਦੇ, ਆਹਿਸਤਾ ਬੋਲਦੇ, ਧੀਮੀ ਰਫ਼ਤਾਰ ਕਾਰ ਚਲਾਉਂਦੇ। ਅਮਨ ਦਾ ਕਾਫ਼ੀ ਚਿਰ ਤੋਂ ਨਾ ਆਉਣਾ ਵੀ ਸ਼ਾਂਤੀ ਦਾ ਕਾਰਨ ਸੀ। ਮੈਂ ਵੀ ਚਾਹੁੰਦੀ ਸਾਂ, ਉਹ ਨਾ ਆਇਆ ਕਰੇ। ਮੇਰਾ ਮਨ ਟਿਕਾਓ 'ਚ ਆ ਰਿਹਾ ਸੀ। ਜਠਾਣੀ ਦੀਆਂ ਹਦਾਇਤਾਂ ਪਾਲਦੀ ਮੈਂ ਪਾਠ ਕਰਦੀ, ਗੁਰਦੁਆਰੇ ਜਾਂਦੀ, ਪਿੰਗਲਵਾੜੇ ਰਾਸ਼ਨ ਦਾਨ ਕਰ ਆਉਂਦੀ।

ਇਕ ਦਿਨ ਬਾਥਰੂਮ 'ਚੋਂ ਅਚਾਨਕ ਚੀਕ ਨਿਕਲੀ। ਮੈਂ ਤੇ ਸਿੰਮੀ ਉਧਰ ਦੌੜੀਆਂ ਤੇ ਬੂਹਾ ਖੜਕਾਇਆ। ਪਰ ਅੰਦਰ ਚੁੱਪ-ਚਾਂ ਸੀ। ਅਸਾਂ ਦੋਹਾਂ ਨੇ ਧੱਕੇ ਮਾਰ ਮਾਰ ਚਿਟਕਣੀ ਉਖਾੜੀ ਤਾਂ ਸਿੱਧੂ ਸਾਹਿਬ ਨੂੰ ਹੇਠਾਂ ਫਰਸ਼ 'ਤੇ ਚੌਫਾਲ ਪਏ ਵੇਖਿਆ। ਸਾਡੀਆਂ ਧਾਹਾਂ ਨਿਕਲ ਗਈਆਂ। ਸਿੰਮੀ ਨੇ ਦੌੜ ਕੇ ਫੈਮਿਲੀ ਡਾਕਟਰ ਨੂੰ ਫ਼ੋਨ ਖੜਕਾਇਆ। ਦਸਾਂ ਮਿੰਟਾਂ 'ਚ ਹੀ ਉਹ ਆ ਪਹੁੰਚਿਆ। ਨਬਜ਼ ਟਟੋਲਦਿਆਂ ਉਸਨੇ ਸਿਰ ਹਿਲਾ ਦਿੱਤਾ- 'ਹਾਰਟ ਅਟੈਕ, ਸੌਰੀ, ਹੀ ਇਜ਼ ਨੋ ਮੋਰ।'

ਆਂਢੀਆਂ-ਗੁਆਂਢੀਆਂ, ਮਿੱਤਰਾਂ ਦੋਸਤਾਂ, ਸਾਕਾਂ-ਰਿਸ਼ਤੇਦਾਰਾਂ ਦੀ ਆਮਦ ਸ਼ੁਰੂ ਹੋਈ। ਸਾਰਾ ਘਰ ਉਦਾਸੀਆਂ 'ਚ ਡੁੱਬ ਗਿਆ। ਮੇਰੀਆਂ ਅੱਖਾਂ ਦੇ ਹੰਝੂ ਸੁੱਕ ਗਏ। ਤੇਤੀਆਂ ਦੀ ਉਮਰ 'ਚ ਸਫ਼ੈਦ ਦੁੱਪਟਾ ਸਿਰ 'ਤੇ ਆ ਟਿਕਿਆ। ਸਾਰਾ ਆਸਾ ਪਾਸਾ ਹੀ ਰੁਕ ਗਿਆ ਜਿਵੇਂ।

ਅਖੰਡ ਪਾਠ ਚੱਲ ਰਿਹਾ ਸੀ। ਅਮਨ ਪਿਛਲੇ ਚਹੁੰ ਦਿਨਾਂ ਤੋਂ ਏਥੇ ਹੀ ਘਰ ਦੇ ਨਿੱਕੇ ਮੋਟੇ ਕੰਮਾਂ ਵਿਚ ਰੁੱਝਾ ਹੋਇਆ ਸੀ। ਮੇਰੇ ਕੋਲ ਸਾਊਆਂ ਵਾਂਗ ਆ ਖਲੋਂਦਾ, ਕਰਨ ਵਾਲੇ ਕੰਮ ਦੀ ਸਲਾਹ ਲੈਂਦਾ ਤੇ ਕੀਤੇ ਕੰਮਾਂ ਦੇ ਵੇਰਵੇ ਦੱਸਦਾ। ਆਏ ਗਏ ਨੂੰ ਅਟੈਂਡ ਕਰਦਾ।

ਸੋਚਾਂ ਵਿਚ ਗਲਤਾਨ ਹੋਈ ਨੂੰ ਪਿਛਲੇ ਕਈ ਦਿਨਾਂ ਤੋਂ ਨੀਂਦਰ ਨਹੀਂ ਸੀ ਪਈ। ਬੱਸ ਡੂੰਨ

ਵੱਟਾ ਜਿਹਾ ਬਣ ਗਈ। ਨਿੱਕੇ ਨਿੱਕੇ ਕੰਮਾਂ 'ਚ ਉਲਝੀ ਤੇ ਥੱਕੀ ਸਿੰਮੀ ਆਪਣੀ ਤਾਈ ਦੀ ਹਿੱਕ ਨਾਲ ਲੱਗ ਕੇ ਰਾਤੀਂ ਸੌਂ ਗਈ। ਪਾਠੀ ਸਿੰਘਾਂ ਲਾਗੇ ਡਿਊਟੀ ਦਿੰਦੇ ਜੇਠ ਸਾਹਿਬ ਵੀ ਊਂਘਣ ਲੱਗੇ। ਹੋਰ ਰਿਸ਼ਤੇਦਾਰ ਵੀ ਇਧਰ ਉਧਰ ਢਾਸਨਾ ਲਾਈ ਢਿਲਕ ਗਏ। ਬੱਸ ਮੈਂ ਸਾਂ ਆਪਣੇ ਕਮਰੇ ਵਿਚ, ਹੇਠਾਂ ਗਲੀਚੇ 'ਤੇ ਬੈਠੀ ਬਿੱਟ ਬਿੱਟ ਝਾਕ ਰਹੀ। ਆਪਣੇ ਨੇੜੇ ਅਮਨ ਨੂੰ ਖਲੋਤਾ ਵੇਖਿਆ ਮੈਂ, 'ਚਾਚੀ, ਤੁਸੀਂ ਸੌਂ ਲੈਣਾ ਸੀ ਘੜੀ, ਉਠੋ ਮੰਜੇ 'ਤੇ ਪੈ ਲਵੋ।' ਉਹਨੇ ਮੈਨੂੰ ਡੌਲਿਆਂ ਤੋਂ ਫੜ ਕੇ ਜ਼ੋਰ ਨਾਲ ਉਠਾਇਆ ਤੇ ਬੈੱਡ 'ਤੇ ਬਹਾ ਦਿੱਤਾ। ਫਿਰ ਕੁਝ ਚਿਰ ਉਹ ਉਂਜ ਦਾ ਉਂਜ ਖੜ੍ਹਾ ਰਿਹਾ। ਫਿਰ ਮੇਰੇ ਵਾਲਾਂ ਨੂੰ ਹਲਕਾ ਹਲਕਾ ਸਹਿਲਾਉਣ ਲੱਗਾ। ਮੈਂ ਚੁੱਪ ਵਿਚ ਅੱਖਾਂ ਮੀਟ ਲਈਆਂ। ਫਿਰ ਉਹਦਾ ਹੱਥ ਮੇਰੇ ਪਿੰਡੇ ਵੱਲ ਵਧਿਆ ਤਾਂ ਮੈਂ ਚੇਤੰਨ ਹੋਈ, 'ਅਮਨ, ਸ਼ਰਮ ਕਰ ਥੋੜ੍ਹੀ। ਵੇਲਾ-ਕੁਵੇਲਾ ਤਾਂ ਵੇਖੇ ਬੰਦਾ।'

'ਤੁਹਾਨੂੰ ਨੀਂਦ ਆ ਜਾਏਗੀ।' ਉਹਨੇ ਢੀਠਤਾਈ ਨਾਲ ਕਿਹਾ ਤੇ ਦਰਵਾਜ਼ੇ ਦੀ ਚਿਟਕਣੀ ਅੜਾਉਣ ਲੱਗਾ। 'ਅਮਨ...।' ਮੈਂ ਕੜਕ ਕੇ ਬੋਲੀ ਤਾਂ ਉਹ ਤ੍ਰਭਕ ਕੇ ਪਿੱਛੇ ਹਟਿਆ। 'ਖ਼ਬਰਦਾਰ ਜੇ ਅੱਗੇ ਤੋਂ ਇਸ ਘਰ ਵੜਿਆ...।'

'ਚਾਚੀ ਹੌਲੀ...।' ਉਹਦੀ ਆਵਾਜ਼ ਕੰਬੀ। ਮੇਰਾ ਸਾਹ ਤੇਜ਼ ਤੇਜ਼ ਚੱਲਣ ਲੱਗਾ। ਮੌਕਾ ਵੇਖ ਕੇ ਅਮਨ ਕਮਰੇ 'ਚੋਂ ਨਿਕਲ ਗਿਆ। ਸਿਰ੍ਹਾਣੇ 'ਚ ਮੂੰਹ ਲੁਕਾ ਮੈਂ ਕਿੰਨਾ ਹੀ ਚਿਰ ਰੋਂਦੀ ਰਹੀ।

ਡਰਾਇੰਗ ਰੂਮ 'ਚੋਂ ਪਾਠ ਦੀ ਮੱਧਮ ਆਵਾਜ਼ ਆ ਰਹੀ ਸੀ। ਮੈਂ ਸਹਿਜ ਨਾਲ ਉਠੀ। ਵਾਸ਼ ਬੇਸਿਨ ਤੋਂ ਪਾਣੀ ਦੇ ਛਿੱਟੇ ਅੱਖਾਂ 'ਤੇ ਮਾਰੇ ਤੇ ਜਾ ਕੇ ਪਾਠ ਸੁਣਨ ਲੱਗੀ। ਬਹੁਤ ਕੋਸ਼ਿਸ਼ ਦੇ ਬਾਵਜੂਦ ਵੀ ਬਿਰਤੀ ਇਕਾਗਰ ਨਾ ਹੋ ਸਕੀ।

ਸਵੇਰੇ ਭੋਗ ਦੇ ਵਕਤ ਅਮਨ ਹਾਜ਼ਰ ਸੀ। ਚੁੱਪ-ਚਾਪ ਸਿਰ ਝੁਕਾਈ ਇਧਰ ਉਧਰ ਤੁਰਦਾ ਫਿਰਦਾ। ਪਰਿਵਾਰਕ ਰਸਮਾਂ ਮੁਤਾਬਕ ਉਹਨੂੰ ਸਿੱਧੂ ਪਰਿਵਾਰ ਦਾ ਇਕੋ ਇਕ ਪੁੱਤਰ ਹੋਣ ਨਾਤੇ ਜ਼ਿੰਮੇਵਾਰੀ ਦੀ ਪੱਗ ਬੱਧੀ ਗਈ। ਉਸ ਤੋਂ ਬਾਅਦ ਸਾਰੀ ਕਾਰਵਾਈ ਆਮ ਵਾਂਗ ਵਾਪਰ ਗਈ। ਆਏ ਰਿਸ਼ਤੇਦਾਰਾਂ, ਸਕੇ-ਸਬੰਧੀਆਂ ਹਮਦਰਦੀ ਜਿਤਾਈ, ਸਿੰਮੀ ਦੇ ਸਿਰ 'ਤੇ ਹੱਥ ਰੱਖਿਆ, ਦਾਲ ਫੁਲਕਾ ਛਕਿਆ ਤੇ ਆਪੋ ਆਪਣੇ ਘਰੀਂ ਚਲੇ ਗਏ। ਅਖੀਰ ਘਰ ਵਿਚ ਰਹਿ ਗਏ ਮੈਂ ਤੇ ਸਿੰਮੀ। ਸਿੱਧੂ ਸਾਹਿਬ ਦੀ ਕਾਇਆ ਦੇ ਨਕਸ਼ ਫਰੇਮ ਵਿਚ ਕੈਦ ਹੋ ਕੇ ਕੰਧ ਨਾਲ ਆ ਚਿਪਕੇ। ਫੈਕਟਰੀ ਠੇਕੇ 'ਤੇ ਦੇ ਦਿੱਤੀ। ਗੁਜ਼ਾਰੇ ਦੀ ਕੋਈ ਦਿੱਕਤ ਨਹੀਂ ਸੀ। ਆਪਣੇ ਆਪ ਨੂੰ ਸਮੇਟ ਮੈਂ ਘਰ ਦੀ ਜ਼ਿੰਮੇਵਾਰੀ ਸੰਭਾਲੀ। ਸਿੰਮੀ ਪੜ੍ਹਨ ਜਾਂਦੀ। ਉਹਦਾ ਖ਼ਿਆਲ ਰੱਖਦੀ। ਉਸਨੂੰ ਕਿਸੇ ਯੋਗ ਥਾਂ 'ਤੇ ਪੁਚਾਉਣਾ ਮੇਰੇ ਜੀਵਨ ਦਾ ਸੁਪਨਾ ਸੀ। ਸਿੰਮੀ ਗੰਭੀਰ ਤੇ ਆਗਿਆਕਾਰ ਸੀ। ਇਕਾਗਰ ਮਨ ਨਾਲ ਪੜ੍ਹਦੀ। ਮੇਰੇ ਨਾਲ ਹਰ ਗੱਲ ਸਾਂਝੀ ਕਰਦੀ, ਮੈਥੋਂ ਸਲਾਹ ਪੁੱਛਦੀ।

ਲਗਨ ਤੇ ਨੇਕ ਨੀਅਤ ਨਾਲ ਸਿੰਮੀ ਨੇ ਐਮ. ਏ. ਮੁਕਾਈ। ਇਕ ਦਿਨ ਬੜੇ ਸਲੀਕੇ ਨਾਲ ਮੇਰੇ ਨਾਲ ਜਤਿੰਦਰ ਨਾਲ ਆਪਣੀ ਸਾਂਝ ਦਾ ਜ਼ਿਕਰ ਕੀਤਾ ਤੇ ਮੈਥੋਂ ਇਸ ਰਿਸ਼ਤੇ ਲਈ ਪ੍ਰਵਾਨਗੀ ਮੰਗੀ। ਮੈਂ ਵੇਖਿਆ ਮੇਰੀ ਧੀ ਪੂਰੀ ਜ਼ਿੰਮੇਵਾਰੀ ਨਾਲ ਇਹ ਗੱਲ ਕਰ ਰਹੀ ਸੀ। ਮੈਂ ਉਹਦਾ ਸਿਰ ਪਲੋਸਿਆ ਤੇ ਉਹਨੂੰ ਕਿਹਾ ਕਿ ਉਹ ਜਤਿੰਦਰ ਨੂੰ ਫੋਨ ਕਰਕੇ ਆਪਣੇ ਮਾਪਿਆਂ ਨੂੰ ਲੈ ਆਉਣ ਲਈ ਕਹੇ। ਦਾਨੇ-ਪ੍ਰਧਾਨੇ ਮਾਂ ਬਾਪ ਤੇ ਨੇਕ ਦਿਸਣ ਵਾਲਾ ਜਤਿੰਦਰ ਘਰ ਆਏ। ਕੁਝ ਪਲ ਇਕੱਠਿਆਂ ਬੀਤੇ ਤੇ ਸਾਂਝ ਦਾ ਮੁੱਢ ਬੱਝ ਗਿਆ। ਕਿਸੇ ਨੂੰ ਕਿਸੇ 'ਤੇ ਕੋਈ ਉਜ਼ਰ ਨਹੀਂ ਸੀ। ਜਤਿੰਦਰ ਦੀ ਮਾਂ ਨੇ ਸਿੰਮੀ ਨੂੰ ਗਲ ਲਾਇਆ, 'ਜਤਿੰਦਰ ਦੀ ਸਰਵਿਸ ਲੱਗਣ ਦੀ ਦੇਰ, ਮੈਂ ਆਪਣੀ ਧੀ ਨੂੰ ਲੈ ਜਾਵਾਂਗੀ।'



ਸਾਲ ਦੇ ਵਿਚ ਵਿਚ ਜਤਿੰਦਰ ਬੈਂਕ ਅਫ਼ਸਰ ਦੀ ਪਰੀਖਿਆ ਪਾਸ ਕਰ ਗਿਆ। ਸਬੱਬੀਂ ਪੋਸਟਿੰਗ ਵੀ ਆਪਣੇ ਸ਼ਹਿਰ ਹੋ ਗਈ। ਆਪਣੇ ਮਾਂ-ਬਾਪ ਨਾਲ ਬਰਫ਼ੀ ਦਾ ਡੱਬਾ ਲੈ ਕੇ ਹਾਜ਼ਰ ਹੋਇਆ ਤੇ ਮੇਰੇ ਪੈਰ ਛੋਹੇ। ਉਹਦੀ ਮਾਂ ਬੋਲੀ, 'ਬੱਸ ਭੈਣ ਜੀ, ਹੋਰ ਦੇਰ ਨਹੀਂ ਹੁਣ, ਤਿਆਰੀਆਂ ਕਰੋ ਮੇਰੀ ਧੀ ਨੂੰ ਮੇਰੇ ਨਾਲ ਤੋਰਨ ਦੀਆਂ।'

ਦਿਨਾਂ ਵਿਚ ਹੀ ਰੁਝੇਵੇਂ ਸਿਖ਼ਰ 'ਤੇ ਆ ਗਏ। ਕਪੜਿਆਂ-ਗਹਿਣਿਆਂ ਦੀ ਖਰੀਦ, ਕਾਰਡਾਂ ਦੀ ਵੰਡ-ਵੰਡਾਈ, ਵੱਡੇ-ਛੋਟੇ ਹੋਰ ਅਨੇਕਾਂ ਕੰਮ। ਕਿਥੇ ਸੀ ਅਮਨ ਹੁਣ। ਅੱਠਾਂ ਵਰ੍ਹਿਆਂ ਤੋਂ ਉਹਦੀ ਕੋਈ ਉਘ ਸੁੱਘ ਨਹੀਂ ਸੀ। ਜ਼ਿੰਮੇਵਾਰੀ ਦੀ ਪੱਗ ਬੰਨ੍ਹਾ ਕੇ ਐਸਾ ਗਿਆ ਕਿ ਫਿਰ ਇਕ ਵਾਰੀ ਵੀ ਸਾਰ ਨਹੀਂ ਲਈ। ਕਿੰਨਾ ਉਹਨੂੰ ਭੁੱਲਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਮੇਰੀ ਸੋਚ 'ਤੇ ਛਾ ਹੀ ਜਾਂਦਾ ਸੀ ਫਿਰ ਵੀ।

ਕਾਰਡ ਲਿਖਦਿਆਂ ਸਿੰਮੀ ਬੋਲੀ, 'ਅਮਨ ਵੀਰ ਜੀ ਦਾ ਕਾਰਡ ?'

'ਪਿੰਡ ਦੇ ਐਡਰਸ 'ਤੇ ਹੀ ਲਿਖਦੇ।' ਮੈਂ ਕਿਹਾ।

'ਮੰਮਾਂ ਵੀਰ ਜੀ ਹੁਣ ਆਉਂਦੇ ਕਿਉਂ ਨਹੀਂ?' ਮੈਨੂੰ ਲੱਗਾ ਜਿਵੇਂ ਸਿੰਮੀ ਮੈਨੂੰ ਫਰੋਲਣ ਦੀ ਕੋਸ਼ਿਸ਼ ਕਰ ਰਹੀ ਸੀ।

'ਮੈਨੂੰ ਕੀ ਪਤਾ ਬੇਟੇ। ਚੱਲ ਛੱਡ ਤੂੰ... ਕੰਮ ਮੁਕਾ।' ਟਾਲਣ ਦੇ ਲਹਿਜੇ ਨਾਲ ਮੈਂ ਕਿਹਾ।

ਵਿਆਹ ਦਾ ਦਿਨ ਆਖ਼ਰ ਆ ਪਹੁੰਚਿਆ। ਸੂਹੇ ਜੋੜੇ 'ਚ ਸਿੰਮੀ ਨੂੰ ਸ਼ਿੰਗਾਰਿਆ ਜਾ ਰਿਹਾ ਸੀ। ਮੇਰੇ ਮਨ 'ਤੇ ਅਜੀਬ ਖ਼ੁਮਾਰੀ ਛਾ ਰਹੀ ਸੀ। ਜਿਵੇਂ ਮੈਂ ਖ਼ੁਦ ਸ਼ਿੰਗਾਰੀ ਜਾ ਰਹੀ ਸਾਂ। ਸੁੱਤੀਆਂ-ਦੱਬੀਆਂ ਰੀਝਾਂ ਉਠ ਖਲੋਤੀਆਂ। ਵਕਤ ਸਿਮਟ ਕੇ ਇਕ ਬਿੰਦੂ 'ਤੇ ਆ ਗਿਆ।

ਅਮਨ ਕਿੱਥੇ ਸੀ ਅੱਜ ? ਸਿੰਮੀ ਦੇ ਵਿਆਹ ਦੀਆਂ ਰੌਣਕਾਂ 'ਚੋਂ ਉਹ ਕਿਉਂ ਲਾਪਤਾ ਸੀ। ਕੀ ਆਖਿਆ ਸੀ ਮੈਂ ਉਹਨੂੰ? ਇਸ ਤਰ੍ਹਾਂ ਵੀ ਕਰਦਾ ਹੈ ਕੋਈ?

ਨਵੇਂ ਰਿਸ਼ਤੇਦਾਰਾਂ 'ਚ ਘਿਰੀ ਮੈਂ ਮਾਂ ਦਾ ਰੋਲ ਅਦਾ ਕਰਦੀ ਰਹੀ। ਵਿਆਹ ਸੰਪੰਨ ਹੋ ਗਿਆ। ਸਿੰਮੀ ਨੂੰ ਮੈਂ ਵਿਦਾ ਕਰ ਦਿੱਤਾ।

ਅਮਨ ਦੀ ਘਾਟ ਕਿਉਂ ਖਟਕ ਰਹੀ ਸੀ?

ਮੈਂ ਫੋਨ ਵੱਲ ਤੱਕਿਆ, ਇਸ ਆਸ ਨਾਲ ਕਿ ਬੈੱਲ ਸ਼ਾਇਦ ਵੱਜੇ। ਸਾਢੇ ਨੌਂ ਵੱਜ ਰਹੇ ਸਨ। ਇਸੇ ਵੇਲੇ...ਸ਼ਾਇਦ ਹੁਣ ਤਕ ਸਿੰਮੀ ਤੇ ਜਤਿੰਦਰ...। ਮੈਨੂੰ ਆਪਣੀ ਸੁਹਾਗ ਰਾਤ ਚੇਤੇ ਆਈ, ਇਕ ਕੌੜਾ ਘੁੱਟ ਮੇਰੇ ਸੰਘ ਵਿਚ ਅਟਕ ਗਿਆ। ਇਸ ਕੁੜੱਤਣ ਨੂੰ ਘਟਾਉਣ ਖ਼ਾਤਰ ਮੈਂ ਸਿੰਮੀ ਬਾਰੇ ਸੋਚਿਆ। ਅਚਾਨਕ ਮੇਰੇ ਕੰਨਾਂ ਲਾਗੋਂ ਸੇਕ ਉਠਣ ਲੱਗਾ। ਇਕ ਲਹਿਰ ਸਿਰ 'ਚੋਂ ਉਠ ਕੇ ਪੈਰਾਂ ਤਕ ਚਲੀ ਗਈ। ਫਿਰ ਫੋਨ ਵੱਲ ਤੱਕਿਆ। ਇਕ ਸਿਸਕਾਰੀ ਦੀ ਆਵਾਜ਼ ਨਿਕਲੀ ਜਿਵੇਂ ਉਹਦੇ 'ਚੋਂ। ਮੇਰਾ ਤਨ ਤਪਣ ਲੱਗਾ ਅਚਾਨਕ। ਉਠ ਕੇ ਅਲਮਾਰੀ 'ਚੋਂ ਪੁਰਾਣੀਆਂ ਡਾਇਰੀਆਂ ਕੱਢ ਕੇ ਫੋਲਣ ਲੱਗੀ। ਸ਼ਾਇਦ ਕਿਤੋਂ ਅਮਨ ਦਾ ਫ਼ੋਨ ਨੰਬਰ ਲੱਭ ਪਏ। ਫਿਰ ਖ਼ਿਆਲ ਆਇਆ ਇੰਨੇ ਚਿਰ ਵਿਚ ਤਾਂ ਸ਼ਹਿਰ ਦੇ ਨੰਬਰ ਕਈ ਵਾਰ ਬਦਲ ਚੁੱਕੇ ਨੇ। ਫਿਰ ਪਤਾ ਨਹੀਂ ਕਿੱਥੇ ਹੋਵੇਗਾ ਉਹ? ਇਸ ਸ਼ਹਿਰ ਜਾਂ ਕਿਤੇ ਹੋਰ?

ਡਾਇਰੀਆਂ ਸੁੱਟ ਫਿਰ ਬੈੱਡ 'ਤੇ ਆ ਢੱਠੀ। ਅਮਨ ਦੇ ਖ਼ਿਆਲ ਨੂੰ ਭੁੱਲਣ ਦੀ ਕੋਸ਼ਿਸ਼ ਵਿਚ ਇਧਰ ਉਧਰ ਵੇਖਿਆ। ਆਪਣੇ ਸਮੇਤ ਸਾਰਾ ਬੇਮਤਲਬ ਸੀ ਏਥੇ। ਸਿੰਮੀ ਦਾ ਖ਼ਿਆਲ ਸੀ ਬੱਸ, ਜੋ ਦਿਸਹੱਦੇ ਤਕ ਪਸਰੇ ਮਾਰੂਥਲਾਂ 'ਤੇ ਇਕ ਹਰੇ ਬੂਟੇ ਨਿਆਈਂ ਸੀ। ਉਸਦੇ ਖ਼ਿਆਲ ਨੂੰ ਪਲੋਸਣਾ ਹੀ ਚੰਗਾ ਲੱਗਾ ਮੈਨੂੰ। ਜੋ ਇਸ ਵੇਲੇ...।○○

[61, ਫਰੈਂਡਜ਼ ਕਾਲੋਨੀ, ਅੰਮ੍ਰਿਤਸਰ]

# ਕੋਰੇ ਕਾਗਜ਼ ਦੀ ਗੂਹੜੀ ਲਿਖਤ

ਬਲਬੀਰ ਮਾਧੋਪੁਰੀ

'ਹਾਅ ਚਮ੍ਹਾਰਲੀ ਨੂੰ ਦਬਕਾ ਮਾਰ ਕੇ ਪਰੇ ਠਾਅ ਜਰਾ !' ਗੁਰਦੁਆਰੇ ਦੀ ਇਮਾਰਤ ਦੀਆਂ ਤਾਕੀਆਂ ਨਾਲ ਸਾਨੂੰ ਚੁੰਬੜਿਆਂ ਤੇ ਇਕ ਦੂਜੇ ਦੇ ਉਤੋਂ ਦੀ ਪੱਬਾਂ ਭਾਰ ਸੀਖਾਂ ਫੜ-ਫੜ ਅੰਦਰ ਨੂੰ ਝਾਕਦਿਆਂ ਵੱਲ ਦੇਖ ਕੇ, ਪ੍ਰਸ਼ਾਦ ਵੰਡਦਾ ਪਿੰਡ ਦਾ ਜੱਟ 'ਭਾਈ' ਆਪਣੇ ਕੋਲ ਖੜ੍ਹੇ ਕਿਸੇ ਨੂੰ ਅਕਸਰ ਹੀ ਸੰਗਰਾਂਦ ਜਾਂ ਗੁਰਪੁਰਬ ਦੇ ਮੌਕੇ ਕਹਿੰਦਾ।

ਅਸੀਂ ਖਿੜਕੀਆਂ ਨਾਲ ਲਮਕਦੇ ਤੇ ਚੁੰਬੜੇ ਹੋਏ ਸਾਰੇ ਨਿਆਣੇ ਪਲ ਦੀ ਪਲ ਜੁੱਤੀਆਂ ਮਿੱਧਦੇ ਪਿਛਾਂਹ ਹਟ ਜਾਂਦੇ। ਉਹਦਾ ਮੂੰਹ ਦੂਜੇ ਪਾਸੇ ਹੁੰਦਾ ਤਾਂ ਅਸੀਂ ਫਿਰ ਆਪਣੇ ਆਨੇ ਵਾਲੀ ਥਾਂ ਹੁੰਦੇ।

ਖਿਝੂ ਜਿਹੇ ਸੁਭਾਅ ਦੇ ਉਸ 'ਭਾਈ' ਦੇ ਤੇੜ ਸਿੱਖੀ ਸਰੂਪ ਦੀ ਦਿੱਖ ਵਾਲਾ ਕੱਛਾ, ਗਲ ਮਲੇਸ਼ੀਏ ਦਾ ਛਣ ਚੁੱਕਾ ਝੱਗਾ ਤੇ ਸਿਰ 'ਤੇ ਪੱਗ ਏਨੇ ਮੈਲੇ ਹੁੰਦੇ ਕਿ ਉਹਦੀਆਂ ਤੇਲ ਜਾਂ ਪਸੀਨੇ ਨਾਲ ਤਰ ਹੋਈਆਂ ਲੱਤਾਂ ਨਾਲ ਮੇਲ ਖਾਂਦੇ ਦਿਸਦੇ। ਉਹਦੇ ਮੂੰਹ ਉਤਲੇ ਮਾਤਾ ਦੇ ਵਿਰਲੇ-ਵਿਰਲੇ ਮੋਟੇ ਦਾਗ ਇਉਂ ਲਗਦੇ ਜਿਵੇਂ ਪਾਥੀਆਂ ਦੀ ਸਲੇਟੀ ਰੰਗੀ ਸੁਆਹ ਉਤੇ ਛਿੱਟਾਂ ਪਈਆਂ ਹੋਣ। ਜਦੋਂ ਉਹ ਚੱਬ ਕੇ ਗੱਲ ਕਰਦਾ ਤਾਂ ਉਹਦੀ ਤਿਕੋਨੀ ਜਿਹੀ ਚਿੱਟੀ ਦਾਹੜੀ ਵੀ ਹਿੱਲਦੀ। ਉਹਦੀਆਂ ਚੁੰਨ੍ਹੀਆਂ ਅੱਖਾਂ ਦੀਆਂ ਅਸੀਂ ਸਾਂਗਾਂ ਲਾਉਂਦੇ।

'ਚੰਨਣਾ ਤੇਰੇ ਕੋਲੋਂ ਨਹੀਂ ਕਾਬੂ ਆਉਣੀ ਇਹ ਚੀਂਗਰਪੋਟ, ਮੈਂ ਦਿੰਨਾਂ ਦਾਖੂ ਦਾਣਾ ਇਨ੍ਹਾਂ ਮਾਂ ਦਿਆਂ...!' ਉਹ ਫਿਰ ਉੱਲਰ ਕੇ ਸਾਨੂੰ ਅਧੂਰੀ ਗਾਲ੍ਹ ਕੱਢਦਾ ਜਿਸ ਦੀ ਖ਼ਾਲੀ ਥਾਂ ਸਾਡੇ ਮਨਾਂ ਵਿਚ ਆਪਣੇ ਆਪ ਭਰ ਜਾਂਦੀ।

ਪ੍ਰਸ਼ਾਦ ਲਈ ਸਭ ਤੋਂ ਬਾਅਦ ਜਦੋਂ ਸਾਡੀ ਵਾਰੀ ਆਉਂਦੀ ਤਾਂ ਉਹ ਝਿੜਕ ਕੇ ਕਹਿੰਦਾ, 'ਕਮਜਾਤੋ ਧੁਆਨੂੰ ਇਕ ਬਾਰੀ ਨਹੀਂ ਕਿਹਾ ਪਈ 'ਰਾਮ ਨਾ ਬਹਿ ਜਾਓ।' ਪਰ ਅਸੀਂ ਖੜ੍ਹੇ-ਖੜ੍ਹੇ ਇਕ ਦੂਜੇ ਤੋਂ ਮੋਹਰੇ ਦੋਹਾਂ ਹੱਥਾਂ ਦੇ ਨਿੱਕੇ-ਨਿੱਕੇ ਬੁਕ ਬਣਾ ਕੇ ਉਹਦੇ ਵੱਲ ਵਧਾਉਂਦੇ। ਉਹ ਬਿਨਾਂ ਝੁਕਿਆਂ ਪ੍ਰਸ਼ਾਦ ਵਰਤਾਉਂਦਾ ਤੇ ਅਸੀਂ ਫੁਰਤੀ ਨਾਲ ਉਤੋਂ ਹੀ ਬੋਚ ਲੈਂਦੇ। ਕਦੀ ਕਦੀ ਕਿਸੇ ਦੇ ਬੁੱਕ 'ਚ ਪ੍ਰਸ਼ਾਦ ਨਾ ਆਉਂਦਾ ਤੇ ਭੁੰਜੇ ਡਿਗ ਪੈਂਦਾ ਅਤੇ ਉਹ ਰੋਣਹਾਕਾ ਹੋ ਜਾਂਦਾ। ਜਦੋਂ ਉਹ ਭੁੰਜਿਉਂ ਚੁੱਕਣ ਲਗਦਾ ਤਾਂ ਏਨੇ ਨੂੰ ਤਾੜ 'ਚ ਬੈਠਾ ਡੱਬੂ ਆਪਣੀ ਜੀਭ ਨਾਲ ਪ੍ਰਸ਼ਾਦ ਛਕ ਜਾਂਦਾ। ਏਦਾਂ ਹੀ ਇਕ-ਦੋ ਵਾਰ ਮੇਰੀ ਕੌਲੀ ਉਸ ਵੇਲੇ ਹੱਥੋਂ ਛੁੱਟ ਕੇ ਥੱਲੇ ਡਿਗ ਪਈ ਜਦੋਂ 'ਭਾਈ' ਕਾਹਲੀ-ਕਾਹਲੀ ਜ਼ੋਰ-ਜ਼ੋਰ ਨਾਲ ਛੱਡਵਾਂ ਜਿਹਾ ਪ੍ਰਸ਼ਾਦ ਉਤੋਂ ਹੀ ਸੁੱਟ ਰਿਹਾ ਸੀ ਕਿ ਕਿਤੇ ਉਹਦਾ ਹੱਥ ਕੌਲੀ ਜਾਂ ਹੱਥਾਂ ਨੂੰ ਨਾ ਛੋਹ ਜਾਵੇ। ਅਜਿਹੀ ਘਟਨਾ ਨਾਲ ਮੇਰੇ ਚਿਹਰੇ 'ਤੇ ਖੁਸ਼ੀ ਦੀ ਚੜ੍ਹੀ ਲੱਫ਼ ਇਕਦਮ ਲਹਿ ਕੇ ਕਿਤੇ ਦੂਰ ਚਲੇ ਜਾਂਦੀ ਜੋ ਸਹਿਜੇ ਕੀਤੇ ਮੇਰੇ ਵੱਲ ਛੇਤੀ ਨਾ ਪਰਤਦੀ।

ਕਦੀ ਉਹ ਕਿਸੇ ਨੂੰ ਕਹਿੰਦਾ, 'ਤੂੰ ਪਾਈਲਾਂ ਨਈਂ ਲਿਆ ਓਏ!'

'ਨਹੀਂ ਬਾਬਾ ਮੈਂ ਨਹੀਂ ਲਿਆ ਹਾਲੇ!' ਪ੍ਰਸ਼ਾਦ ਲੁਕੋ ਕੇ ਖਾਣ ਪਿਛੋਂ ਹੱਥ ਕੱਛੇ ਦੀ ਪਿਛਾੜੀ ਨਾਲ ਪੂੰਝ ਕੇ ਸਾਡੇ 'ਚੋਂ ਕੋਈ ਜਣਾ ਦੱਸਦਾ।

ਘਰਾਂ ਨੂੰ ਮੁੜਦੀ ਸਾਡੀ ਢਾਣੀ ਇਉਂ ਖੁਸ਼ ਹੁੰਦੀ ਜਿਵੇਂ ਵੱਡੀ ਮੱਲ ਮਾਰੀ ਹੋਵੇ। ਅਸੀਂ ਇਕ ਦੂਜੇ ਨੂੰ ਦੱਸਦੇ, 'ਮੈਂਮ੍ਹੀਂ ਅੱਜ ਤੇਹਰਾ ਗੱਫ਼ਾ ਲਿਆ!'



'ਅੱਗੇ ਨਹੀਂ ਪਤਾ, ਕਾਣਾ-ਬੰਡਾ ਕਰਦਾ ਇਹ ਮੁਚਰੂ ਜਿਹਾ। ਅੰਦਰ ਬਈਠਿਆਂ ਨੂੰ ਤਾਂ ਮੁੱਠਾਂ ਭਰ-ਭਰ ਦਿੰਦਾ ਤੇ ਹਮ੍ਹਾਤੜਾਂ ਨੂੰ ਝੁੱਗੇ 'ਚੋਂ ਓਈਓ ਚੂੰਢੀਆਂ ਜਿਹੀਆਂ...।' ਕੋਲੋਂ ਦੀ ਲੰਘ ਰਹੇ ਮੱਸੇ ਦੇ ਬੋਲ ਮੈਨੂੰ ਸੁਣੇ ਜਿਨ੍ਹਾਂ ਸਦਕਾ ਮੇਰੇ ਮਨ ਵਿਚ ਕੁਝ ਤਿੜਕ ਗਿਆ, ਜਿਵੇਂ ਭੁਚਾਲ ਨਾਲ ਸਾਡੀ ਕੋਠੜੀ ਦੀ ਗੁਰਦੁਆਰੇ ਵੱਲ ਦੀ ਕੰਧ ਵਿਚ ਤੇੜ ਆ ਗਈ ਸੀ।

ਜਦੋਂ ਮੈਂ ਇਕੱਲਾ ਹੁੰਦਾ ਤਾਂ ਮੇਰੀਆਂ ਸੋਚਾਂ ਫਿਰ ਗੁਰਦੁਆਰੇ ਦੇ ਬਾਹਰ ਕਿਸੇ ਅਰਦਾਸੀਏ ਵਾਂਗ ਜਾ ਖੜ੍ਹੀਆਂ ਹੁੰਦੀਆਂ ਜਿਨ੍ਹਾਂ ਦੀ ਮੂਕ ਆਵਾਜ਼ ਮੇਰੇ ਸਿਵਾਏ ਕਿਸੇ ਨੂੰ ਨਾ ਸੁਣਦੀ। ਅੰਦਰ ਬੈਠੇ ਮੇਰੇ ਹਾਣ ਦੇ ਕੁੜੀਆਂ-ਮੁੰਡਿਆਂ ਦੇ ਸਜੇ-ਸੰਵਰੇ ਹੋਣ 'ਤੇ ਮੈਨੂੰ ਆਪਣੇ ਵਿਚਕਾਰ ਆਪਣੇ ਨੰਗ ਢਕਣ ਲਈ ਤੇੜ ਕੱਛਾ ਤੇ ਰੰਗ ਦਾ ਫ਼ਰਕ ਹੀ ਦਿਸਦਾ। ਚਾਣਚੱਕ ਪਾਠੀ-ਭਾਈ ਦੀ 'ਕਰਮਾਂ' ਦੇ ਪ੍ਰਸੰਗ ਵਿਚ ਲੰਮੀ-ਚੌੜੀ ਵਿਆਖਿਆ ਪਿੰਡ ਦੇ ਵੱਡੇ ਸਾਰੇ ਗੋਰੇ ਛੱਪੜ ਵਾਂਗ ਆ ਖੜ੍ਹਦੀ ਜਿਸ ਦੇ ਡੂੰਘੇ ਪਾਣੀ ਉਤੋਂ ਦੀ ਤਰ ਕੇ ਦੂਜੇ ਪਾਸੇ ਜਾਣ ਦਾ ਮੇਰਾ ਜਿਗਰਾ ਨਾ ਪੈਂਦਾ। ਕੋਠੜੀ ਦੀ ਕੰਧ ਦੀ ਤੇੜ ਵੱਡੀ ਦਰਾੜ ਵਿਚ ਬਦਲਦੀ ਤੇ ਛੱਤ ਡਿਗੂੰ-ਡਿੰਗੂ ਕਰਦੀ ਦਿਸਦੀ। ਅਖੀਰ ਮੈਂ ਚਿੱਤ 'ਚ ਪੱਕੀ ਧਾਰ ਲੈਂਦਾ, 'ਅੱਗੋਂ ਤੋਂ ਗੁਰਦੁਆਰੇ ਦੇ ਵਿਹੜੇ ਪੈਰ ਨਹੀਂ ਪਾਉਣਾ, ਏਦਾਂ ਦੇ ਪ੍ਰਸ਼ਾਦ ਲੈਣ ਖੁਣੋਂ ਕੀ ਥੁੜਿਆ ਆ।'

ਏਸੇ ਦੌਰਾਨ ਕਈ ਵਾਰ ਵਲੀਆਂ ਦੇ ਬਿੱਕਰ ਦੀ ਲਾਲ-ਚਿੱਟੀ ਡੱਬ-ਖੜੱਬੀ ਘੋੜੀ ਸਾਡੀ ਨਜ਼ਰੇ ਪੈਂਦੀ। ਸਾਡੀ ਸਾਰੀ ਢਾਣੀ ਚਾਂਗਰਾਂ ਮਾਰਦੀ ਓਧਰ ਨੂੰ ਹੋ ਜਾਂਦੀ।

ਬਿੱਕਰ ਜਦੋਂ ਸਾਡੇ ਘਰਾਂ ਕੋਲੋਂ ਦੀ ਲੰਘਦਾ ਤਾਂ ਘੋੜੀ ਦੀਆਂ ਵਾਗਾਂ ਫੜੀ ਉਹ ਉਸ ਤੋਂ ਮੋਹਰੇ-ਮੋਹਰੇ ਤੁਰਿਆ ਹੁੰਦਾ। ਘੋੜੀ ਆਪਣੀ ਪੂਛ ਵਾਰ-ਵਾਰ ਹੇਠਾਂ ਉਤੇ ਤੇ ਆਲੇ-ਦੁਆਲੇ ਨੂੰ ਹਿਲਾਉਂਦੀ-ਘੁਮਾਉਂਦੀ। ਅਸੀਂ ਹੈਕਨਾ, ਨਾਂਗਿਆਂ ਤੇ ਸ਼ੇਖਚਿਲੀਆਂ ਦੀਆਂ ਹਵੇਲੀਆਂ ਸਾਹਮਣਿਉਂ ਦੀ ਲੰਘਦੇ ਘੋੜਿਆਂ ਤੇ ਮੰਤਰੀਆਂ ਦੀ ਹਵੇਲੀ ਤਕ ਘੋੜੀ ਦੇ ਪਿੱਛੇ ਤੁਰੇ ਰਹਿੰਦੇ। ਮੇਰਾ ਚਿੱਤ ਘੋੜੀ ਦੀ ਨਿੱਕੀ ਜਿਹੀ ਵਛੇਰੀ 'ਤੇ ਪਲਾਕੀ ਮਾਰ ਕੇ ਚੜ੍ਹਨ ਨੂੰ ਕਰਦਾ ਜੋ ਘੋੜੀ ਦੀਆਂ ਮੋਹਰਲੀਆਂ ਤੇ ਕਦੀ ਪਿਛਲੀਆਂ ਲੱਤਾਂ ਵਿਚ ਆਪਣੀ ਬੂਥੀ ਵਾੜ ਲੈਂਦੀ ਸੀ। ਪਰ 'ਕਰਮਾਂ ਦਾ ਖੇਲ੍ਹ' ਮੇਰਾ ਖਹਿੜਾ ਨਾ ਛੱਡਦਾ ਤੇ ਵਛੇਰੀ ਉਤੇ ਚੜ੍ਹ ਝੂਟੇ ਲੈਣ ਦਾ ਖ਼ਿਆਲ ਛੱਡ ਦੇਣ ਲਈ ਨਾਲ ਦੀ ਨਾਲ ਪ੍ਰੇਰਦਾ। ਤੇ ਫਿਰ ਕਈ ਵਾਰ ਅਸੀਂ ਉਦੋਂ ਪਿਛਾਂਹ ਨੂੰ ਕੂਕਾਂ ਮਾਰਦੇ ਮੁੜਦੇ ਜਦੋਂ ਘੋੜੀ ਖੜ੍ਹੀ ਹੋ ਕੇ ਲਿੱਦ ਕਰਨ ਲੱਗ ਪੈਂਦੀ। ਇਕ ਵਾਰੀ ਨਾਂਗਿਆਂ ਦੇ ਛੱਪੜ ਕੋਲ ਆਏ ਤਾਂ ਮੇਰੇ ਨਾਲ ਮੁੰਡੇ ਛੱਪੜ ਦੇ ਪਾਣੀ ਉੱਤੇ ਕੁੱਜਿਆਂ-ਬੁੱਘਿਆਂ ਦੀਆਂ ਠੀਕਰੀਆਂ ਦੀਆਂ ਤਾਰੀਆਂ ਲਾਉਣ ਲੱਗ ਪਏ। ਉਥੇ ਹੀ ਮੇਰੀ ਨਿਗਾਹ ਅੰਬ ਦੇ ਨਵੇਂ ਉਗੇ ਬੂਟਿਆਂ ਉਤੇ ਪਈ। ਇਨ੍ਹਾਂ ਦੀਆਂ ਹੇਠਲੀਆਂ ਪੱਤੀਆਂ ਹਰੀਆਂ ਤੇ ਕਰੂੰਬਲਾਂ ਨਾਲ ਦੀਆਂ ਨਸਵਾਰੀ ਸਨ। ਮੈਂ ਇਕ ਬੂਟੇ ਦੀ ਚਾਕਲੀ ਕੱਢਣੀ ਚਾਹੀ ਪਰ ਕੋਈ ਗੱਲ ਨਾ ਬਣੀ ਤੇ ਹੌਲੀ-ਹੌਲੀ ਹੁਸ਼ਿਆਰੀ ਨਾਲ ਇਕ ਬੂਟਾ ਜੜ੍ਹਾਂ ਸਣੇ ਪੁੱਟ ਲਿਆਇਆ।

ਰੰਬੇ ਨਾਲ ਵਿਹੜੇ 'ਚ ਬੂਟਾ ਲਾਉਣ ਲਈ ਮਿੱਟੀ ਪੁੱਟ ਹੀ ਰਿਹਾ ਸੀ ਕਿ ਭਾਈਆ ਮੇਰੇ ਹੱਥੋਂ ਰੰਬਾ ਖੋਹ ਕੇ ਕਹਿਣ ਲੱਗਾ, 'ਮਾਮਾ ਤੂੰ ਜੱਟਾਂ ਦੀਆਂ ਰੀਸਾਂ ਕਰਦਾਂ- ਉਨ੍ਹਾਂ ਦੀਆਂ ਤਾਂ ਛੇ-ਛੇ ਕਨਾਲਾਂ 'ਚ ਹਬੇਲੀਆਂ ਆਂ! ਸਾਡੇ ਕੋਲ ਤਾਂ ਏਹੋ ਕੁਛ ਈ ਆ ਬਹਿਣ-ਖਲੋਣ ਨੂੰ।'

ਅੰਬ ਦੇ ਬੂਟੇ ਵਾਂਗ ਮੇਰਾ ਮਨ ਵੀ ਮੁਰਝਾਉਣਾ ਸ਼ੁਰੂ ਹੋ ਗਿਆ। ਕਿਸੇ ਤੂਫ਼ਾਨੀ ਝੱਖੜ ਨੇ ਮੇਰੀਆਂ ਰੀਝਾਂ ਦੇ ਬੂਰ ਨੂੰ ਬੇਵਕਤਾ ਹੀ ਹਲੂਣ ਕੇ ਝਾੜ ਸੁੱਟਿਆ। ਮੈਂ ਤਾਂ ਵੀ ਸੋਚਦਾ, 'ਸਾਡੇ ਵਿਹੜੇ ਬੀ ਕੋਈ ਰੁੱਖ ਹੋਬੇ - ਚਿੜੀਆਂ, ਘੁੱਗੀਆਂ ਤੇ ਤੋਤੇ ਆ ਕੇ ਬਈਠਣ।'

ਅਜੇ ਇਨ੍ਹਾਂ ਖ਼ਿਆਲਾਂ ਵਿਚ ਹੀ ਗੁਆਚਿਆ ਹੋਇਆ ਸੀ ਕਿ ਮੇਰੇ ਹਾਣੀ ਪਾਸ਼ ਨੇ

ਅਚਾਨਕ ਸੂਰਜ ਡੁੱਬਣ ਤੋਂ ਥੋੜ੍ਹਾ ਜਿਹਾ ਪਹਿਲਾਂ ਆ ਕੇ ਮੈਨੂੰ ਦੱਸਿਆ, 'ਆਪਣੇ ਸਿਵਿਆਂ ਦੇ ਰਾਹ 'ਚ ਸਲੇਡਾ ਰਹਿੰਦਾ, ਗੁੱਡ।'

ਦੌੜ ਕੇ ਆਏ ਦੱਸਦੇ ਦਾ ਉਹਦਾ ਸਾਹ ਨਾਲ ਸਾਹ ਨਹੀਂ ਰਲ ਰਿਹਾ ਸੀ। ਮੈਂ ਡੈਂਬਰ ਗਿਆ ਸੀ।

'ਕਿੱਦਾਂ ਦਾ ਹੁੰਦਾ ਓਹੋ?'

'ਕਹਿੰਦੇ ਇੱਛਾਧਾਰੀ ਹੁੰਦਾ, ਕਦੀ ਆਦਮੀ ਬਣ ਜਾਂਦਾ, ਕਦੀ ਬੱਕਰੀ, ਕਦੀ ਕਉਡੀਆਂ ਆਲਾ ਖੜਪੱਪਾ ਸੱਪ ਤੇ ਕਦੀ ਕੁਛ!' ਉਹਦੀ ਘਾਬਰੀ ਜ਼ਬਾਨ ਨਾਲ ਮੈਂ ਹੋਰ ਵੀ ਦਹਿਲ ਗਿਆ।

'ਕਈਆਂ ਨੇ ਤਾਂ ਉਹਨੂੰ ਦੇਖਿਆ, ਦੱਸਦੇ ਆ ਪਈ ਉਹ ਬਾਂਬਰੀਆਂ ਆਲਾ ਬੌਨਾ ਸਾਧ ਬੀ ਬਣ ਜਾਂਦਾ ਤੇ ਓਨੇ ਕਾਲੇ ਲੀੜੇ ਪਾਇਓ ਹੁੰਦੇ ਆ।' ਪਾਸ਼ ਦੀਆਂ ਅੱਖਾਂ ਦੀਆਂ ਪੁਤਲੀਆਂ ਕਦੀ ਫ਼ੈਲ ਜਾਂਦੀਆਂ ਤੇ ਕਦੀ ਅੱਖਾਂ ਸੁੰਗੜ ਜਾਂਦੀਆਂ। ਉਹਦੇ ਚਿਹਰੇ 'ਤੇ ਇਕ ਰੰਗ ਆਉਂਦਾ ਤੇ ਇਕ ਜਾਂਦਾ।

ਮੇਰੀਆਂ ਹੈਰਾਨੀ ਭਰੀਆਂ ਅੱਖਾਂ ਮੋਹਰੇ ਇਹ ਸਾਰਾ ਕੁਝ ਸਾਕਾਰ ਹੁੰਦਾ। ਸਿਵਿਆਂ 'ਚ ਬਿੱਜੂ ਮਰੇ ਨਿਆਣਿਆਂ ਨੂੰ ਜ਼ਮੀਨ ਹੇਠੋਂ ਪੁੱਟਦੇ ਦਿਸਦੇ ਜਿਨ੍ਹਾਂ ਬਾਰੇ ਮੈਂ ਪਹਿਲਾਂ ਆਪਣੀ ਦਾਦੀ ਤੇ ਹਾਣੀਆਂ ਤੋਂ ਸੁਣਿਆ ਹੋਇਆ ਸੀ।

'ਤਾਂਹੀਓਂ ਮੋਹਣ ਲਾਲ ਡਾਕੀਆ ਆਪਣੇ ਹੱਥ 'ਚ ਬਰਛਾ ਰਖਦਾ, ਏਸੇ ਕਰ ਕੇ ਓਨੇ ਡਾਂਗ ਦੇ ਸਿਰੇ ਉਤੇ ਲੱਗੇ ਬਰਛੇ ਦੇ ਐਨ ਹੇਠਾਂ ਘੁੰਗਰੂ ਬੰਨ੍ਹਿਓਂ ਆਂ- ਜਦੋਂ ਉਹ ਆਪਣੇ ਛੋਹਲੇ-ਛੋਹਲੇ ਪੈਰ ਪੱਟਦਾ ਆ ਤਾਂ ਘੁੰਗਰੂ-ਬੱਧੇ-ਬਰਛੇ ਵਾਲੀ ਡਾਂਗ ਬੀ ਫੁਰਤੀ ਨਾਲ 'ਗਾਂਹ ਰਖਦਾ ਆ। ਘੁੰਗਰੂਆਂ ਦੀ ਛਣਕ-ਛਣਕ ਤੇ ਡਾਂਗ ਦੀ ਠੱਕ-ਠੱਕ ਨਾਲ ਸਲੇਡਾ ਡਰਦਾ ਮਾਰਾ ਰਾਹ ਤੋਂ ਲਾਂਭੇ ਹੋ ਜਾਂਦਾ ਹੋਣਾ।' ਮੈਂ ਸੋਚਿਆ। ਉਹਦੇ ਸਿਰ ਉਤਲੀ ਖ਼ਾਕੀ ਥੈਲੀ ਮੈਨੂੰ ਸੁਲੇਮਾਨੀ ਟੋਪੀ ਵਰਗੀ ਲੱਗੀ ਜਿਵੇਂ ਮੈਂ ਆਪਣੀ ਦਾਦੀ ਤੋਂ ਬਾਤਾਂ- ਕਹਾਣੀਆਂ ਸੁਣਦਿਆਂ ਕਲਪਨਾ ਕੀਤੀ ਹੁੰਦੀ ਸੀ। ਦਾਦੀ ਦੱਸਦੀ, 'ਇਸ ਟੋਪੀ ਨਾਲ ਸਾਰੀਆਂ ਆਫ਼ਤਾਂ ਰਫ਼ੂ ਹੋ ਜਾਂਦੀਆਂ।'

ਉਸ ਰਾਤ ਮੈਨੂੰ ਹਲਕਾ ਜਿਹਾ ਤਾਪ ਚੜ੍ਹ ਗਿਆ। ਛਲੇਡੇ ਬਾਰੇ ਖ਼ਿਆਲਾਂ ਦੀ ਲੜੀ ਮੁੱਕਣ-ਟੁੱਟਣ ਵਿਚ ਹੀ ਨਹੀਂ ਆ ਰਹੀ ਸੀ। ਮੈਂ ਸਹਿਮਿਆ ਹੋਇਆ ਕਦੀ ਅੱਖਾਂ ਮੀਟ ਲੈਂਦਾ ਤੇ ਕਦੀ ਖੋਲ੍ਹ ਲੈਂਦਾ। ਦਲਾਨ ਦੀ ਗਭਲੀ ਕੰਧ ਦੇ ਆਲੇ ਵਿਚ ਜਗਦਾ ਮਿੱਟੀ ਦੇ ਤੇਲ ਦਾ ਨਿੱਕਾ ਜਿਹਾ ਲੋਹੇ ਦਾ ਕਾਲਾ ਹੋ ਚੁੱਕਾ ਦੀਵਾ ਮੇਰੇ ਅੰਦਰ ਖ਼ੌਫ਼ ਦੇ ਉਠਦੇ ਉਚੇ-ਉਚੇ ਜਵਾਰਭਾਟਿਆਂ ਨੂੰ ਠੱਲ੍ਹ ਪਾਉਂਦਾ। ਜਦੋਂ ਦੀਵੇ ਦੀ ਲਾਟ ਕੰਬਦੀ ਤਾਂ ਮੇਰੀ ਕੋਠੀ ਵਿਚਲਾ ਦਿਲ ਹੋਰ ਵੀ ਡੋਲ ਜਿਹਾ ਜਾਂਦਾ। ਮੈਂ ਸੋਚਦਾ, 'ਸੁਲੇਮਾਨੀ ਟੋਪੀ ਮੈਨੂੰ ਬੀ ਕਿਤਿਓਂ ਮਿਲ ਜਾਵੇ!'

... ਤੇ ਅਗਲੇ ਦਿਨ ਤੋਂ ਹੀ ਮੈਂ ਪਿੰਡ ਤੋਂ ਲਹਿੰਦੇ ਪਾਸੇ ਢੱਡਾ-ਸਨੌਰਾ ਪਿੰਡ ਨੂੰ ਜਾਂਦੇ ਰਾਹ ਵੱਲ ਨਾ ਗਿਆ ਤੇ ਨਿਆਈਆਂ ਵਿਚ ਟੱਟੀ ਫਿਰ ਕੇ ਘਰ ਨੂੰ ਛੂਟ ਵੱਟ ਕੇ ਦੌੜਦਾ ਆ ਰਿਹਾ ਸੀ। ਗਲੀ 'ਚ ਮਾਈ ਈਸਰੀ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ। ਭਾਵੇਂ ਉਹ ਕੁੱਬੀ ਹੋ ਕੇ ਤੁਰਦੀ ਸੀ ਪਰ ਸ਼ੁਕਰ ਇਹ ਕਿ ਡਿਗਦੀ ਡਿਗਦੀ ਕੰਧ ਦੇ ਸਹਾਰੇ ਨਾਲ ਸੰਭਲ ਗਈ। ਉਹਤੋਂ ਮੈਂ ਪਛਾਣਿਆ ਨਾ ਗਿਆ ਤੇ ਉਲ੍ਹਾਮੇ ਤੋਂ ਬਚ ਗਿਆ।

'ਦੇਖ ਤਾਂ ਗੂੰਹ ਨਾ' ਕਿੱਦਾਂ ਪੈਰ ਲਬੇੜ ਲਿਆਇਆ!' ਘਰ ਦੇ ਵਗਲੇ ਦੇ ਬੂਹੇ ਕੋਲ ਇੱਟਾਂ-ਰੋੜਿਆਂ ਦੇ ਬਣਾਏ ਖੁਰੇ ਉਤੇ ਮੇਰੇ ਪੈਰ ਧੋਂਦੀ ਮੇਰੀ ਮਾਂ ਨੇ ਆਖਿਆ। ਫਿਰ ਉਹਨੇ ਦਲਾਨ ਪਿਛਲੀ ਕੋਠੜੀ ਅੰਦਰ ਜਾ ਕੇ ਮੈਨੂੰ ਹਾਕ ਮਾਰੀ, 'ਆਈਂ ਮੇਰਾ ਪੁੱਤ, ਆਹ ਦਾਣਿਆਂ ਦੀ ਚੁੰਗ ਝੱਗੇ ਦੀ ਝੋਲੀ 'ਚ ਲੈ ਜਾ ਤੇ ਰੱਤੇ ਦਿਓਂ ਚਾਹ-ਪੱਤੀ ਲੈ ਆ।'

ਮੈਂ ਅਕਸਰ ਹੀ, ਪਿੰਡ ਦੀ ਗਭਲੀ ਬੀਹੀ ਦੇ ਗੱਭੇ ਜਿਹੇ ਰੱਤੇ ਬਾਹਮਣ ਦੀ ਹੱਟੀ ਨੂੰ



ਜਾਂਦਾ। ਦੇਖਦਾ- ਸਵੇਰੇ-ਸਵੇਰੇ ਝੀਰਾਂ ਦਾ ਕਿੱਛੀ ਤੇ ਪਾਸ਼ੂ ਜੱਟਾਂ, ਬਾਹਮਣਾਂ ਤੇ ਸੁਨਿਆਰਿਆਂ ਦੇ ਘਰਾਂ ਨੂੰ ਪਾਣੀ ਭਰੇ ਘੜੇ ਲਿਜਾ ਰਹੇ ਹੁੰਦੇ। ਉਨ੍ਹਾਂ ਨੇ ਖੱਬੇ ਮੋਢੇ ਉਤੇ ਘੜੇ, ਛੋਟੀ ਮਟਕੀ ਨੂੰ ਬੜੀ ਜੁਗਤ ਨਾਲ ਧੌਣ ਦਾ ਸਹਾਰਾ ਦਿੱਤਾ ਹੁੰਦਾ। ਖੱਬੇ-ਸੱਜੇ ਦੋਹਾਂ ਬਾਂਹਾਂ-ਹੱਥਾਂ ਨਾਲ ਘੜਿਆਂ ਦਾ ਗਲਮਾ ਘੁੱਟ ਕੇ ਫੜਿਆ ਹੁੰਦਾ। ਉਹ ਆਪਣੀ ਚੜ੍ਹਦੀ ਉਮਰ ਵਿਚ ਵੀ ਕਿਸੇ ਬੁੱਢੇ-ਠੇਰੇ ਵਾਂਗ ਕੁੱਬੇ ਹੋ ਕੇ ਤੁਰਦੇ। ਘੜਿਆਂ ਦੇ ਭਾਰ ਥੱਲੇ ਕਾਹਲੀ-ਕਾਹਲੀ ਤੁਰਿਆਂ ਉਨ੍ਹਾਂ ਨੂੰ ਹੌਂਕਣੀ ਚੜ੍ਹੀ ਹੁੰਦੀ। ਮੇਰੇ ਚਿੱਤ ਵਿਚ ਆਉਂਦਾ ਕਿ ਘੜੇ 'ਚ ਇੱਟ ਮਾਰ ਕੇ ਉਹਨੂੰ ਤੋੜ ਦਿਆਂ ਤੇ ਮੇਰੇ ਨਾਲੋਂ ਪੰਜ-ਛੇ ਸਾਲ ਵੱਡੇ ਪਾਸ਼ੂ ਦਾ ਭਾਰ ਤੋਂ ਛੁਟਕਾਰਾ ਹੋ ਜਾਵੇ। ਪਾਣੀ ਭਰੇ ਛਲਕਦੇ ਘੜਿਆਂ ਕਾਰਣ ਉਨ੍ਹਾਂ ਦੇ ਗਲ ਦੇ ਕੱਪੜੇ ਭਿੱਜੇ ਹੋਏ ਹੁੰਦੇ। ਥੋੜ੍ਹੇ ਚਿਰ ਪਿੱਛੋਂ ਉਨ੍ਹਾਂ ਸਕੂਲ ਨੂੰ ਦੜੁੱਕੀ ਲਾਈ ਹੁੰਦੀ। ਉਨ੍ਹਾਂ ਦਾ ਪਿਓ ਦੀਵਾਨ ਵੀ ਵਹਿੰਗੀ ਵਿਚ ਪਾਣੀ ਭਰੇ ਘੜੇ ਢੋਂਦਾ। ਉਹ ਉਲਰ-ਉਲਰ ਕੇ ਪੈਰ ਪੁੱਟਦਾ। ਵਹਿੰਗੀ ਦੀਆਂ ਰੱਸੀਆਂ-ਤਣੀਆਂ ਅੰਦਰ ਰੱਖੇ ਘੜੇ ਹੁਲਾਰੇ ਲੈਂਦੇ ਦਿਸਦੇ।

ਕੋਈ ਤੀਵੀਂ ਬੂਹੇ 'ਚ ਖੜ੍ਹੀ ਹੋ ਕੇ ਕਹਿੰਦੀ, 'ਦਬਾਨ ਅੱਜ ਪਾਣੀ ਪਈਲਾਂ ਸਾਡੇ ਦੇ ਦੇ, ਅਸੀਂ ਮਕਾਣੇ ਜਾਣਾਂ।'

'ਪੰਚਾ, ਬੜਾ ਮੁੜ੍ਹਕੋ-ਮੁੜ੍ਹਕੀ ਹੋਇਆ ਆਂ ਸਬੱਖਤੇ ਈ।' ਕੋਈ ਜੱਟ ਦੀਵਾਨ ਦੇ ਪਸੀਨੇ ਨਾਲ ਭਿੱਜੇ ਲੀੜਿਆਂ ਵੱਲ ਵੇਖ ਕੇ ਪੁੱਛਦਾ।

'ਕਿਧਰੇ ਜਾਣਾ ਈ, ਸੋਚਿਆ ਜਰਾ ਛੇਤੀ ਹੱਲਾ ਮਾਰ ਲਾਂ।' ਉਹ (ਆਪਣੀ ਮਾਝੇ ਵਾਲੀ ਬੋਲੀ 'ਚ) ਦੱਸਦਾ।

ਕਈ ਵਾਰ ਝੀਰਾਂ ਦੀ ਤਾਈ ਸੀਬੋ ਤੇ ਉਹਦਾ ਪੁੱਤ ਜੀਤ ਵੀ ਲੋਕਾਂ ਦੇ ਘਰੀਂ ਪਾਣੀ ਭਰਦੇ ਮੇਰੀ ਨਜ਼ਰੀ ਪੈਂਦੇ। ਨਾਲ ਹੀ 'ਕਰਮਾਂ ਦੇ ਖੇਲ੍ਹ' ਦੀ ਮਾਲ੍ਹ ਵਗਦੇ ਖੂਹ ਵਾਂਗ ਲਗਾਤਾਰ ਚੱਲਣ ਲਗ ਪੈਂਦੀ। ਪਾਣੀ ਭਰੀਆਂ ਟਿੰਡਾਂ ਭਾਈ ਦੇ ਪ੍ਰਵਚਨਾਂ ਦੀ ਸੱਚੀ ਸਾਖੀ ਤੇ ਮੋਰੀਆਂ ਵਾਲੀਆਂ ਪੁਰਾਣੀਆਂ ਖਾਲੀ ਆਈਆਂ ਟਿੰਡਾਂ ਇਕ ਮਨ-ਘੜਤ ਅਕੱਥ-ਕਥਾ ਦੀ ਸਾਖੀ ਭਰਦੀਆਂ ਜਾਪਦੀਆਂ। ਹੱਟੀ ਨੂੰ ਆਉਂਦੇ-ਜਾਂਦੇ ਦੇ ਮੇਰੇ ਕੰਨੀ ਗੁਰਦੁਆਰੇ ਦੇ ਭਾਈ ਦੇ ਪਾਠ ਦੀ ਆਵਾਜ਼ ਪੈਂਦੀ। ਪਰ ਭਾਈਆ ਕਈ ਵਾਰ ਕਹਿੰਦਾ, 'ਖਬਨੀ ਭਾਈ ਅੱਜ ਮੂੰਹ 'ਚ ਈ ਮਿਣ-ਮਿਣ ਕਰੀ ਜਾਂਦਾ, ਕੱਲ੍ਹ ਤਾਂ ਕੁੱਕੜ ਦੀ ਬਾਂਗ ਨਾਲ ਈ ਦੁਹਾਈ ਪਾਉਣ ਡੈਹ ਪਿਆ ਸੀ।'

'ਮੂੰਹ ਸਮ੍ਹਾਲ ਕੇ ਬੋਲਿਆ ਕਰ, ਕੋਈ ਸੁਣ ਲਊ ਤਾਂ ਕੀ ਕਹੂ?' ਮਾਂ ਨੇ ਹੌਲੀ ਦੇਣੀ ਭਾਈਏ ਨੂੰ ਕਿਹਾ।

ਮੇਰਾ ਪਿੰਡ ਜਿਹੜਾ ਰਾਤ ਵੇਲੇ ਸੰਘਣੇ ਹਨ੍ਹੇਰਿਆਂ ਵਿਚ ਗੁਆਚ ਜਾਂਦਾ, ਦਿਨ ਦੇ ਚੜ੍ਹਾਅ ਨਾਲ ਪ੍ਰਗਟ ਹੋ ਕੇ ਫਿਰ ਇਸ ਤਰ੍ਹਾਂ ਹਰਕਤ ਵਿਚ ਆ ਜਾਂਦਾ। ਤੇ ਭਾਈਆ ਹੁੱਕੇ ਦੇ ਲੰਮੇ ਲੰਮੇ ਘੁੱਟ ਮਾਰਨ ਮਗਰੋਂ ਪਿੱਤਲ ਦਾ ਗਲਾਸ ਚੁੱਕਦਾ। ਏਨੇ ਨੂੰ ਮੇਰੇ ਤਾਇਆਂ ਦੇ ਪੁੱਤ ਵੀ ਆ ਜਾਂਦੇ। ਮੇਰੀਆਂ ਅੱਖਾਂ ਉਨ੍ਹਾਂ ਦੀਆਂ ਪਿੱਠਾਂ ਦਾ ਪਿੱਛਾ ਕਰਦੀਆਂ। ਉਹ ਪਿਛਾਂਹ ਨੂੰ ਝਾਕ ਕੇ ਕਹਿੰਦੇ, 'ਜਿਨ੍ਹਾਂ ਦੇ ਜਾਣਾ ਉਨ੍ਹਾਂ ਦੇ ਘਰੀਂ ਸਾਡੇ ਲਈ ਭਾਂਡਿਆਂ ਦੀ ਟੋਟ ਈ ਰਹਿੰਦੀ ਆ, ਹੋਰ ਦੱਸ!'

ਮੈਂ ਬੇਵਾਕ ਜਿਹਾ ਹੋ ਜਾਂਦਾ ਤੇ ਸੋਚਦਾ, 'ਅਨਪੜ੍ਹਾਂ ਤੋਂ ਲਿਖੇ ਅੱਖਰ ਨਈਂ ਪੜ੍ਹ ਹੁੰਦੇ ਪਰ ਮੂੰਹ 'ਤੇ ਅਣਲਿਖੇ ਨੂੰ ਕਿੱਦਾਂ ਪੜ੍ਹ ਲੈਂਦੇ ਆ!'

ਪਰ ਮੇਰਾ ਮਨ ਛਲੇਡੇ ਦੀ ਕਲਪਨਾ ਕਰ-ਕਰ ਆਪੇ ਹੀ ਮਕੜੀ ਜਾਲ ਬੁਣਦਾ ਤੇ ਆਪੇ ਹੀ ਫ਼ਸ ਜਾਂਦਾ। ...ਤੇ ਇਓਂ ਕਿੰਨੀ-ਕਿੰਨੀ ਰਾਤ ਲੰਘ ਜਾਂਦੀ। ਏਸੇ ਦੌਰਾਨ ਗਿੱਦੜ ਕੂਕਾਂ ਮਾਰਨ ਲੱਗ ਪੈਂਦੇ ਜੋ ਰੋਣਹਾਕੀਆਂ ਤੇ ਡਰਾਉਣੀਆਂ ਹੁੰਦੀਆਂ। ਮੇਰੇ ਦਿਲ ਦੀ ਧੜਕਣ ਮੈਨੂੰ ਕੰਨਾਂ ਥਾਣੀਂ ਸੁਣਦੀ।

ਸਿਆਲਾਂ ਦੀਆਂ ਰਾਤਾਂ ਮੁੱਕਣ 'ਚ ਹੀ ਨਾ ਆਉਂਦੀਆਂ। ਜਦੋਂ ਕਮਾਦ ਦੇ ਇਸ ਵੱਡੇ ਇਲਾਕੇ ਦੀ ਫ਼ਸਲ ਖ਼ਤਮ ਹੁੰਦੀ ਤਾਂ ਗਿੱਦੜਾਂ ਦੀਆਂ ਆਵਾਜ਼ਾਂ ਟਾਵੀਆਂ-ਟਾਵੀਆਂ ਹੀ ਸੁਣਦੀਆਂ।

ਓਧਰ, ਵੱਡੇ ਤੜਕੇ ਲੰਬੜਾਂ ਦੇ ਦਾਸ ਯਾਨੀ ਗੁਰਦਾਸ ਸਿੰਘ ਦੀ ਅਤਿ ਉਚੀ ਆਵਾਜ਼, 'ਜੈ-ਅਲੀ, ਜੈ-ਅਲੀ', ਸਿਆਲ ਦੀਆਂ ਰਾਤਾਂ ਦੇ ਸਨਾਟੇ ਨੂੰ ਚੀਰਦੀ ਹੋਈ ਸਾਡੇ ਕੰਨੀਂ ਪੈਂਦੀ। ਨਿੱਘ ਵਿਚ ਵੀ ਕੁਝ ਪਲਾਂ ਲਈ ਮੈਨੂੰ ਕੰਬਣੀ ਜਿਹੀ ਛਿੜ ਪੈਂਦੀ। ਆਪਣੇ ਨਾਲ ਸੁੱਤੇ ਵੱਡੇ ਭਰਾ ਬਿਰਜੂ ਨੂੰ ਮੈਂ ਘੁੱਟ ਕੇ ਲਪੇਟਾ ਜਿਹਾ ਮਾਰ ਲੈਂਦਾ। ਮੈਂ ਡਰਦਾ ਮਾਰਾ ਅਦਿਖ ਪਰਮਾਤਮਾ ਨੂੰ ਮਨ ਹੀ ਮਨ ਧਿਆਉਣ ਲੱਗ ਪੈਂਦਾ। ਕਈ ਵਾਰ ਗੂਹੜੀ ਨੀਂਦ ਤੜਕ ਸਾਰ ਹੀ ਆਉਂਦੀ।

ਸਵੇਰ ਨੂੰ ਦਾਸ ਸਾਡੇ ਘਰ ਮੋਹਰਿਓਂ ਦੀ ਲੰਘਦਾ। ਉਹਦੇ ਕੇਸ ਖੁੱਲ੍ਹੇ ਤੇ ਗਿੱਲੇ ਹੁੰਦੇ। ਉਹਨੂੰ ਭਰਵੀਂ ਚਿੱਟੀ-ਕਾਲੀ ਦਾਹੜੀ ਫੱਬਦੀ ਪਰ ਉਹ ਕੋਈ ਦਿਓ ਜਾਂ ਜਿੰਨ-ਭੂਤ ਲੱਗਦਾ। ਉਹਦੇ ਤੇੜ ਉੱਚੀ ਜਿਹੀ ਧੋਤੀ ਤੇ ਗਲ ਨਿਹੰਗਾਂ ਵਰਗਾ ਕੁੜਤਾ ਹੁੰਦਾ। ਉਹਦੇ ਸੱਜੇ ਹੱਥ ਲੋਹੇ ਦੀ ਬਾਲਟੀ ਤੇ ਖੱਬੇ ਮੋਢੇ ਉਤੇ ਗੰਨਿਆਂ ਦਾ ਇਕ ਭਾਰਾ ਹੁੰਦਾ। ਉਹਦੀ ਇਸ ਤਰ੍ਹਾਂ ਦੀ ਦਿੱਖ ਦੇਖ ਕੇ ਮੇਰੇ ਤ੍ਰਾਹ ਨਿਕਲ ਜਾਂਦੇ। ਮੈਂ ਫੁਰਤੀ ਨਾਲ ਆਪਣੇ ਘਰ ਦੇ ਬਾਹਰਲੇ ਬੂਹੇ ਦੇ ਤਖ਼ਤੇ ਉਹਲੇ ਲੁਕ ਜਾਂਦਾ।

'ਧਰਮ ਨਾ' ਰਸ ਦੀ ਚਾਟੀ ਪੀ ਜਾਂਦਾ, ਲੰਬੜ। ਪੰ-ਸੱਤ ਦਿਨ ਹੋਏ ਤਾਂ ਮੁੰਡਿਆਂ ਨੇ ਚੱਕ-ਚਕਾ ਕੇ ਬੇਲਣੇ 'ਤੇ ਰਸ ਦੀ ਚਾਟੀ ਪਲਾਤੀ- ਜਦੋਂ ਮੂੰਧਾ ਹੋਇਆ ਤਾਂ ਬੱਘ-ਬੱਘ ਕਰਨ ਡੈਹ ਪਿਆ।' ਇਕ ਦਿਨ ਸਵਰਨੇ ਨੇ ਦਾਸ ਨੂੰ ਆਉਂਦਿਆਂ ਦੇਖ ਕੇ ਆਪਣੇ ਬੂਹੇ ਮੋਹਰੇ ਖੜ੍ਹੇ ਮੇਰੇ ਭਾਈਏ ਨਾਲ ਸਰਸਰੀ ਲਹਿਜ਼ੇ ਨਾਲ ਗੱਲ ਤੋਰੀ।

'ਖ਼ਬਰੇ ਕੀ ਰੁੰਨ੍ਹਣਾ ਇਨ੍ਹਾਂ ਦੇ ਘਰ! ਕਿੱਡਾ ਉਚਾ-ਲੰਮਾ ਜੁਆਨ ਆ ਪਰ ਅੱਧੀ ਰਾਤੀਂ ਖੂਹ ਗੇੜਨ ਲੱਗ ਪਈਂਦਾ!' ਭਾਈਏ ਨੇ ਗੱਲ ਨੂੰ ਵਿਸਥਾਰ ਦਿੱਤਾ।

'ਸਾਰਾ ਤਾਂ ਮਾਮਿਆਂ ਨੇ ਤਕੀਆ ਬਲਿਆ ਆ, ਪੀਰ ਨੇ ਆਪੇ ਈ ਸਿਰ ਚੜ੍ਹ ਕੇ ਬੋਲਣਾਂ-ਮੁਸਲਮਾਨ ਪਖੀਰ ਸਈਜੇ ਕੀਤੇ ਪਿੱਛਾ ਥੋੜ੍ਹੇ ਛੱਡਦੇ ਆ।' ਸਵਰਨੇ ਨੇ ਲੋਕਾਂ ਦੇ ਮੂੰਹ ਚੜ੍ਹੀ ਗੱਲ ਨੂੰ ਦੁਹਰਾਇਆ।

'ਖੰਡ-ਪਾਠ ਤਾਂ ਬਥੇਰੇ ਕਰਾਉਂਦੇ ਆਂ, ਫੇ ਬੀ....!' ਭਾਈਏ ਨੇ ਆਖਿਆ। ਏਨੇ ਨੂੰ ਦਾਸ ਕੋਲ ਆ ਕੇ ਖੜ੍ਹਾ ਹੋ ਗਿਆ। ਮੈਂ ਤਖ਼ਤੇ ਦੀ ਵਿਰਲ ਥਾਣੀਂ ਦੇਖਦਾ-ਸੁਣ ਰਿਹਾ ਸੀ।

'ਠਾਕਰਾ ਮੈਂ ਸਰੀਰ ਤੋੜ-ਤੋੜ ਸਿਟਦਾਂ, ਸਿਰ ਘਮਾਉਨਾ, ਅਈਨਾ ਉੱਚੀ ਬੋਲਦਾਂ, ਓਅਹਲੇ ਸੁੱਧ-ਬੁੱਧ ਨਈਂ ਰਹਿੰਦੀ। ਪੀਰ ਕਹਿੰਦਾ ਪਈ ਮੇਰੀ ਕਬਰ ਕਿਉਂ ਪੱਟੀ ਆ- ਮੇਰੀ ਖ਼ਾਨਗਾਹ ਬਣਾਓ, ਬੀਰਬਾਰ ਦੇ ਬੀਰਬਾਰ ਚਿਰਾਗ ਕਰੋ! ਨਿਆਜ ਦਿਓ। ਪਰ ਘਰ 'ਚ ਮੇਰੀ ਪੁੱਗਦੀ ਹੋਬੇ ਤਾਂ ਆ ਨਾ!' ਦਾਸ ਨੇ ਹੱਥ 'ਚ ਫੜੀ ਬਾਲਟੀ ਨੂੰ ਉਤੇ-ਹੇਠਾਂ ਕਰਦਿਆਂ ਆਪਣੀ ਵਿਥਿਆ ਸੰਖੇਪ ਵਿਚ ਦੱਸੀ।

'ਪੀਰ ਦੀ ਕਬਰ ਬੀ ਨਈਂ ਰਹੀ, ਫੇ ਉਹ ਰਹਿੰਦਾ ਕਿਥੇ ਆ, ਬੋਲਦਾ ਕਿੱਦਾਂ ਆ! ਰਾਤਾਂ ਨੂੰ ਡਰਾਉਣ ਬਾਲਾ ਦਿਨੇ ਕਿਹਤੋਂ ਡਰਦਾ ਆ!' ਮੈਂ ਮਨ 'ਚ ਸੋਚਿਆ।

ਪਲ ਕੁ ਪਿਛੋਂ ਦਾਸ ਆਖਣ ਲੱਗਾ, 'ਸਵਰਨਿਆਂ ਚਲ ਖੂਹ ਨੂੰ, ਤੇਰਾ ਬੇਲਣਾ ਬਗਦਾ ਆ ਨਾ? ਛੇਤੀ ਚੱਲ।'

'ਸਬੇਰੇ ਈ ਡੌਂਅ ਲੱਗ ਗਿਆ ਲੰਬੜਾ?' ਭਾਈਏ ਨੇ ਪੁੱਛਿਆ।

'ਧਰਮ ਨਾ' ਤੜਸ਼ ਲੱਗੀਊ ਆ, ਅੰਦਰ ਤਾਂ ਅਈਦਾਂ ਜਿੱਦਾਂ ਅੱਗ ਲੱਗੀਊ ਹੁੰਦੀ ਆ।'

ਜਦੋਂ ਦਾਸ ਤੇ ਸਵਰਨਾ ਬੋਹੜ ਵਾਲਿਆਂ ਦੇ ਘਰਾਂ ਕੋਲ ਚਲੇ ਗਏ ਤਾਂ ਮੈਂ ਤੇ ਹੋਰ ਨਿਆਣੇ ਰਾਹ ਵਿਚ ਆ ਕੇ ਇਕ ਆਵਾਜ਼ ਵਿਚ ਕਹਿਣ ਲੱਗ ਪਏ, 'ਜੈ-ਅਲੀ, ਜੈ-ਅਲੀ।'



ਸਵਰਨੇ ਨੇ ਤਰਦੀ ਜਿਹੀ ਨਜ਼ਰ ਪਿਛਾਂਹ ਨੂੰ ਮਾਰੀ ਪਰ ਦਾਸ ਪਿੱਛੇ ਨੂੰ ਚੰਗੀ ਤਰ੍ਹਾਂ ਨਾ ਦੇਖ ਸਕਿਆ।

... ਤੇ ਇਧਰ ਭਾਈਆ ਰਾਹ ਦੇ ਨਾਲ ਹੀ ਬੋਹੜ-ਪਿੱਪਲ ਥੱਲੇ ਬੱਝੀਆਂ ਗਾਂ ਤੇ ਮੱਝ ਕੋਲ ਗਿਆ। ਉਹਨੇ ਮੱਝ ਦੇ ਪਿੰਡੇ 'ਤੇ ਥਾਪੀ ਦਿੱਤੀ ਤੇ ਉਹਦੇ ਚੱਡੇ ਤੋਂ ਚਿਚੜੀਆਂ ਲਾਹੁਣ ਲੱਗ ਪਿਆ। ਉਹ ਲਾਹੀ ਹੋਈ ਚਿੱਚੜੀ ਨੂੰ ਭੁੰਜੇ ਰਖ ਕੇ ਉੱਤੇ ਸੱਜੇ ਹੱਥ ਦੀ ਪਹਿਲੀ ਉਂਗਲ ਘਸਾਵੇ ਪਰ ਕੋਈ ਕੋਈ ਮੁੜ ਦੌੜਨ ਲੱਗ ਪਵੇ। ਫਿਰ ਉਹਨੇ ਬਾਂਹ ਲੰਮੀ ਕਰਕੇ ਇਕ ਠੀਕਰੀ ਚੁੱਕ ਕੇ ਆਪਣੇ ਸੱਜੇ ਪੈਰ ਨੇੜੇ ਰਖ ਲਈ ਤੇ ਕਿਹਾ, 'ਸਾਲੀਆਂ ਕਿੱਦਾਂ ਘੇਸਲ ਮਾਰ ਕੇ ਪਈਆਂ ਆਂ, ਹੁਣ ਕਰਦਾਂ ਅਲਾਜ ਥੁਆਡਾ।' ਇਸ ਚਿਚੜੀ ਮਾਰ ਸਿਲਸਿਲੇ ਦੌਰਾਨ ਮੈਂ ਦੇਖਿਆ ਕਿ ਮੱਝ ਅੱਖਾਂ ਮੀਟ ਕੇ ਜੁਗਾਲੀ ਕਰਨ ਲਗ ਪਈ ਸੀ। ਏਨੇ ਨੂੰ ਪਤਾ ਨਹੀਂ ਭਾਈਏ ਨੂੰ ਕੀ ਸੁੱਝਿਆ ਤੇ ਮੈਨੂੰ ਕਹਿਣ ਲੱਗਾ, 'ਗੁੱਡ ਘਰੋਂ ਖੁਲਲੀ ਕੋਲ ਪਿਆ ਮੇਰਾ ਪਾਟਾ ਆ ਕੱਛਾ ਚੱਕ ਲਿਆ।'

ਮੈਂ ਝੱਟ ਦੇਣੀ ਹਰਕਤ ਵਿਚ ਆ ਗਿਆ।

'ਦੇਖ ਤਾਂ ਕਿੱਦਾਂ ਖੌਂਹੜਾ ਜੰਮਿਆਂ ਆ।' ਮੱਝ ਦੇ ਪਿੰਡੇ 'ਤੇ ਜ਼ੋਰ ਨਾਲ ਲੀੜਾ ਘਸਾਉਂਦਿਆਂ ਬੋਲਿਆ। 'ਤੇਰਾ ਬੀ ਬੇਧਾ ਲਾਹੁੰਨਾ।' ਭਾਈਏ ਨੇ ਲਾਖੀ ਗਾਂ ਵੱਲ ਭਰਵੀਂ ਨਜ਼ਰ ਮਾਰਦਿਆਂ ਆਖਿਆ। ਮੈਨੂੰ ਲੱਗਿਆ ਜਿਵੇਂ ਉਹ ਗਾਂ ਨਾਲ ਗੱਲਾਂ ਕਰ ਰਿਹਾ ਹੋਵੇ।

... ਤੇ ਸਿਆਲ ਆਪਣੇ ਆਖ਼ਰੀ ਦਿਨ ਗਿਣ ਰਿਹਾ ਸੀ। ਮੈਂ ਤੇ ਮੇਰੇ ਹਾਣੀ ਬੋਹੜ-ਪਿੱਪਲ ਦੇ ਪੱਤਿਆਂ ਦੀਆਂ ਭੰਬੀਰੀਆਂ ਬਣਾਉਣ-ਉਡਾਉਣ ਵਿਚ ਰੁੱਝੇ ਰਹਿੰਦੇ। ਪਿੱਪਲ ਦੇ ਡਾਹਣਿਆਂ ਦੀਆਂ ਟਾਹਣੀਆਂ ਨਿਰਪੱਤੀਆਂ ਹੋ ਗਈਆਂ ਸਨ। ਨਵੀਆਂ ਲਾਲ-ਸੂਹੀਆਂ ਕਰੂੰਬਲਾਂ ਫੁੱਟਣ ਨੂੰ ਉਤਾਵਲੀਆਂ ਸਨ। 1962 ਦੀ ਇਸ ਪੱਤਝੜ ਦੇ ਖ਼ਾਤਮੇ ਨਾਲ ਹੀ ਮੇਰਾ ਸਕੂਲ ਜਾਣ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਸਕੂਲ ਜਾਣ ਤੋਂ ਪਹਿਲਾਂ ਵੀ ਮੈਂ ਅਨੇਕ ਵਾਰ ਸਕੂਲ ਜਾ ਚੁੱਕਾ ਸੀ - ਪਰ ਛੂ ਹਣ-ਛੂਹਾਈ ਲਈ। ਮੈਂ, ਪਾਸ਼ ਤੇ ਧਿਆਨ ਤਿੰਨੋ ਜੋਟੀਦਾਰ ਕਈ ਵਾਰ ਸਕੂਲ ਦੇ ਵਿਹੜੇ ਵਿਚਲੀ ਹਲਟੀ ਨੂੰ ਗੇੜਦੇ ਰਹਿੰਦੇ। ਇਹ ਏਨੀ ਰੈਲੀ ਸੀ ਕਿ ਅਸੀਂ ਇਕੱਲਾ-ਇਕੱਲਾ ਵੀ ਗਾਧੀ ਦਾ ਪੂਰਾ ਗੇੜਾ ਦੇ ਦਿੰਦੇ। ਲੋਹੇ ਦੀਆਂ ਨਿੱਕੀਆਂ-ਨਿੱਕੀਆਂ ਪਾਣੀ ਭਰੀਆਂ ਟਿੰਡਾਂ ਬੈੜ ਦੇ ਸਿਖਰ ਉਤੇ ਜਾ ਮੂਧੀਆਂ ਹੋਣ 'ਤੇ ਖਾਲੀ ਹੁੰਦੀਆਂ ਤੇ ਪਾਰਸ਼ੇ ਦੇ ਪਾਣੀ ਦੀ ਨਸਾਰ ਨਾਲ ਇਹ ਵੱਡੀ ਸਾਰੀ ਖੁਰਲੀ ਤਾਲੋਤਾਲ ਭਰ ਜਾਂਦੀ। ਮੈਂ ਘਰ ਜਾ ਕੇ ਇਹ ਸਭ ਕੁਝ ਹੁੱਬ ਕੇ ਭਾਈਏ ਨੂੰ ਦੱਸਦਾ।

'ਇਹ ਜਾਨ ਮੁਹੰਮਦ ਹੁਣਾਂ ਦੀ ਹਬੇਲੀ ਸੀ। ਉਨ੍ਹਾਂ ਨੇ ਬੜੇ ਸ਼ੌਂਕ ਨਾ ਇਹਦੇ ਬਰਾਂਡੇ, ਕਮਰੇ ਤੇ ਮਸੀਤ ਬਣਾਏ ਸੀ।' ਭਾਈਏ ਨੇ ਦੱਸਿਆ। ਅਸੀਂ ਸਾਰਾ ਟੱਬਰ ਬੜੇ ਗਹੁ ਨਾਲ ਸੁਣਨ ਲੱਗ ਪਏ। ਮੈਂ ਦੇਖਿਆ ਕਿ ਭਾਈਏ ਦਾ ਚਿਹਰਾ ਉਤਰ ਜਿਹਾ ਗਿਆ।

ਭਾਈਏ ਨੇ ਸਕੂਲ ਦੀ ਇਮਾਰਤ ਤੋਂ ਜਾਨ ਮੁਹੰਮਦ ਦੀ ਹਵੇਲੀ ਤਕ ਜਾਣ ਲਈ ਆਪਣੀਆਂ ਯਾਦਾਂ ਦਾ ਘੋੜਾ ਪਿਛਾਂਹ ਵੱਲ ਨੂੰ ਸਰਪੱਟ ਦੌੜਾਇਆ ਹੋਇਆ ਸੀ।

'ਜਾਨ ਮੁਹੰਮਦ ਦਾ ਛੋਟਾ ਭਰਾ ਅਜੀਜ ਮੁਹੰਮਦ ਮੇਰਾ ਜਿਗਰੀ ਦੋਸਤ ਸੀ।' ਭਾਈਏ ਦੀ ਆਵਾਜ਼ ਪਹਿਲਾਂ ਨਾਲੋਂ ਮੱਠੀ ਤੇ ਥੋੜ੍ਹੀ ਜਿਹੀ ਭਾਰੀ ਹੋ ਗਈ ਸੀ। ਉਹਦੀਆਂ ਲਾਖੇ ਰੰਗ ਦੀਆਂ ਗੱਲ੍ਹਾਂ ਢਿੱਲੀਆਂ ਜਿਹੀਆਂ ਪੈ ਗਈਆਂ। ਸਾਹਮਣੇ ਪਏ ਉਹਦੇ ਹੱਥਾਂ ਦੇ ਖੱਡੀ 'ਤੇ ਬੁਣੇ ਸਿਲਕੀ ਥਾਨ ਦੀਆਂ ਪਤਲੀਆਂ-ਪਤਲੀਆਂ ਤਹਿਆਂ ਖੁੱਲ੍ਹ ਕੇ ਮੇਰੇ ਮਨ ਵਿਚ ਜਿਵੇਂ ਵਿਛਣੀਆਂ ਸ਼ੁਰੂ ਹੋ ਗਈਆਂ ਹਨ।

'ਕਿੱਸਾ-ਕੋਤਾ ਅਈਥੇ ਮੁੱਕਦਾ ਪਈ ਭਾਮੇ ਬੱਢ-ਟੁੱਕ ਕਿਤੇ-ਕਿਤੇ ਹੋਣ ਲੱਗ ਪਈ ਸੀ ਪਰ ਉਹ ਸਾਰੇ ਟੱਬਰ ਅਈਥੋਂ ਸਹੀ ਸਲਾਮਤ ਚਲੇ ਗਏ। ਸਾਰਾ ਪਿੰਡ ਤਾਂ 'ਕੱਠਾ ਹੋਇਆ ਸੀ ਜਿਹਲਾਂ ਉਹ ਟਰੱਕ 'ਚ ਬਈਠੇ। ਜੀਮਾਂ ਤੇ ਮੋਹਕੂ ਧਰਮ ਨਾ' ਢਾਹੀਂ ਰੋ ਪਏ। ਅਜੀਜ ਮੇਰੇ ਗਲ ਲੱਗ ਲੱਗ ਰੋਬੇ.... । ਜੰਮਣ-ਭੋਂ ਛੱਡਣੀ ਕਿਤੇ ਸਉਖੀ ਆ...।' ਭਾਈਏ ਤੋਂ ਅੱਗੇ ਬੋਲਿਆ ਨਾ ਗਿਆ।

ਥੋੜ੍ਹਾ ਕੁ ਰੁਕ ਕੇ ਉਸ ਨੇ ਆਖਿਆ, 'ਜਦੋਂ ਟਰੱਕ ਤੁਰਨ ਲੱਗਾ ਤਾਂ ਅਜੀਜ ਮੇਰੇ ਅਲ ਇਕ ਟੱਕ ਦੇਖੀ ਜਾਬੇ- ਉਹਦਾ ਮੂੰਹ ਸੁਤਿਆ ਜਿਹਾ ਲਗਦਾ ਸੀ ਜਿੱਦਾਂ ਬਮਾਰ ਉਠਿਆ ਹੋਬੇ। ਧਰਮ ਨਾ' ਉਹਦੀਆਂ ਭੁੱਬਾਂ ਨਿਕਲ ਗਈਆਂ। ਮੈਂ ਬੀ ਬੇਬਸੀ 'ਚ ਉਹਨੂੰ ਝੁਰਦਾ ਰਿਹਾ। ਮੇਰੀਆਂ ਅੱਖਾਂ 'ਚ ਬੀ ਪਾਨੀ ਭਰ ਆਇਆ ਤੇ ਝਉਲਾ ਝਉਲਾ ਦਿਸਣ ਲੱਗ ਪਿਆ। ... ਤੇ ਓਦਣ ਤਕਾਲਾਂ ਨੂੰ ਈ ਸਾਰਾ ਪਿੰਡ ਸੁਸਰੀ ਆਂਗੂੰ ਸੌਂ ਗਿਆ ਸੀ - ਜਿੱਦਾਂ ਕੋਈ ਦੇਅ ਫਿਰ ਗਿਆ ਹੋਬੇ। ... ਬੇੜੀਆਂ 'ਚ ਵੱਟੇ ਪਾ ਤੇ ਬੇਈਮਾਨ ਲੀਡਰਾਂ ਨੇ।'

ਰਾਤ ਨੂੰ ਸੌਣ ਵੇਲੇ ਮੈਨੂੰ ਵੱਢ-ਟੁੱਕ, ਗਲ ਲੱਗ ਰੋਣ ਤੇ ਪਿੰਡ 'ਚ ਪਸਰੀ ਖ਼ਾਮੋਸ਼ੀ ਦਾ ਕਲਪਤ ਦ੍ਰਿਸ਼ ਮੁੜ-ਮੁੜ ਦਿਸਦਾ। ਸਕੂਲ ਦੇ ਵਿਹੜੇ 'ਚ ਅਡੋਲ ਖੜ੍ਹੀ ਜਾਮਣ ਦੇ ਪੱਤੇ ਟਾਹਣੀਆਂ ਨਾਲੋਂ ਟੁੱਟ-ਟੁੱਟ ਡਿਗਦੇ ਦਿਸਦੇ ਤੇ ਮਸੀਤ ਨ੍ਹੇਰੇ ਨਾਲ ਭਰੀ ਹੋਈ। ਸੋਚਦਾ, 'ਪਹਿਲਾਂ ਤੋਂ ਉਲਟ ਭਾਈਏ ਨੇ ਹੁੱਕੇ ਦਾ ਘੁੱਟ ਕਿਉਂ ਨਹੀਂ ਭਰਿਆ? ਉਹਦੀ ਆਵਾਜ਼ ਕਿਉਂ ਭਾਰੀ ਹੋ ਗਈ ਸੀ?' ਮਨ ਉਤੇ ਜ਼ੋਰ ਪਾਉਣ 'ਤੇ ਵੀ ਬਹੁਤੀਆਂ ਗੱਲਾਂ ਦਾ ਮੈਨੂੰ ਸਿਰਾ ਨਾ ਮਿਲਦਾ। ਪਤਾ ਨਹੀਂ ਮੈਨੂੰ ਫਿਰ ਕਦੋਂ ਨੀਂਦ ਆਉਂਦੀ। ਸਵੇਰ ਨੂੰ ਇਹ ਸੋਚਾਂ ਇਉਂ ਮਿਟੀਆਂ ਹੁੰਦੀਆਂ ਜਿਵੇਂ ਮੈਂ ਆਪਣੀ ਫੱਟੀ ਉਤੇ ਤਾਜ਼ਾ ਪੋਚਾ ਫੇਰਿਆ ਹੋਵੇ। ਪਰ ਘੌਪੀਏ ਵੇਲੇ ਫਿਰ ਪੂਰਨਿਆਂ ਉਤੇ ਲਿਖੇ ਓਹੀ ਅੱਖਰ ਗੂਹੜੇ ਹੁੰਦੇ ਦਿਸਦੇ।

ਮੇਰੇ ਮਨ ਤੋਂ ਡਰ-ਭੌ ਦੀ ਮੋਟੀ ਪਰਤ ਪਿਘਲਣ 'ਚ ਹੀ ਨਹੀਂ ਆ ਰਹੀ ਸੀ। ਮੇਰੀਆਂ ਸੋਚਾਂ ਦੀਆਂ ਲੰਮੀਆਂ ਉਡਾਰੀਆਂ ਦੇ ਪਰ ਜਿਵੇਂ ਸੁੰਗੜ ਕੇ ਇਕ ਬਿੰਦੂ ਵਿਚ ਬਦਲ ਗਏ ਹੋਣ। ਇਨ੍ਹਾਂ ਹੀ ਦਿਨਾਂ ਵਿਚ ਮੇਰੀਆਂ ਰਾਤਾਂ ਹੋਰ ਲੰਮੀਆਂ ਹੋ ਗਈਆਂ।

ਇਹ ਘਟਨਾ ਤ੍ਕਾਲਾਂ ਦੀ ਸੀ ਜਦੋਂ ਘਾਹ-ਪੱਠਾ ਖੋਤਣ ਨਿਕਲੀਆਂ ਸਾਡੇ ਵਿਹੜੇ ਦੀਆਂ ਤੀਵੀਆਂ ਮੁੜਦੇ ਪੈਰੀਂ ਆ ਕੇ ਹੋਰਾਂ ਨੂੰ ਦੱਸਣ ਲੱਗ ਪਈਆਂ, 'ਲੰਬੜਾਂ ਦੀ ਹਥੇਲੀ ਠਾਣਾ ਬਈਠਾ ਆ!'

ਏਸੇ ਦੌਰਾਨ ਮੈਨੂੰ ਤਿੰਨ ਖ਼ਾਕੀ ਵਰਦੀਧਾਰੀ ਉੱਚੇ-ਲੰਮੇ ਪੁਲਸੀਏ ਦਿਸੇ। ਪੁਲਸ ਮੈਂ ਪਹਿਲੀ ਵਾਰ ਦੇਖੀ ਸੀ। ਉਨ੍ਹਾਂ ਨੇ ਨਿੱਕਰਾਂ-ਕਮੀਜ਼ਾਂ ਪਹਿਨੀਆਂ ਤੇ ਪੱਗਾਂ ਬੰਨ੍ਹੀਆਂ ਹੋਈਆਂ ਸਨ। ਉਨ੍ਹਾਂ ਦੇ ਹੱਥਾਂ ਵਿਚ ਰੂਲ ਸਨ। ਉਨ੍ਹਾਂ ਗਰਮੀਆਂ ਵਿਚ ਵੀ ਗਰਮ ਖ਼ਾਕੀ ਜ਼ੁਰਾਬਾਂ ਜੋ ਗਿੱਟਿਆਂ ਤਕ ਮੋੜ ਕੇ ਦੋਹਰੀਆਂ ਕੀਤੀਆਂ ਹੋਈਆਂ ਸਨ, ਬੂਟਾਂ-ਸੈਂਡਲਾਂ ਸਣੇ ਪਾਈਆਂ ਹੋਈਆਂ ਸਨ। ਸਾਡੇ ਘਰ ਮੋਹਰਲੇ ਪੂਰੇ ਰਾਹ ਵਿਚ ਸੁੰਨਸਾਨ ਸੀ। ਨਾ ਕੋਈ ਬੰਦਾ ਤੇ ਨਾ ਕੋਈ ਪਰਿੰਦਾ ਦਿਸਦਾ ਸੀ।

ਸਾਡੇ ਘਰ ਦੇ ਬੂਹੇ ਪਿੱਛੇ ਲੁਕ ਕੇ ਖੜ੍ਹੀਆਂ ਬੁੜ੍ਹੀਆਂ ਦੇ ਚਿਹਰੇ ਘਬਰਾਏ ਤੇ ਮਸੋਸੇ ਹੋਏ ਸਨ। ਉਨ੍ਹਾਂ ਦੇ ਹੱਥਾਂ ਵਿਚਲੇ ਰੰਬੇ ਦਾਤੀਆਂ ਹੌਲੀ ਹੌਲੀ ਕੰਬਦੇ ਜਿਹੇ ਲਗਦੇ। ਉਹ ਘੁਸਰ-ਮੁਸਰ ਕਰ ਰਹੀਆਂ ਸਨ, 'ਹਾਅ ਪਨਾਹਗੀਰਾਂ ਦੀ ਮਿੰਦ੍ਹੋ ਕਿਸੇ ਨਾਲ ਨਿਕਲੀ ਥੋੜ੍ਹੇ ਸੀ, ਦੱਸਦੇ ਆ ਪਈ ਇਨ੍ਹਾਂ ਨੇ ਉਹਦੇ ਤਿੰਨ ਡੱਕਰੇ ਕਰ ਕੇ, ਬੋਰੀ 'ਚ ਪਾ ਕੇ 'ਪਾਣੀ ਧੱਕਾਂ' ਦੇ ਸਿੰਬੇਲ ਆਲੇ ਖੂਹ 'ਚ ਸਿੱਟ ਦਿਤੀ ਆ!' ਕੋਲ ਖੜ੍ਹੇ ਦੀਆਂ ਮੇਰੀਆਂ ਲੱਤਾਂ ਮੇਰਾ ਭਾਰ ਨਹੀਂ ਸਹਾਰ ਰਹੀਆਂ ਸਨ।

ਜਦੋ ਪੁਲਸੀਏ ਲੰਘ ਗਏ ਤਾਂ ਬੂਹਾ ਖੋਲ੍ਹਿਆ ਗਿਆ।

'ਹਾਅ ਤਲੰਗਾ ਜਿਹਾ ਪਤਾ ਨਈਂ ਕਿਹੜੇ ਕੰਜਰ ਨੇ ਭਰਤੀ ਕਰ ਲਿਆ, ਤੇ ਔਹ ਪਿਛਲਾ ਸਾਲਾ ਕਿੱਦਾਂ ਫਿੱਟਾ ਆ, ਢਿੱਡਲ ਜਿਹਾ - ਬਗਾਨਾ ਮਾਲ ਖਾ-ਖਾ ਕੇ।' ਭਾਈਏ ਨੇ



ਇਕਹਿਰੇ ਤੇ ਗੋਗੜ ਵਾਲੇ ਪੁਲਸੀਆਂ ਬਾਰੇ ਹੋਰਾਂ ਨੂੰ ਸੁਣਾ ਕੇ ਕਿਹਾ। ਸਾਰਿਆਂ ਦਾ ਇਕੋ ਵੇਲੇ ਨਿੱਕਾ ਜਿਹਾ ਹਾਸਾ ਨਿਕਲ ਗਿਆ।

ਭਾਈਏ ਨੇ ਫਿਰ ਟਿੱਪਣੀ ਕੀਤੀ, 'ਸਾਲੇ ਅਣਖਾਂ ਦੇ, ਹਰਾਮਦੀ ਨੂੰ ਕਿਤੇ ਹੋਰ ਦਫ਼ਾ ਕਰ ਦਿੰਦੇ! ਬਾਰੀਆਂ (ਪਾਕਿਸਤਾਨ ਦੇ ਬਾਰ ਇਲਾਕੇ ਵਿਚੋਂ ਆਏ ਜੱਟ) ਦਾ ਕੀ ਖੁੱਸ ਗਿਆ! ਜੱਟਾਂ ਦਾ ਸੱਤੀ ਬੀਹੀਂ ਸੌ ਐਵੀਂ ਥੋੜ੍ਹੇ ਕਹਿੰਦੇ ਆ! ਹੁਣ ਉਮਰ ਕੈਦਾਂ ਕੱਟਣਗੇ ਸਾਲੇ! ਨਾਲੇ ਇਨ੍ਹਾਂ ਦੀ ਕਰਮੀ ਨਹੀਂ ਰੱਖੀਉ ਬਾਰੀਆਂ ਦੇ ਗੁਰਮੁਖ ਨੇ! ਰੱਖੇ (ਕਰਮੀ ਦਾ ਪਤੀ) ਮੂਜੀ ਨੂੰ ਘਰ 'ਚ ਕੌਣ ਪੁੱਛਦਾ!'

ਦਿਨ ਵੇਲੇ ਖੇਡੇ ਖਿੱਦੋ-ਖੂੰਡੀ ਦੇ ਉਧੜੇ ਖਿੱਦੋ ਦੀਆਂ ਰੰਗ-ਬੇਰੰਗੀਆਂ ਟੱਲੀਆਂ-ਟਾਕੀਆਂ ਵਾਂਗ ਉਲਝੀਆਂ ਮੇਰੀਆਂ ਸੋਚਾਂ ਮੇਰੇ ਕਾਬੂ ਤੋਂ ਬਾਹਰ ਸਨ।

ਮਰੀ ਹੋਈ ਮਿੰਦ੍ਹੋ ਮੈਨੂੰ ਕਦੀ ਆਪਣੇ ਪਿਓ ਲਈ ਭੱਤਾ, ਕਦੀ ਚਾਹ-ਪਾਣੀ ਤੇ ਕਦੀ ਨੰਗੇ ਪੈਰੀਂ ਪੱਠਿਆਂ ਦੀ ਪੰਡ ਚੁੱਕੀ ਜਾਂਦੀ ਦਿਸਦੀ। ਉਹ ਮੈਨੂੰ ਰਾਹ ਗਲੀ ਕਦੀ ਕਿਸੇ ਨਾਲ ਗੱਲਾਂ ਕਰਦੀ ਦਿਸਦੀ ਤੇ ਕਦੀ ਕਿਸੇ ਨਾਲ। ਉਹਦੀ ਅਣਦੇਖੀ ਲੋਥ ਦੇ ਤਿੰਨ ਡੱਕਰਿਆਂ ਵਿਚ ਧੌਣ, ਧੜ ਤੇ ਲੱਤਾਂ ਜੁਦਾ-ਜੁਦਾ ਹੋਏ ਦਿਸਦੇ। ਰਾਤ ਨੂੰ ਨੀਂਦ ਤੋਂ ਪਹਿਲਾਂ ਸਿੰਬਲ ਵਾਲੇ ਖੂਹ 'ਤੇ ਲੋਕਾਂ ਦੀ ਇਕੱਠੀ ਹੋਈ ਭੀੜ ਦਿਸਦੀ ਤੇ ਪੁਲਸ ਪਨਾਹਗੀਰਾਂ ਦੇ ਸਾਰੇ ਟੱਬਰ ਨੂੰ ਧੂਹ ਕੇ ਲਿਜਾਂਦੀ ਹੋਈ। ਮੈਂ ਵੱਡੇ ਭਰਾ ਨਾਲ ਗੱਲ ਕਰਦਾ ਤਾਂ ਉਹ ਕਹਿੰਦਾ, 'ਰੱਬ ਦਾ ਨਾਂ ਲਈ ਜਾਹ, ਆਪੇ ਈ ਨੀਂਦ ਆ ਜਾਣੀ ਆਂ।'

ਅਜਿਹੀਆਂ ਵਾਪਰਦੀਆਂ ਘਟਨਾਵਾਂ ਦੀ ਮੇਰੇ ਅੰਦਰ ਭੱਜ-ਟੁੱਟ ਹੁੰਦੀ ਰਹਿੰਦੀ। ਮਨ ਹੀ ਮਨ ਬਹੁਤ ਕੁਝ ਗੁਣਾ ਤੇ ਤਕਸੀਮ ਹੁੰਦਾ ਰਹਿੰਦਾ।

... ਤੇ ਇਕ ਦਿਨ ਵਿਚ ਮਾਂ ਨੇ ਮੈਨੂੰ ਨਹਾ ਲੈਣ ਲਈ ਹਾਕ ਮਾਰ ਕੇ ਸੱਦਿਆ ਪਰ ਭਾਣਾ ਕੁਝ ਹੋਰ ਹੀ ਵਾਪਰ ਗਿਆ ਸੀ।

'ਦੱਸ ਮਾਮਾ ਫੇ ਖਾਊਂਗਾ ਮਿੱਟੀ?' ਭਾਈਏ ਨੇ ਚਾਣਚੱਕ ਮੇਰਾ ਸੱਜਾ ਗੁੱਟ ਆਪਣੇ ਸੱਜੇ ਹੱਥ ਵਿਚ ਫੜ ਕੇ ਤੇ ਖੂਹ ਅੰਦਰ ਲਮਕਾਅ ਕੇ ਪੁੱਛਿਆ। ਨਿੱਖਰੇ ਦਿਨ ਵਿਚ ਬੱਦਲ ਪਤਾ ਨਹੀਂ ਇਕਦਮ ਕਿਵੇਂ ਗੜ੍ਹਕ ਪਿਆ ਸੀ। ਮੇਰਾ ਹੇਠਲਾ ਸਾਹ ਹੇਠਾਂ ਤੇ ਉਤਲਾ ਉੱਤੇ ਰਹਿ ਗਿਆ। ਮੇਰੇ ਦਿਲ ਦੀ ਧੜਕਣ ਤੇਜ਼ ਤੇ ਉਚੀ ਹੋ ਗਈ ਜੋ ਮੇਰੇ ਕੰਨਾਂ ਵਿਚ ਲੁਹਾਰਾਂ ਦੇ ਕਾਰਖਾਨੇ ਦੇ ਘਣ ਵਾਂਗ ਠੱਕ-ਠੱਕ ਵੱਜਦੀ ਸੁਣਦੀ ਸੀ।

ਭਾਈਆ ਫਿਰ ਪੁੱਛੇ, 'ਦੱਸ ਮਾਮਾ ਫੇ ਖਾਊਂਗਾ ਮਿੱਟੀ?'

ਇਸ ਅਸਮਾਨੀ ਬਿਜਲੀ ਦੀ ਤਾਰ ਮੇਰੇ ਤਨ-ਮਨ ਵਿਚ ਬੇਰਹਿਮੀ ਨਾਲ ਫਿਰ ਗਈ। ਮੇਰੇ ਕੋਲੋਂ ਰੋਇਆ ਵੀ ਨਹੀਂ ਜਾ ਰਿਹਾ ਸੀ। ਬਸ ਲੰਮੇ ਹਉਕੇ ਨਿਕਲ ਰਹੇ ਸਨ ਤੇ ਕਾਲਜਾ ਮੂੰਹ ਥਾਣੀਂ ਬਾਹਰ ਆਉਣ ਨੂੰ ਕਰਦਾ ਸੀ।

ਖੂਹ ਦੀ ਮੌਣ ਦੇ ਕੋਲ ਹੀ ਇੱਟਾਂ ਦੇ ਖੜੰਗੇ ਲੱਗੇ ਫ਼ਰਸ਼ ਉਤੇ ਬੈਠੀ ਕੱਪੜੇ ਧੋਂਦੀ ਮੇਰੀ ਮਾਂ ਵਿਚ ਹੀ ਛੱਡ ਕੇ ਗੁੱਸੇ ਨਾਲ ਤਿੱਖੀ ਸੁਰ ਵਿਚ ਬੋਲੀ, 'ਫੇ ਈ ਕੱਢੂੰਗਾ ਜਦੋਂ ਮੁੰਡੇ 'ਚ ਸਾਹ-ਸਤ ਨਾ ਰਹੂ?'

ਫਿਰ ਉਹ ਉਠਾ ਕੇ ਖੜ੍ਹੀ ਹੋ ਗਈ, 'ਜੇ ਤੇਰੇ ਹੱਥੋਂ ਮੁੰਡੇ ਦੀ ਬਾਂਹ ਛੁੱਟ ਗਈ ਤਾਂ...!'

ਮੈਂ ਕਦੇ ਉਤਾਂਹ ਨੂੰ ਤਰਲੇ ਭਰੀ ਨਿਗਾਹ ਨਾਲ ਭਈਏ ਦੇ ਮੂੰਹ ਵੱਲ ਤੇ ਕਦੇ ਹੇਠਾਂ ਨੂੰ ਪਾਣੀ ਵੱਲ ਦੇਖਦਾ ਜੋ ਮੇਰੇ ਨਿੱਕੇ ਕੱਦ ਤੋਂ ਮਸਾਂ ਪੰਜ-ਛੇ ਹੱਥ ਨੀਵਾਂ ਸੀ।

'ਮੁੰਡਾ ਲੇਰਾਂ ਮਾਰੀ ਜਾਂਦਾ ਤੂੰ ਫੇ ਬੀ ...।' ਮਾਂ ਭਾਈਏ ਨੂੰ ਝਈ ਜਿਹੀ ਲੈ ਕੇ ਬਾਂਹਬਰ ਕੇ ਬੋਲੀ। ਓਨੇ ਮੈਨੂੰ ਦਬਾਸਟ ਬਾਹਰ ਕੱਢ ਲਿਆ। ਮੇਰਾ ਸਰੀਰ ਬੇਜਾਨ ਜਿਹਾ ਹੋ ਗਿਆ ਸੀ। ਸਿਆਲ

ਮਹੀਨੇ ਦੇ ਗਿਆਰਾਂ-ਬਾਰਾਂ ਵਜੇ ਵਾਪਰੀ ਪੰਦਰਾਂ ਵੀਹ ਸਕਿੰਟਾਂ ਦੀ ਇਸ ਘਟਨਾ ਨਾਲ ਮੇਰਾ ਅਲਫ਼ ਨੰਗਾ ਪਿੰਡਾ ਹਲਕਾ ਜਿਹਾ ਤਰ ਹੋ ਗਿਆ ਸੀ।

ਥੋੜ੍ਹੀ ਕੁ ਦੇਰ ਬਾਅਦ ਮੈਨੂੰ ਤਾਜ਼ਾ ਲੰਘੀ ਬਰਸਾਤ ਦਾ ਬਦੋਬਦੀ ਚੇਤਾ ਆ ਗਿਆ। ਉਦੋਂ ਮੀਂਹ ਦਾ ਪਾਣੀ ਤੇ ਖੂਹ ਦਾ ਪਾਣੀ ਜ਼ਮੀਨ ਦੇ ਬਰੋ-ਬਰੋਬਰ ਹੋ ਗਿਆ ਸੀ। ਜਦੋਂ ਮੀਂਹ ਹੱਲਾ ਹੋਇਆ ਸੀ ਤਾਂ ਜ਼ਮੀਨ ਤੋਂ ਦੋ ਕੁ ਰਦੇ ਮੌਣ ਪੂਰੀ ਨੰਗੀ ਹੋ ਗਈ ਸੀ। ਨਿੱਕੇ-ਵੱਡੇ ਡੱਡੂ ਖੂਹ ਵਿਚ ਤਾਰੀਆਂ ਲਾਉਂਦੇ ਦਿਸੇ। ਉਨ੍ਹਾਂ ਦਾ ਖੂਹ ਵਿਚੋਂ ਨਾ ਨਿਕਲ ਸਕਣ ਦੀ ਚਿੰਤਾ ਮੈਨੂੰ ਕਈ ਦਿਨਾਂ ਤਕ ਲੱਗੀ ਰਹੀ ਸੀ - ਪਰ ਤ੍ਰਕਾਲਾਂ ਨੂੰ ਖੂਹ ਦੇ ਬਾਹਰ ਕਈ ਡੱਡੂ ਛੜੱਪੇ ਮਾਰਦੇ ਦਿਸੇ ਤੇ ਗੜੈਂ-ਗੜੈਂ ਦੀਆਂ ਆਵਾਜ਼ਾਂ ਸੁਣੀਆਂ ਸਨ। ਨਾਲ ਹੀ ਮੈਨੂੰ ਆਪਣਾ ਖ਼ਿਆਲ ਆਉਂਦਾ, 'ਜੇ ਭਾਈਏ ਦੇ ਹੱਥੋਂ ਮੇਰੀ ਬਾਂਹ ਛੁੱਟ ਜਾਂਦੀ ਤਾਂ ਕੀ ਮੈਂ ਡੱਡੂ ਵਾਂਗ ਤਰ ਸਕਦਾ ਸੀ।' ਮੈਂ ਚਿੱਤ 'ਚ ਭਾਈਏ ਨੂੰ ਗਾਲ੍ਹਾਂ ਕੱਢੀਆਂ ਤੇ ਉਹਦੇ ਖ਼ਿਲਾਫ਼ ਕਈ ਮਨਸੂਬੇ ਸੋਚੇ, 'ਜਦੋਂ ਦਾਅ ਲੱਗਾ, ਭਾਈਏ ਦੀ ਸ਼ਰਾਬ ਦੀ ਬੋਤਲ ਮੂਤ ਕੇ ਭਰ ਦੇਣੀ ਆ। ਨਈਂ ਤਾਂ ਚਿਲਮ ਵਿਚਲਾ ਮਘਦਾ ਕੋਲਾ ਉਹਦੇ ਹੱਥ 'ਤੇ ਕਿਸੇ ਤਰ੍ਹਾਂ ਸਿੱਟ ਦੇਣਾ।'

ਭਾਈਏ ਦੀ ਇਹ ਕਾਰਵਾਈ ਜਦੋਂ ਵੀ ਮੇਰੇ ਮਨ ਵਿਚ ਆਉਂਦੀ ਤਾਂ ਮੇਰਾ ਤਨ ਝੁਣਝਣੀ ਖਾ ਜਾਂਦਾ। ਦਿਲ ਨੂੰ ਹੌਲ ਜਿਹਾ ਪੈਂਦਾ। ਲਗਦਾ, ਜਿਵੇਂ ਉਡਦਾ ਪੰਛੀ ਗੁਲੇਲ ਨਾਲ ਫੁੰਡਿਆ ਗਿਆ ਹੋਵੇ।

ਏਨੇ ਨੂੰ ਗਾਓ ਦਾ ਗੇਲੂ ਮੈਨੂੰ ਬੁੱਸ-ਬੁੱਸ ਕਰਦੇ ਨੂੰ ਬਾਹੋਂ ਫੜ ਕੇ ਬੋਹੜ ਹੇਠਾਂ ਨੱਕਾ-ਪੂਰ ਖੇਡਦੀ ਢਾਣੀ ਕੋਲ ਲਿਜਾ ਕੇ ਪੁੱਛਣ ਲੱਗਾ, 'ਫਲਾਤੂ ਦੱਸ ਵੇ ਤੇਰੇ ਸਹੁਰੇ ਕਿੱਥੇ ਆ?'

ਮੈਂ ਚੁੱਪ ਰਿਹਾ।

'ਮੇਰਾ ਹਾੜੀ ਬਣ ਕੇ ਦੱਸ ਤੇਰੇ ਸਹੁਰੇ ਕਿੱਥੇ ਆ?'

'ਕੰਧਾਲੇ (ਮੇਰਾ ਨਾਨਕਾ ਪਿੰਡ, ਕੰਧਾਲਾ ਸ਼ੇਖਾਂ, ਜ਼ਿਲ੍ਹਾ ਹੁਸ਼ਿਆਰਪੁਰ) ਹੋਰ ਕਿੱਥੇ!' ਮੇਰੇ ਬੋਲਾਂ ਨਾਲੋਂ ਉਨ੍ਹਾਂ ਦਾ ਹਾਸਾ ਉਚਾ ਹੋ ਗਿਆ।

ਗੇਲੂ ਮੈਨੂੰ ਹੋਰਨਾਂ ਦੇ ਸਾਹਮਣੇ ਅਕਸਰ ਇਉਂ ਹੀ ਪੁੱਛਦਾ ਜਿਵੇਂ ਉਹ ਮਦਾਰੀ ਹੋਵੇ ਤੇ ਮੈਂ ਉਹਦਾ ਜਮੂਰਾ। ਪਰ ਲੋਕਾਂ ਦੇ ਹੱਸਣ ਦੀ ਵਜਾਹ ਮੈਨੂੰ ਸਮਝ ਨਾ ਆਉਂਦੀ।

ਸਵੇਰ ਨੂੰ ਸੁਵੱਖਤੇ ਹੀ ਭਾਈਆ ਮੈਥੋਂ ਤੇ ਵੱਡੇ ਭਰਾ ਤੋਂ ਖੇਸੀ ਜਾਂ ਰਜਾਈ ਲਾਹ ਕੇ ਪੈਂਦ ਵੱਲ ਵਗਾਹ ਮਾਰਦਾ। ਮਾਂ ਕਹਿੰਦੀ, 'ਪੁੱਤ ਉੱਠੋ ਹੁਣ! ਗੋਡੇ-ਗੋਡੇ ਦਿਨ ਚੜ੍ਹ ਗਿਆ!' ਜਾਂ ਫਿਰ ਕਹਿੰਦੀ, 'ਗੁੱਡ ਭਗਤਾਂ ਦਿਓਂ ਗੋਹਟੇ 'ਤੇ ਅੱਗ ਲੈ ਆ - ਚਾਹ ਧਰਨੀ ਰੱਖੀਏ।'

ਸਾਡੇ ਘਰਾਂ ਦੇ ਚੁੱਲ੍ਹਿਆਂ ਵਿਚ ਰਾਤ ਨੂੰ ਹੀ ਸਵੇਰ ਵਾਸਤੇ ਭੁੱਬਲ ਵਿਚ ਅੱਗ ਦਬਾ ਦਿਤੀ ਜਾਂਦੀ ਸੀ। ਜਦ ਕਦੀ ਯਾਦ ਭੁੱਲ ਜਾਂਦਾ ਤਾਂ ਅੱਗ ਇਕ ਦੂਜੇ ਦੇ ਘਰੋਂ ਮੰਗ ਲਿਆਉਂਦੇ। ਤੀਲਾਂ ਦੀਆਂ ਡੱਬੀਆਂ ਸਰਫ਼ੇ-ਸੰਕੋਚ ਨਾਲ ਹੀ ਵਰਤਦੇ। ਸਿਆਲ ਦੀਆਂ ਸੰਘਣੀਆਂ ਧੁੰਦਾਂ ਦੌਰਾਨ ਅਸੀਂ ਚੁੱਲ੍ਹੇ ਮੁੱਢ ਬੈਠੇ ਰਹਿੰਦੇ ਤੇ ਖੋਰੀ ਦੀਆਂ ਗੁੱਛੀਆਂ ਬਣਾ-ਬਣਾ ਝੁਲਕਾ ਪਾਉਂਦੇ ਜਾਂ ਰਾਹਾਂ 'ਚੋਂ ਗੰਨਿਆਂ ਦੇ ਹੂੰਝ ਕੇ ਲਿਆਂਦੇ ਛਿੱਲੜ। ਦਲਾਨ ਤੇ ਵਗਲੇ ਦੀ ਕੰਧ ਦੇ ਆਸਰੇ ਚਾਰ ਕੌਲਿਆਂ ਉਤੇ ਉਸਾਰੀ ਸਾਡੀ ਛੱਤੜੀ (ਰਸੋਈ) ਦਾ ਕੋਈ ਬੂਹਾ-ਬਾਰੀ ਨਹੀਂ ਸੀ। ਲਹਿੰਦੀ ਬਾਹੀ ਕਾਨਿਆਂ-ਨੜਿਆਂ ਦਾ ਟਿੱਟਾ ਸੀ ਜੋ ਲਿੱਪਿਆ-ਪੋਚਿਆ ਹੋਣ ਕਰਕੇ 'ਕੰਧ' ਦਾ ਝਉਲਾ ਪਾਉਂਦਾ। ਸਵਾ-ਡੇੜ੍ਹ ਖਾਨੇ ਦੀ ਇਹਦੀ ਛੱਤ ਕਾਨਿਆਂ-ਕੜੀਆਂ ਦੀ ਸੀ। ਧੂੰਏ ਦੀ ਕਾਲੋਂ ਜੰਮੀ ਮੋਟੀ ਤਹਿ ਕਾਰਨ ਕਾਨਿਆਂ-ਸਰਵਾੜ ਦੀ ਕੋਈ ਵੱਖਰੀ ਪਛਾਣ ਨਹੀਂ ਸੀ। ਛੱਤ ਤੋਂ ਲਮਕਦਾ ਸਰਵਾੜ ਧੂੰਏਂ ਨਾਲ ਹਿਲਦਾ ਤੇ ਉਸ ਉਤਲੀ ਕਾਲੋਂ ਉਦੋਂ ਕਦੀ ਹੀ ਕਿਸੇ ਫੰਬੇ ਵਾਂਗ ਡਿਗਦੀ ਜਦੋਂ ਉਹਤੋਂ



ਉਹਦਾ ਭਾਰ ਨਾ ਚੁੱਕਿਆ ਜਾਂਦਾ।

ਮੈਨੂੰ ਗਲਾਸ ਵਿਚੋਂ ਚਾਹ ਨਤਾਰ ਕੇ ਬਾਟੀ ਵਿਚ ਪਾਉਂਦੇ ਨੂੰ ਦੇਖ ਕੇ ਭਾਈਆ ਕਹਿੰਦਾ, 'ਡੱਫ਼ ਲਾ ਹੁਣ, ਬਰਸਾਤ ਆ ਕਿਤੇ ਹੁਣ, ਜਿਹੜਾ ਕੀੜੇ ਤਰਦੇ ਦੇਖਦਾ ਆਂ। ਇਨ੍ਹਾਂ ਦਿਨਾਂ 'ਚ ਕੀੜੇ ਨਈਂ ਪਈਂਦੇ।'

ਇਸ ਭਰੋਸੇ ਪਿੱਛੋਂ ਮੈਂ ਚਾਹ ਪਾਣੀ ਵਾਂਗ ਚਾੜ੍ਹ ਜਾਂਦਾ ਪਰ ਬਰਸਾਤੀ ਦਿਨਾਂ ਦੇ ਚਿੱਟੇ ਕੀੜੇ ਚਾਹ 'ਤੇ ਤਰਦੇ ਮੈਨੂੰ ਅਜੇ ਵੀ ਦਿਸਣੋਂ ਨਾ ਹਟਦੇ ਜਿਨ੍ਹਾਂ ਨੂੰ ਮਾਂ ਨੇ ਆਪਣੇ ਸਿਰ ਦੇ ਟੱਲੇ ਦਾ ਲੜ ਰੱਖ ਕੇ ਪੁਣਿਆਂ ਹੁੰਦਾ। ਕਾਲੀ ਚਾਹ ਪੱਤੀ ਉਤੇ ਮਰੇ ਪਏ ਚਿੱਟੇ ਕੀੜੇ ਫੁੱਲ ਕੇ ਹੋਰ ਮੋਟੇ ਹੋਏ ਦਿਸਦੇ।

ਸਿਆਲਾਂ ਨੂੰ ਸਾਡੇ ਘਰ ਦੇ ਮੋਹਰੇ ਧੂਣੀ ਲਗਦੀ। ਨਿਆਣੇ ਸਿਆਣੇ ਅੱਗ ਸੇਕਦੇ। ਸਾਡੇ 'ਚੋਂ ਜਿਹੜਾ ਆਪਣੇ ਘਰੋਂ ਬਾਲਣ ਨਾ ਲਿਆਉਂਦਾ, ਉਹਨੂੰ ਅੱਗ ਸੇਕਣੋਂ ਰੋਕਣ ਲਈ ਹੱਥੋਪਾਈ ਵੀ ਹੋ ਜਾਂਦੇ। ਧੂਣੀ ਦੀਆਂ ਲੰਬਾਂ ਵਿਚ ਅਸੀਂ ਆਪਣੇ ਬਰਫ਼ ਵਰਗੇ ਠੰਢੇ ਪੈਰ ਲਿਜਾਂਦੇ ਤੇ ਫਿਰ ਸਕੂਲ ਨੂੰ ਦੌੜ ਜਾਂਦੇ। ਸਾਡੇ ਵਿਚੋਂ ਕਿਸੇ ਜਣੇ ਦੇ ਵੀ ਪੈਰੀਂ ਜੁੱਤੀ ਨਾ ਹੁੰਦੀ। ਉਧਰ ਜਿਮੀਂਦਾਰਾਂ ਦੇ ਕੁੜੀਆਂ-ਮੁੰਡਿਆਂ ਨੇ ਦੋਹਰੇ ਸਵੈਟਰ ਪਾਏ ਹੁੰਦੇ। ਮੈਂ ਸੋਚਦਾ, 'ਕੋਈ ਜਣਾ ਇਕ ਸੁਆਟਰ ਮੈਨੂੰ ਦੇ ਦੇਬੇ - ਮੈਂ ਬੀ ਇਹਦਾ ਨਿੱਘ ਲੈ ਕੇ ਦੇਖਾਂ।' ਮੇਰੇ ਇਨ੍ਹਾਂ ਖ਼ਿਆਲਾਂ ਦੀ ਲੜੀ ਉਦੋਂ ਹੀ ਟੁੱਟਦੀ ਜਦੋਂ ਮੈਂ ਹੋਰ ਨਿਆਣਿਆਂ ਨਾਲ ਉੱਚੀ ਹੇਕ ਵਿੱਚ ਕਹਿੰਦਾ :

ਸੂਰਜਾ ਸੂਰਜਾ ਫੱਟੀ ਸੁਕਾ

.... .... ....

ਪਲ ਦੋ ਪਲ ਪਿੱਛੋਂ ਮੇਰਾ ਖ਼ਿਆਲ ਫਿਰ ਆਪਣੇ ਫ਼ਾਂਟਾਂ ਵਾਲੇ ਕੱਛੇ ਤੇ ਗਲ ਦੇ ਝੱਗੇ 'ਤੇ ਜਾਂਦਾ ਜੋ ਠੰਢ ਰੋਕਣ ਨਾਲੋਂ ਵਗਦੇ ਸੀਂਢ ਨੂੰ ਹੇਠਾਂ ਡਿਗਣੋਂ ਰੋਕਣ ਦੇ ਜ਼ਿਆਦਾ ਕੰਮ ਆਉਂਦਾ। ਮੇਰੇ ਲੀੜੇ ਐਤਵਾਰ ਦੇ ਐਤਵਾਰ ਧੋ ਹੁੰਦੇ। ਖੁਰਲੀ ਦੇ ਓਹਲੇ ਬੈਠ ਕੱਛੇ ਦੇ ਨੇਫ਼ੇ ਵਿਚੋਂ ਜੂੰਆਂ ਟੋਲ-ਟੋਲ ਮਾਰਨ ਨੂੰ ਮੇਰਾ ਕਿੰਨਾ-ਕਿੰਨਾ ਚਿਰ ਲੱਗ ਜਾਂਦਾ। ਮਨ ਅੱਕ ਜਿਹਾ ਜਾਂਦਾ ਤੇ ਧੌਣ ਦੁਖਣ ਲਗ ਪੈਂਦੀ। ਜਦੋਂ ਮਾਂ ਮੈਨੂੰ ਖੂਹ 'ਤੇ ਨਹਾਉਂਦੀ ਤਾਂ ਮੇਰੇ ਪੈਰਾਂ 'ਤੇ ਸੱਜੇ ਹੱਥ ਦਾ ਅੰਗੂਠਾ ਜ਼ੋਰ ਨਾਲ ਰਗੜ ਕੇ ਕਹਿੰਦੀ, 'ਦੇਖ ਤਾਂ ਮੈਲ ਦੀਆਂ ਪੇਪੜੀਆਂ ਕਿੱਦਾਂ ਜੰਮੀਆਂ ਆਂ।' ਪਰ ਮੈਨੂੰ ਆਪਣੀਆਂ ਲੱਤਾਂ ਤੇ ਮੈਲ ਜੰਮੇ ਪੈਰਾਂ ਵਿਚ ਬਹੁਤਾ ਫ਼ਰਕ ਨਾ ਦਿਸਦਾ। ਮੈਂ ਫਿਰ ਇਨ੍ਹਾਂ ਲੰਮੀਆਂ ਸੋਚਾਂ ਤੋਂ ਮੁੜ ਆਉਂਦਾ ਪਰ 'ਸੂਰਜਾ ਸੂਰਜਾ ਫੱਟੀ ਸਕਾ...' ਦੀ ਹੇਕ ਬਹੁਤ ਮੱਠੀ ਪੈ ਜਾਂਦੀ।

ਇਹ ਦੁਹਰਾਉਣਾ ਵੀ ਵਿਚੇ ਹੀ ਛੱਡ ਕੇ ਮੈਂ, ਖੁਸ਼ੀਆ, ਭੀਮਾ ਜਾਂ ਉਹਦੇ ਛੋਟੇ ਭਰਾ ਪਿਆਰੀ (ਜਿਸ ਨੂੰ ਪਿੰਡ ਦੇ ਬਹੁਤੇ ਮੁੰਡੇ ਆਸ਼ਕ ਸੱਦਦੇ ਕਿਉਂਕਿ ਉਹਦਾ ਰੰਗ ਕਾਲਾ, ਸਰੀਰ ਲਿੱਸਾ ਤੇ ਤੋਰ ਨਿਆਰੀ ਸੀ।) ਨੂੰ ਕਿਸੇ ਕੱਟੂ-ਵੱਛੂ ਨੂੰ ਚੁੱਕ ਕੇ ਸਕੂਲ ਮੋਹਰਿਓਂ ਦੀ ਲਿਜਾਂਦਿਆਂ ਦੇਖਦਾ। ਇਨ੍ਹਾਂ ਦਿਨਾਂ ਵਿਚ ਅਕਸਰ ਹੀ ਕੱਟੇ-ਵੱਛੇ, ਬੁੱਢੇ ਬਲਦ ਤੇ ਗਊਆਂ ਮਰਦੇ ਰਹਿੰਦੇ। ਬੁੱਢੇ ਝੋਟਿਆਂ ਨੂੰ ਤਾਂ ਜੱਟ ਪਹਿਲਾਂ ਹੀ ਮੰਡੀ ਵੇਚ ਆਉਂਦੇ ਸਨ। ਉਨ੍ਹਾਂ ਨੇ ਮੁਰਦਾਰ ਦੀਆਂ ਚੌਹਾਂ ਲੱਤਾਂ ਨੂੰ ਖੁਰਾਂ ਕੋਲੋਂ ਨੂੜ ਕੇ ਇਸ ਜੁਗਤ ਨਾਲ ਬੰਨ੍ਹਿਆ ਹੁੰਦਾ ਕਿ ਲੱਤਾਂ ਦੇ ਦੋਸਾਂਗੜ ਵਿਚਾਲਿਓਂ ਦੀ ਬਾਂਸ ਦੀ ਮੋਟੀ ਕੜੀ ਲੰਘਾ ਲੈਂਦੇ। ਮੋਢਿਆਂ 'ਤੇ ਰੱਖਿਆ ਡੰਡਾ ਉਨ੍ਹਾਂ ਦੇ ਅੱਗੇ-ਪਿੱਛੇ ਹੋ ਕੇ ਤੁਰਨ ਵਿਚ ਅੜਿੱਕਾ ਨਾ ਬਣਦਾ। ਪੁੱਠਾ ਲਮਕਿਆ ਕੱਟਾ-ਵੱਛਾ ਝੂਟੇ ਲੈਂਦਾ ਲਗਦਾ। ਉਹਦੀ ਧੌਣ 'ਤੇ ਲਮਕਦੇ ਕੰਨ ਹੁਲਾਰੇ ਲੈਂਦੇ ਜਾਪਦੇ।

ਵੱਡੇ ਮੁਰਦਾਰ ਨੂੰ ਪੰਜ-ਛੇ ਜਣੇ ਘੜੀਸ ਕੇ ਲਿਜਾਂਦੇ। ਇਕ ਦੂਜੇ ਨੂੰ ਕਹਿੰਦੇ, 'ਪਿਆਰੀ ਸਾਮਾਂ ਹੋ ਕੇ ਖਿੱਚ, ਸਾਰਾ ਭਾਰ ਮੇਰੇ ਗਲ ਪਈ ਜਾਂਦਾ।'

ਪਿੱਠ ਭਾਰ ਧੂਹੇ ਜਾ ਰਹੇ ਮੁਰਦਾਰ ਦੀਆਂ ਅਗਲੀਆਂ-ਪਿਛਲੀਆਂ ਲੱਤਾਂ ਵਿਚੀਂ

ਲੰਘਾਈਆਂ ਮੋਟੀਆਂ ਕੜੀਆਂ ਮੋਢਿਆਂ ਉਤੇ ਰਖ ਕੇ ਇਉਂ ਖਿੱਚਦੇ ਕਿ ਉਨ੍ਹਾਂ ਦਾ ਸਿਰ-ਧੜ ਚੂਲੇ ਤੋਂ ਕਾਫ਼ੀ ਅੱਗੇ ਵੱਲ ਨੂੰ ਝੁਕਿਆ ਤੇ ਤਣਿਆ ਹੁੰਦਾ। ਉਨ੍ਹਾਂ ਦਾ ਆਪਣਾ ਸਾਰਾ ਭਾਰ ਪੰਜਿਆਂ ਉਤੇ ਹੁੰਦਾ ਤੇ ਗੋਡੇ ਅਗਾਂਹ ਵੱਲ ਨੂੰ ਤਿੱਖੀ ਤਿਕੋਨ ਬਣਾਉਂਦੇ ਦਿਸਦੇ। ਕਈ ਵਾਰ ਉਨ੍ਹਾਂ ਵਿਚੋਂ ਕੋਈ ਜਣਾ ਬੀਂਡੀ ਜੁੜਿਆ ਹੁੰਦਾ। ਜਦੋਂ ਉਹ ਦਮ ਮਾਰਨ ਲਈ ਰੁਕਦੇ ਤਾਂ ਆਪਣੇ ਮੱਥਿਆਂ ਤੋਂ ਪਸੀਨਾ ਮੋਢੇ ਉਤਲੇ ਪਰਨਿਆਂ ਨਾਲ ਪੂੰਝਦੇ। ਪਰ ਅਸੀਂ ਠੁਰ-ਠੁਰ ਕਰਦੇ।

ਕਦੀ-ਕਦੀ ਤਫ਼ਰੀਹ (ਅੱਧੀ ਛੁੱਟੀ) ਵੇਲੇ ਮੈਂ ਤੇ ਸਾਡੀ ਬਿਰਾਦਰੀ ਦੇ ਹੋਰ ਨਿਆਣੇ ਦੌੜ ਕੇ ਭੀਮੇ ਹੁਰਾਂ ਨਾਲ ਜਾ ਰਲਦੇ। ਘੜੀਸੇ ਜਾ ਰਹੇ ਮੁਰਦਾਰ ਦੇ ਸਿੰਗ ਜ਼ਮੀਨ ਨਾਲ ਰਗੜ ਹੁੰਦੇ। = ਦੇ ਨਿਸ਼ਾਨ ਵਾਂਗ ਦੋ ਲੀਕਾਂ ਬਰੋ-ਬਰੋਬਰ ਵਗਦੀਆਂ ਜਾਂਦੀਆਂ। ਪਿੱਠ ਤੇ ਪੁੜਿਆਂ ਕੋਲ ਦੇ ਹੱਡਾਂ ਨਾਲ ਹੋਰ ਲੀਕਾਂ ਵਹਿੰਦੀਆਂ ਜਾਂਦੀਆਂ। ਮੁਰਦਾਰ ਦੀਆਂ ਅੱਖਾਂ ਸਿਰ ਨਾਲੋਂ ਥੋੜ੍ਹੀਆਂ ਬਾਹਰ ਨੂੰ ਉਭਰੀਆਂ ਤੇ ਖੁੱਲ੍ਹੀਆਂ ਹੁੰਦੀਆਂ। ਮੂੰਹ ਵੀ ਖੁੱਲ੍ਹਾ ਹੁੰਦਾ ਤੇ ਦੰਦਾਂ ਦਾ ਹੇਠਲਾ ਇਕੋ ਇਕ ਜਬਾੜਾ ਤੇ ਬਰਾਛਾਂ ਅਗਾਂਹ ਤਕ ਦਿਸਦੇ। ਮੈਂ ਕਈ ਵਾਰ ਮੁਰਦਾਰ ਦਾ ਪੁੱਠਾ ਹੋਇਆ ਸਿਰ ਸਿੱਧਾ ਫੜੀ ਰਖਦਾ ਤਾਂ ਕਿ ਆਲੇ-ਦੁਆਲੇ ਨੂੰ ਨਾ ਡੁਲਕੇ। ਸੋਚਦਾ, 'ਉਹਦਾ ਪਿੰਡਾ ਛਿੱਲ ਨਾ ਹੋਵੇ।' ਕਈ ਵਾਰ ਮਰੇ ਪਸ਼ੂ ਨੂੰ ਗੱਡੇ ਉਤੇ ਲੱਦ ਕੇ ਲਿਜਾਇਆ ਜਾਂਦਾ ਤੇ ਅਸੀਂ ਨਿਆਣੇ ਮਗਰੋਂ ਧੱਕਾ ਲਾ ਕੇ ਹੁੱਬਦੇ। ਕਿੰਨੀ ਦੂਰੋਂ ਮੁੜਦੇ ਹੋਏ ਆਲੇ-ਦੁਆਲੇ ਦੇ ਖੇਤਾਂ ਵਿਚੋਂ ਸਰ੍ਹੋਂ ਦੇ ਪੀਲੇ ਫੁੱਲ ਤੋੜ ਲੈਂਦੇ।

ਜਦੋਂ ਮੈਂ ਹੱਡਾ-ਰੋੜੀ ਤੋਂ ਮੁੜ ਕੇ ਆ ਕੇ ਜਾਂ ਆਮ ਦਿਨਾਂ ਵਿਚ ਨਲਕੇ 'ਤੇ ਪਾਣੀ ਪੀਂਦਾ ਤਾਂ ਜੱਟਾਂ ਦਾ ਜਿਹੜਾ ਮੁੰਡਾ ਵੀ ਮੇਰੇ ਤੋਂ ਬਾਅਦ ਪਾਣੀ ਪੀਂਦਾ ਤਾਂ ਉਹ ਪਹਿਲਾਂ ਨਲਕੇ ਨੂੰ ਚੰਗੀ ਤਰ੍ਹਾਂ ਧੋ ਕੇ ਸੁੱਚਾ ਕਰਦਾ। ਮੈਂ ਸੋਚਦਾ, 'ਮੇਰੇ ਹੱਥਾਂ ਨੂੰ ਭਲਾ ਕੀ ਲੱਗਾ ਆ – ਇਹ ਆਪ ਬੀ ਤਾਂ ਉਨ੍ਹਾਂ ਦੀਆਂ ਪੂਛਾਂ ਮਰੋੜਦੇ ਆ।'

ਮਰਿਆ ਪਸ਼ੂ ਜਦੋਂ ਸਾਡੀ ਬਿਰਾਦਰੀ ਦੇ ਬੰਦਿਆਂ ਨੇ ਚੁੱਕ ਲਿਆ ਹੁੰਦਾ ਤਾਂ ਜੱਟੀਆਂ ਪਿੱਛੇ ਪਿੱਛੇ ਜਲ ਦੇ ਛਿੱਟੇ ਦਿੰਦੀਆਂ ਤੇ ਮੂੰਹੋਂ ਸਤਨਾਮ ਵਾਖਰੂ ਕਹਿ ਕੇ ਹਵੇਲੀ ਦਾ ਵਿਹੜਾ ਪਵਿੱਤਰ ਕਰਦੀਆਂ। ਮੈਂ ਸੋਚਦਾ, 'ਇਹ ਕੋਈ ਜਾਦੂ-ਮੰਤਰ ਹੋਣਾ, ਪਰ ਇਹ ਕਿਸ ਨੂੰ ਸੁਣਾਇਆ ਗਿਆ ਹੋਵੇਗਾ! ਮੁਰਦਾਰ ਨੂੰ ? ਮੁਰਦਾਰ ਚੁੱਕਣ ਵਾਲਿਆਂ ਨੂੰ? ਜਾਂ ਫਿਰ ਬੋਲਣ ਵਾਲੀ ਨੇ ਆਪਣੇ ਆਪ ਨੂੰ ਸੁਣਾਇਆ?' ਮੈਨੂੰ ਲਗਦਾ ਭਾਈਏ ਦੀ ਉਲਝੀ ਤਾਣੀ ਵਾਂਗ ਮੇਰੀਆਂ ਸੋਚਾਂ ਨੂੰ ਗਲੁੰਝ ਪੈ ਗਏ ਹਨ ਜਿਨ੍ਹਾਂ ਨੂੰ ਸਿੱਧਿਆਂ ਕਰਨ ਲਈ ਕੋਈ ਹੱਲ ਨਾ ਔੜਦਾ।

ਕਈ ਵਾਰ ਮੱਸਾ ਲੰਮੇ ਪਏ ਤੇ ਮਰ ਰਹੇ ਬਲਦ ਜਾਂ ਗਾਂ ਕੋਲ ਬਹਿ ਕੇ ਉਚੀ ਉਚੀ (ਗੀਤਾ ਦਾ) ਪਾਠ ਪੜ੍ਹਦਾ। ਓਧਰ ਮਰ ਰਿਹਾ ਪਸ਼ੂ ਤੜਫ਼ ਤੜਫ਼ ਕੇ ਅਗਲੀਆਂ-ਪਿਛਲੀਆਂ ਲੱਤਾਂ ਜ਼ੋਰ ਨਾਲ ਖਿੱਚ-ਖਿੱਚ ਮਾਰਦਾ। ਮੱਸਾ ਕਹਿੰਦਾ, 'ਬਸ, ਗ਼ਤੀ ਹੋ ਗਈ ਸਮਝੋ।'

'ਮੱਸਿਆ, ਬੜਾ ਲਹਿਣਾ ਦਿੱਤਾ ਮੀਣੇ ਨੇ!' ਇਕਬਾਲ ਸਿੰਘ ਦੇ ਭਾਈਏ ਊਧਮ ਸਿੰਘ ਨੇ ਇਕ ਵਾਰ ਆਪਣੇ ਬਲਦ ਦਾ ਅਫ਼ਸੋਸ ਕਰਦਿਆਂ ਕਿਹਾ ਪਰ ਮੱਸਾ ਕਣਕ ਦੇ ਦਾਣਿਆਂ ਦੀ ਮਗਰੀ ਪਿੱਠ 'ਤੇ ਲਾ ਕੇ ਤੁਰ ਪਿਆ ਸੀ।

ਮੱਸਾ ਖੱਡੀ ਬੁਣਦਾ ਜਦੋਂ ਕਿਸੇ ਨਾਲ ਵੀ ਗੱਲ ਕਰਦਾ ਤਾਂ ਇਉ ਲਗਦਾ ਜਿਵੇਂ ਉਹਨੂੰ ਗੁਰਦੁਆਰੇ ਦੇ ਪਾਠੀ ਨਾਲੋਂ ਵੀ ਜ਼ਿਆਦਾ ਗਿਆਨ ਹੋਵੇ। ਉਹ ਮਹਾਂਭਾਰਤ ਤੇ ਰਾਮਾਇਣ ਦੇ ਹਵਾਲਿਆਂ ਸਮੇਤ ਗੁਰਬਾਣੀ ਦੀਆਂ ਤੁਕਾਂ ਦੀ ਵਿਆਖਿਆ ਕਰਕੇ ਸੁਣਨ ਵਾਲੇ ਨੂੰ ਭਰਮਾ ਲੈਂਦਾ। ਮੈਨੂੰ ਕੋਲ ਖੜ੍ਹੇ ਨੂੰ ਅਕਸਰ ਕਹਿੰਦਾ, 'ਗੁੱਡ, ਕਲੀ ਦੀ ਚਿਲਮ 'ਚ ਅੱਗ ਧਰ ਦੇ।'

ਉਹਦੇ ਬਾਰੇ ਘਰ 'ਚ ਗੱਲ ਤੁਰਦੀ ਤਾਂ ਭਾਈਆ ਦਬਾਸਟ ਕਹਿੰਦਾ, 'ਐਮੀਂ ਮਾਮਾ ਅਗੰਮ ਦੀਆਂ ਗੱਲਾਂ ਮਾਰਦਾ ਰਹਿੰਦਾ। ਅਈਦਾਂ ਬਾਂਨ੍ਹ ਬੰਨ੍ਹ ਲਈਂਦਾ ਜਿੱਦਾਂ ਰੱਬ ਨੂੰ ਹੁਣੇ ਹੀ ਮਿਲ ਕੇ



ਆਇਆ ਹੋਵੇ। ਕੋਈ ਪੁੱਛਣ ਆਲਾ ਹੋਵੇ ਪਈ ਭਲਿਆ ਮਾਣਸਾ ਅੱਜ ਤਾਈਂ ਰੱਬ ਕਿਸੇ ਨੇ ਦੇਖਿਆ ਬੀ ਆ?' ਇਸ ਨਵੇਂ ਸਵਾਲ ਨਾਲ ਕਦੀ ਮੈਨੂੰ ਮੱਸਾ ਸੱਚਾ ਲਗਦਾ ਤੇ ਕਦੀ ਭਾਈਆ। ਮੈਨੂੰ ਖ਼ਿਆਲ ਆਉਂਦਾ, 'ਕੀ ਸੱਚ-ਮੁੱਚ ਪਾਠ ਨਾਲ ਪਸ਼ੂ ਛੇਤੀ ਮਰ ਜਾਂਦਾ ਹੋਵੇਗਾ! ਕੀ ਉਹ ਪਾਠ ਦੀ ਪੰਜਾਬੀ ਜਾਂ ਹਿੰਦੀ ਸਮਝਦਾ ਹੋਵੇਗਾ?' ਗਤੀ ਬਾਰੇ ਤੇਜ਼ ਗਤੀ ਨਾਲ ਫੁਰਨੇ ਫੁਰਦੇ ਪਰ ਜਲੇਬੀ ਚੱਕਰ ਵਾਂਗ ਦੋਹਾਂ ਦੇ ਭੇਤ ਦੀ ਹਾਥ ਨਾ ਲਗਦੀ ਕਿ ਕਿੱਥੋਂ ਸ਼ੁਰੂ ਹੁੰਦੇ ਤੇ ਕਿੱਥੇ ਮੁੱਕਦੇ ਹਨ। ਮੇਰੀਆਂ ਸੋਚਾਂ ਦੂਰ ਕਿਸੇ ਦਿਸਹੱਦੇ ਉਤੇ ਜਾਂਦੀਆਂ ਤੇ ਓਸੇ ਵੇਲੇ ਸੱਖਣੀਆਂ ਪਰਤ ਆਉਂਦੀਆਂ। ਮੈਨੂੰ ਲਗਦਾ ਕਿ ਦਿਨੇ ਹੀ ਨ੍ਹੇਰਾ ਪਸਰ ਗਿਆ ਹੈ।

'ਹਰੇਕ ਨਿਆਣਾ-ਸਿਆਣਾ ਖੇਤਾਂ 'ਚ ਜਾ ਕੇ ਪੀਪਾ ਪਰਾਤ ਖੜਕਾਵੇ, ਸਿਲ੍ਹਾ ਆ ਰਹੀ ਆ, ਜੁਆਰ (ਮੱਕੀ) ਦੀ ਫ਼ਸਲ ਬਚਾਓ ਬਈਓ।' ਜਾਗਰ ਚੌਕੀਦਾਰ ਦੇ ਹੋਕੇ ਨਾਲ ਲੁਆਲਾ ਲੱਗਣ ਵੇਲੇ ਮੇਰੀ ਅੱਖ ਖੁੱਲ੍ਹੀ ਤੇ ਮੈਂ ਨੱਸ ਕੇ ਬੂਹਿਓਂ ਬਾਹਰ ਚਲਾ ਗਿਆ। ਉਸ ਨੇ ਪੁਰਾਣੇ ਟੁੱਟੇ ਹੋਏ ਜੰਗਾਲ ਖਾਧੇ ਨਸਵਾਰੀ ਰੰਗ 'ਚ ਬਦਲ ਚੁੱਕੇ ਪੀਪੇ ਉਤੇ ਤੂਤ ਦੀ ਛਿਟੀ ਮਾਰ-ਮਾਰ ਉਹਨੂੰ ਚਿੱਬਾ ਜਿਹਾ ਕਰ ਦਿੱਤਾ ਸੀ। ਉਹ ਡੌਂਡੀ ਪਿੱਟਦਾ ਕਾਹਲੀ-ਕਾਹਲੀ ਪਿੰਡ ਦੀ ਗਭਲੀ ਗਲੀ ਵਿਚ ਚਲਾ ਗਿਆ ਸੀ ਪਰ ਉਹਦੇ ਉਚੇ ਬੋਲ, 'ਜੁਆਰ ਦੀ ਫ਼ਸਲ ਬਚਾਓ ਬਈਓ' ਅਜੇ ਵੀ ਸੁਣ ਰਹੇ ਸਨ। ਉਦੋਂ ਮੈਂ ਦੂਜੀ ਜਮਾਤ (1963) ਵਿਚ ਹੋ ਗਿਆ ਸੀ।

ਲੋਕਾਂ ਦੀਆਂ ਹੇੜਾਂ ਵਾਹੋਦਾਹੀ ਖੇਤਾਂ ਵੱਲ ਦੌੜਦੀਆਂ ਜਾ ਰਹੀਆਂ ਸਨ। ਅਸੀਂ ਵੀ, ਯਾਨੀ ਭਾਈਆ, ਵੱਡਾ ਭਰਾ ਤੇ ਮੈਂ ਜਿਸ ਦੇ ਜੋ ਹੱਥ ਆਇਆ, ਲੈ ਕੇ, ਫਿਰਨੀ ਦੇ ਨਾਲ ਲਗਦੇ 'ਅੱਲਬਲੱਲਿਆਂ' ਦੇ ਖੇਤ ਵਿਚ ਜਾ ਕੇ ਪੀਪਾ, ਪਰਾਤ ਤੇ ਥਾਲ ਜਿੱਡੀ ਕਹੇਂ ਦੀ ਥਾਲੀ ਖੜਕਾਉਣ ਲੱਗ ਪਏ। ਅਸੀਂ ਉਨ੍ਹਾਂ ਦੇ ਖੇਤ ਵਿਚ ਆਪਣੇ ਪਸ਼ੂਆਂ ਦਾ ਢੇਰ (ਗੋਹਾ-ਕੂੜਾ) ਪਾ ਕੇ ਅੱਧ ਉਤੇ ਮੱਕੀ ਬੀਜੀ ਹੋਈ ਸੀ। ਮੱਕੀ ਦੇ ਕਈ ਬੂਟੇ ਮੇਰੀ ਗਿੱਠ-ਗਿੱਠ ਜਿੱਡੇ ਸਨ ਤੇ ਕਈ ਵੱਡੇ। ਐਨ੍ਹ ਹਰੇ ਕਚੂਰ, ਨਰਮ-ਨਰਮ। ਅਸੀਂ ਥੋੜ੍ਹੇ ਜਿਹੇ ਖੇਤ ਦੀ ਇਕ ਦਿਨ ਪਹਿਲਾਂ ਗੋਡੀ ਕੀਤੀ ਸੀ।

ਜਿਥੇ ਤਕ ਆਸੇ-ਪਾਸੇ ਤੇ ਉਤਾਂਹ ਨੂੰ ਨਜ਼ਰ ਜਾਂਦੀ, ਸਿਲ੍ਹਾ (ਟਿੱਡੀ ਦਲ) ਦਾ ਅਮੁੱਕ ਕਾਫ਼ਲਾ ਪਿੰਡ ਦੇ ਦੱਖਣ ਤੋਂ ਪਹਾੜ ਵੱਲ ਨੂੰ ਉਡਦਾ ਜਾ ਰਿਹਾ ਸੀ। ਥੋੜ੍ਹਾ ਕੁ ਚਿਰ ਪਹਿਲਾਂ ਨਿਕਲੇ ਸੂਰਜ ਦੀਆਂ ਕਿਰਨਾਂ ਇਸ ਸੰਘਣੇ ਉਡਦੇ ਟਿੱਡੀ ਦਲ ਥਾਣੀਂ ਛਣ ਹੋ ਕੇ ਆ ਰਹੀਆਂ ਸਨ। ਜਿੱਥੇ-ਜਿੱਥੇ ਇਸ ਕਾਫ਼ਲੇ ਦਾ ਉਤਾਰਾ ਹੁੰਦਾ ਮੱਕੀ, ਚਰ੍ਹੀ, ਬਾਜਰੇ, ਟਾਹਲੀਆਂ ਦੇ ਪੱਤਿਆਂ ਨੂੰ ਖਾ ਜਾਂਦਾ। ਟਿੱਡੀ ਦਲ ਬਹਿੰਦਾ ਹੀ ਚੌਲਾਂ ਦੇ ਦਾਣਿਆਂ ਵਰਗੇ ਚਿੱਟੇ-ਲੰਮੇ ਆਂਡੇ ਦੇ ਦਿੰਦਾ। ਇਨ੍ਹਾਂ ਤੋਂ ਉਠਦੀ ਬੂ ਨਾਲ ਖਾਲੀ ਪੇਟ ਵੀ ਉਲਟੀ ਆਉਣ ਨੂੰ ਕਰਦੀ ਤੇ ਆਂਡੇ ਦੇਖ-ਦੇਖ ਅਤੇ ਉਨ੍ਹਾਂ ਉਤੇ ਪੈਰ ਰੱਖ ਹੋਣ ਨਾਲ ਕਾਣਤ ਜਿਹੀ ਆਉਂਦੀ।

'ਤਈਨੂੰ ਮੈਂ ਤਾਅਨਾਂ ਕਢਾਉਂਦਾਂ ਮਾਮਾ ਹੀਰ ਦਿਆ!' ਭਾਈਏ ਨੇ ਦੂਰੋਂ ਹੀ ਆਪਣੇ ਮੂੰਹ ਮੋਹਰਿਉਂ ਸੱਜੇ ਹੱਥ ਨਾਲ ਸਿਲ੍ਹਾ ਹਟਾਉਂਦਿਆਂ ਕਿਹਾ। ਹੁਣ ਮੈਂ ਥਾਲੀ ਉਤੇ ਇਕ ਟਾਹਣੀ ਦਾ ਬਣਾਇਆ ਡਗਾ ਹੋਰ ਉੱਚੀ ਤੇ ਫੁਰਤੀ ਨਾਲ ਮਾਰਨ ਲੱਗ ਪਿਆ ਸੀ। ਨਾਲ ਹੀ ਮੈਨੂੰ ਖ਼ਿਆਲ ਆਇਆ, 'ਸਿਲ੍ਹਾ ਏਨੀ ਰਫ਼ਤਾਰ ਨਾਲ ਉੜਦੀ ਜਾਂਦੀ ਆ ਤੇ ਜਾਗਰ ਚੌਕੀਦਾਰ ਨੂੰ ਏਨਾ ਪਾਈਲਾਂ ਕਿੱਦਾਂ ਪਤਾ ਲੱਗ ਗਿਆ?'

ਸੂਰਜ ਹੁਣ ਕਾਫ਼ੀ ਉਤੇ ਨੂੰ ਆ ਗਿਆ ਸੀ। ਕਾਫ਼ਲੇ ਨਾਲੋਂ ਖੁੰਝੀ ਟਾਵੀਂ ਟਿੱਡੀ ਪਿੱਛੇ ਰਹਿ ਗਈ ਸੀ ਜਿਸ ਨੂੰ ਅਸੀਂ ਹੁਸ਼ਿਆਰੀ ਨਾਲ ਮਾਰ ਦਿੰਦੇ। ਏਨੀਆਂ ਕੀੜੀਆਂ ਵੀ ਪਤਾ ਨਹੀਂ ਕਿੱਥੋਂ ਆ ਗਈਆਂ ਜੋ ਟਿੱਡੀ ਦਲ ਦੀਆਂ ਲਾਸ਼ਾਂ ਨੂੰ ਖਾਣ ਤੇ ਧੂਹਣ ਲੱਗ ਪਈਆਂ। ਇਸ ਟਿੱਡੀ ਦਲ ਦੇ ਪਰ ਮੈਨੂੰ ਆਦਮਪੁਰ ਹਵਾਈ ਅੱਡੇ ਤੋਂ ਉਡਦੇ ਹਵਾਈ ਜਹਾਜ਼ਾਂ ਵਰਗੇ ਲਗਦੇ। ਪੀਲੇ ਰੰਗ

ਦੀਆਂ ਇਨ੍ਹਾਂ ਟਿੱਡੀਆਂ ਦੇ ਲੰਬੂਤਰੇ ਢਿੱਡ ਉਤੇ ਥੋੜ੍ਹੀ ਥੋੜ੍ਹੀ ਵਿੱਥ ਉਤੇ ਕਾਲੀਆਂ ਧਾਰੀਆਂ ਸਨ ਜੋ ਬਹੁਤ ਖ਼ੂਬਸੂਰਤ ਲਗਦੀਆਂ ਸਨ।

'ਰਬ ਦਾ ਸ਼ੁਕਰ ਆ ਪਈ ਬਹੁਤਾ ਨੁਕਸਾਨ ਨਈਂ ਹੋਇਆ।' ਕਿਸੇ ਨੇ ਕਿਹਾ।

'ਅਫ਼ਰੀਨ ਆ ਬਈ ਜਾਗਰ ਦੇ, ਜਿਹਲਾਂ ਈ ਠਾਣਿਓਂ ਚਪਾਹੀ ਅਤਲਾਹ ਦੇਣ ਆਇਆ, ਓਹਅਲਾਂ ਈ ਉਹ ਡੌਂਡੀ ਪਿੱਟਣ ਡੇਹ ਪਿਆ।' ਤਾਏ ਨੇ ਦੱਸਿਆ।

'ਦੱਸਦੇ ਆ ਠਾਣੇ ਬੈਰਲਸ ਆਈ ਸੀ ਜਲੰਧਰੋਂ।'

'ਹਮਲਿਆਂ ਤੋਂ ਬਾਅਦ (1950 ਵਿਚ) ਜਦੋਂ ਸਿਲ੍ਹਾ ਆਈ ਸੀ ਉਦੋਂ ਤਾਂ ਦਰੱਖਤਾਂ ਦੇ ਪੱਤੇ ਬੀ ਚੱਟ ਗਈ ਸੀ – ਐਨ੍ਹ ਢੂੰਡ ਕਰਤੇ ਸੀ ਤੇ ਆਹ ਜੁਆਰਾਂ ਉਹਦੇ ਮੋਹਰੇ ਕੀ ਸਿਗੀਆਂ, ਦੱਸਦੇ ਆ, ਕਈ ਥਾਂਮਾਂ 'ਤੇ ਤਾਂ ਗੱਡੀਆਂ ਰੁਕ ਗਈਆਂ ਸੀ।' ਭਾਈਏ ਨੇ ਇਕ ਲੜੀ ਜੋੜਨ ਦੀ ਕੋਸ਼ਿਸ਼ ਕੀਤੀ। ਮੈਂ ਕੋਲ ਖੜ੍ਹਾ ਉਨ੍ਹਾਂ ਸਾਰਿਆਂ ਦੇ ਬੇਰੌਣਕ ਜਿਹੇ ਮੂੰਹਾਂ ਵੱਲ ਦੇਖ ਰਿਹਾ ਸੀ। ਪਰ ਭਾਈਏ ਹੁਰੀਂ ਗੱਲਾਂ ਕਰਦੇ ਕਰਦੇ ਘਰਾਂ ਵੱਲ ਨੂੰ ਤੁਰਨ ਲਈ ਮੂੰਹ ਕਰ ਲਏ ਸਨ।

'ਆਈਂ ਮੇਰਾ ਪੁੱਤ, ਹਾਅ ਟਾਹਲੀ ਦੀਆਂ ਛਿੰਗਾਂ ਚੁਗ ਲਿਆ। ਧੂੰਈਂ ਲਾਈਏ।' ਤਾਏ ਬੰਤੇ ਨੇ ਵਿਚੇ ਗੱਲ ਟੋਕ ਕੇ ਮੈਨੂੰ ਸੈਨਤ ਮਾਰਦਿਆਂ ਆਖਿਆ। ਮੈਂ ਸੋਚਿਆ, 'ਤਾਏ ਨੇ ਆਪਣੀ ਜੇਬ ਵਿਚਲੀ ਧੁਤਰੂ ਵਰਗੀ ਸੁਲਫ਼ੀ ਵਿਚ ਅੱਗ ਬਣਾ ਕੇ ਪਾਉਣੀ ਹੋਣੀ ਆ।'

ਮੈਂ ਤੇ ਤਾਏ ਬੰਤੇ ਦਾ ਖ਼ੁਸ਼ੀਆ ਨਿੱਕੀਆਂ ਸੁੱਕੀਆਂ ਟਾਹਣੀਆਂ ਇਕੱਠੀਆਂ ਕਰ ਲਿਆਏ। ਏਨੇ ਨੂੰ ਰਾਹ ਵਿਚੋਂ ਤਾਏ ਨੇ ਘਾਹ-ਫੂਸ ਹੂੰਝ ਲਿਆ ਸੀ ਜਿਸ ਉਤੇ ਸਾਡਾ ਲਿਆਂਦਾ ਬਾਲਣ ਰਖ ਕੇ ਓਹਨੇ ਤੀਲੀ ਨਾਲ ਅੱਗ ਲਾ ਦਿੱਤੀ। ਜਦੋਂ ਲੰਬ ਮੱਠੀ ਹੋਈ ਤਾਂ ਉਹਨੇ ਆਪਣੇ ਪਰਨੇ ਦੇ ਲੜ ਬੱਧੀ ਗੰਢ ਨੂੰ ਖੋਲ੍ਹਿਆ। ਇਹ ਮਰੀ ਹੋਈ ਸਿਲ੍ਹਾ ਸੀ। ਉਸ ਨੇ ਇਸ ਨੂੰ ਅੱਗ ਉਤੇ ਸੁੱਟਿਆ। ਫਿਰ ਹੱਥ 'ਚ ਫੜੀ ਟਾਹਣੀ ਨਾਲ ਹਿਲਾਇਆ ਤੇ ਕਿਹਾ, 'ਚੱਬ ਲਓ, ਹੋਲਾਂ ਬਣ ਗਈਆਂ।'

ਇਹ ਸੁਣ ਕੇ ਮੈਂ ਤਾਏ ਦੇ ਮੂੰਹ ਵੱਲ ਦੇਖਦਾ ਹੀ ਰਹਿ ਗਿਆ।

ਤਾਏ ਨੇ ਭੁੰਨੀ ਹੋਈ ਇਕ ਟਿੱਡੀ ਆਪ ਮੂੰਹ 'ਚ ਪਾ ਕੇ ਇਕ ਮੈਨੂੰ ਫੜਾਉਂਦਿਆਂ ਆਖਿਆ, 'ਚੱਬ ਜਾ ਚੱਬ, ਇਹਦੇ 'ਚ ਕਿਹੜੀਆਂ ਹੱਡੀਆਂ!' ਨਿੱਕੇ ਜਿਹੇ ਹਾਸੇ ਦੌਰਾਨ ਉਸ ਨੇ ਫਿਰ ਕਿਹਾ, 'ਆਪਾਂ ਤਾਂ ਬਥੇਰੇ ਹੱਡ ਚਰੂੰਡਦੇ ਰਏ੍ਹ ਆਂ, ਆਅ।'

ਮੈਂ ਝਿਜਕਦੇ ਨੇ ਖਿੱਲ ਹੋਈ ਟਿੱਡੀ ਖਾ ਲਈ। ਬੜੀ ਸਲੂਣੀ ਤੇ ਸੁਆਦ ਲੱਗੀ। ਫਿਰ ਮੈਂ ਆਪ ਹੀ ਅੱਗ ਫ਼ਰੋਲ ਕੇ ਟਿੱਡੀ-ਹੋਲਾਂ ਖਾਣ ਲੱਗ ਪਿਆ। ਖ਼ੁਸ਼ੀਏ ਦੇ ਹੱਥ ਤੇ ਮੂੰਹ ਕਾਫ਼ੀ ਤੇਜ਼ ਹਰਕਤ ਵਿਚ ਸਨ।

ਮੇਰੇ ਟਿੱਡੀ ਖਾਣ ਦੀ ਘਟਨਾ ਸਕੂਲ 'ਚ ਅਫ਼ਵਾਹ ਵਾਂਗ ਫ਼ੈਲ ਗਈ ਤੇ ਨਿਆਣੇ ਮੈਨੂੰ, 'ਟਿੱਡੀ ਖਾਣਾ-ਟਿੱਡੀ ਖਾਣਾ' ਜਾਂ 'ਟਿੱਡੀ ਖਾਣਾ ਸੱਪ' ਕਹਿ ਕੇ ਚੜ੍ਹਾਉਂਦੇ। ਸੱਪ ਸ਼ਬਦ ਉਨ੍ਹਾਂ ਮੇਰੇ ਕਾਲੇ-ਲਾਖੇ ਰੰਗ ਸਦਕਾ ਜੋੜ ਲਿਆ ਸੀ। ਮੈਂ ਇਸ ਨਮੋਸ਼ੀ ਦੇ ਭਾਰ ਥੱਲੇ ਲਗਾਤਾਰ ਦੱਬਦਾ ਜਾ ਰਿਹਾ ਸੀ ਜਿਸ ਹੇਠੋਂ ਯਤਨ ਕਰਨ 'ਤੇ ਵੀ ਮੈਥੋਂ ਨਿਕਲ ਨਾ ਹੁੰਦਾ। ਕਦੀ ਆਪਣੀ ਟਿੱਡੀ ਹੋਲਾਂ ਖਾਣ ਦੀ ਘਟਨਾ ਘਿਨਾਉਣੀ ਤੇ ਕਦੀ ਸਹਿਜ ਜਾਪਦੀ। ਮਨ 'ਚ ਦਲੀਲ ਉਠਦੀ, 'ਦੀਵਾਲੀ-ਦਸਿਹਰੇ ਨੂੰ ਸਾਰਿਆਂ ਦੇ ਘਰੀਂ ਬੱਕਰੇ ਦਾ ਮਾਸ ਰਿੱਝਦਾ ਉਨ੍ਹਾਂ ਨੂੰ ਤਾਂ ਕੋਈ ਕੁਝ ਨਹੀਂ ਕਹਿੰਦਾ ਪਰ ਪੰਜਾਂ-ਸੱਤਾਂ ਦਿਨਾਂ ਵਿਚ ਹੀ ਇਹ ਸੰਬੋਧਨ ਟਿੱਡੀ ਦਲ ਵਾਂਗ ਕਿਤੇ ਦੂਰ ਉਡ ਗਿਆ ਸੀ। ... ਤੇ ਮੇਰਾ ਮਨ ਇਸ ਸੂਖਮ ਅਸਹਿ ਬੋਝ ਤੋਂ ਮੁਕਤ ਹੋ ਗਿਆ। ਮੈਂ ਫਿਰ ਹਵਾ 'ਚ ਉਡਦੀਆਂ ਤਿਤਲੀਆਂ ਤੇ ਰਾਤਾਂ ਨੂੰ ਟਟਿਹਣਿਆਂ ਪਿੱਛੇ ਦੌੜਨ ਲੱਗ ਪਿਆ ਸੀ। ○○

[ਈਸਟ ਬਲਾਕ-4, ਲੈਵਲ-7, ਆਰ. ਕੇ. ਪੁਰਮ, ਨਵੀਂ ਦਿੱਲੀ-110 066]



# ਜੋਗਿੰਦਰ ਸਿੰਘ ਰਾਹੀ ਦਾ ਨਾਵਲ-ਚਿੰਤਨ

ਟੀ. ਆਰ. ਵਿਨੋਦ

ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੇ ਅੰਤ ਤਕ ਪੰਜਾਬੀ ਵਿਚ ਨਾਵਲ ਦੀ ਸਿਧਾਂਤਕ ਅਤੇ ਵਿਹਾਰਕ ਆਲੋਚਨਾ ਨਾਵਲ ਦੇ ਤੱਤਾਂ ਦੇ ਨਿਖੇੜ ਉਤੇ ਕੇਂਦਰਿਤ ਸੀ। ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' (1932) ਦੇ ਮੁਖ ਬੰਧ ਵਿਚ ਪ੍ਰਿੰਸੀਪਲ ਤੇਜਾ ਸਿੰਘ ਨੇ ਨਾਵਲ-ਆਲੋਚਨਾ ਦੀ ਇਸੇ ਵਿਧੀ ਦੀ ਵਰਤੋਂ ਕੀਤੀ ਹੈ। ਉਹ 'ਚਿੱਟਾ ਲਹੂ' ਦੇ ਵਿਸ਼ੇ-ਵਸਤੂ, ਕਹਾਣੀ, ਪਲਾਟ, ਪਾਤਰ-ਉਸਾਰੀ ਵਰਗੇ ਤੱਤਾਂ ਦਾ ਵੱਖਰੇ ਵੱਖਰੇ ਤੌਰ 'ਤੇ ਵਰਨਣ ਕਰਦਾ ਹੈ। ਪਿੱਛੋਂ ਜਦੋਂ ਗੋਪਾਲ ਸਿੰਘ ਦਰਦੀ ਦੀ 'ਸਾਹਿਤ ਦੀ ਪਰਖ', ਕਿਰਪਾਲ ਸਿੰਘ ਕਸੇਲ ਅਤੇ ਪਰਮਿੰਦਰ ਸਿੰਘ ਦੀ 'ਸਾਹਿਤ ਦੇ ਰੂਪ', ਗੁਰਚਰਨ ਸਿੰਘ ਦੀ 'ਪੰਜਾਬੀ ਗਲਪਕਾਰ' ਅਤੇ ਪ੍ਰਿਤਪਾਲ ਸਿੰਘ ਦੀ 'ਨਾਵਲ ਦੀ ਪਰਖ' ਵਰਗੀਆਂ ਕਿਤਾਬਾਂ ਛਪੀਆਂ ਤਾਂ ਉਨ੍ਹਾਂ ਵਿਚ ਵੀ ਨਾਵਲ ਦੇ ਵਿਭਿੰਨ ਤੱਤਾਂ ਦਾ ਵੱਖਰੇ ਵੱਖਰੇ ਤੌਰ 'ਤੇ ਵਰਨਣ-ਵਿਸ਼ਲੇਸ਼ਣ ਕੀਤਾ ਗਿਆ। 'ਸਾਹਿਤ ਸਮਾਚਾਰ' ਦੇ ਨਾਨਕ ਸਿੰਘ ਅੰਕ, ਜਸਵੰਤ ਸਿੰਘ ਕੰਵਲ ਅੰਕ ਅਤੇ ਸੰਤ ਸਿੰਘ ਸੇਖੋਂ ਅੰਕ ਵਿਚ ਵੀ ਬਹੁਤੇ ਆਲੋਚਕਾਂ ਨੇ ਇਸ ਆਲੋਚਨਾ-ਪ੍ਰਣਾਲੀ ਨੂੰ ਅਪਣਾਇਆ ਹੈ।

ਇਨ੍ਹਾਂ ਆਲੋਚਕਾਂ ਵੱਲੋਂ ਨਾਵਲ ਦੇ ਮੁਖ ਤੱਤ ਗਿਣਵਾਏ ਗਏ ਹਨ : ਵਿਸ਼ਾ-ਵਸਤੂ, ਕਹਾਣੀ, ਪਲਾਟ, ਪਾਤਰ ਉਸਾਰੀ, ਦੇਸ਼-ਕਾਲ ਅਤੇ ਉਦੇਸ਼। ਕਿਸੇ ਕਿਸੇ ਨੇ ਕਹਾਣੀ ਅਤੇ ਪਲਾਟ ਨੂੰ ਇਕ ਤੱਤ ਮੰਨ ਕੇ ਇਸ ਵਿਉਂਤ ਵਿਚ ਛੇਵਾਂ ਤੱਤ-ਵਾਰਤਾਲਾਪ- ਜੋੜ ਲਿਆ। ਇਸ ਆਲੋਚਨਾ ਪ੍ਰਣਾਲੀ ਉਤੇ ਫੋਸਟਰ ਦੀ ਕਿਤਾਬ, 'ਆਸਪੈਕਟਸ ਆਫ ਦੀ ਨਾਵਲ' ਅਤੇ ਹਡਸਨ ਦੀ ਕਿਤਾਬ 'ਐਨ ਇੰਟਰੋਡਕਸ਼ਨ ਟੂ ਸਟਡੀ ਆਫ ਲਿਟਰੇਚਰ' ਦਾ ਅਸਰ ਪ੍ਰਤੱਖ ਨਜ਼ਰ ਆਉਂਦਾ ਹੈ। ਪ੍ਰਗਤੀਵਾਦੀ ਵਿਚਾਰਧਾਰਾ ਤੋਂ ਪ੍ਰਭਾਵਤ ਆਲੋਚਕਾਂ ਜਿਵੇਂ ਸੰਤ ਸਿੰਘ ਸੇਖੋਂ, ਗੁਰਚਰਨ ਸਿੰਘ ਅਤੇ ਕਿਰਪਾਲ ਸਿੰਘ ਕਸੇਲ ਆਦਿ ਦੀਆਂ ਲਿਖਤਾਂ ਵਿਚ ਵਿਸ਼ਾ-ਵਸਤੂ ਅਤੇ ਉਦੇਸ਼ ਦੇ ਤੱਤਾਂ ਉਪਰ ਜ਼ਿਆਦਾ ਬਲ ਦਿੱਤਾ ਗਿਆ ਹੈ। ਡਾ. ਜੋਗਿੰਦਰ ਸਿੰਘ ਰਾਹੀ ਨੇ ਆਪਣੀ ਕਿਤਾਬ 'ਸਮਾਂ ਤੇ ਸੰਵਾਦ' ਦੀ ਭੂਮਿਕਾ ਵਿਚ ਇਨ੍ਹਾਂ ਤੱਤਾਂ ਨੂੰ ਥੀਮ ਅਤੇ ਵਿਚਾਰਧਾਰਾ ਕਹਿੰਦਿਆਂ ਲਿਖਿਆ ਹੈ ਕਿ ਇਸ ਵਿਚ ''ਵਿਸ਼ਲੇਸ਼ਣ ਨਾਲੋਂ ਰਾਏ ਦੇਣ ਉਤੇ ਬਲ ਜ਼ਿਆਦਾ ਹੁੰਦਾ ਸੀ। ਮੈਨੂੰ ਇਹ ਨਾਕਾਫੀ ਮਹਿਸੂਸ ਹੁੰਦਾ ਸੀ। ਥੀਮ ਤੇ ਵਿਚਾਰਧਾਰਾ ਦੀ ਗੱਲ ਨਾਵਲ ਦੇ ਰੂਪ, ਬਣਤਰ ਤੇ ਪ੍ਰਤੀਕ-ਵਿਧਾਨ ਆਦਿ ਦੀ ਨਿਸਬਤ ਵਿਚ ਕਰਨੀ ਚਾਹੁੰਦਾ ਸਾਂ। ਇਸਦੇ ਨਾਲ ਹੀ ਰਚਨਾ ਦੇ ਸਾਹਿਤ-ਇਤਿਹਾਸਕ ਸੰਦਰਭ ਨੂੰ ਘੋਖਣ ਦਾ ਖ਼ਿਆਲ ਆਉਂਦਾ ਸੀ।'' (ਪੰਨਾ -7)

ਇਨ੍ਹਾਂ ਊਣਾਂ ਦੇ ਬਾਵਜੂਦ ਇਹ ਆਲੋਚਕ ਥੀਮ ਅਤੇ ਵਿਚਾਰਧਾਰਾ ਦੇ ਮਸਲਿਆਂ ਦੀ ਵਿਆਖਿਆ ਰਾਹੀਂ ਨਾਵਲ ਦੇ ਸਮਾਜ-ਸ਼ਾਸਤਰ ਦੀ ਉਸਾਰੀ ਵੱਲ ਰੁਚਿਤ ਸਨ ਅਤੇ ਇਹ ਸਮਾਜ-ਸ਼ਾਸਤਰ ਅਤੀਤ ਜਾਂ ਵਰਤਮਾਨ ਦੀ ਨਿਰਖ-ਪਰਖ ਤਕ ਹੀ ਮਹਿਦੂਦ ਨਹੀਂ ਸੀ, ਭਵਿੱਖ ਦਾ ਤਸੱਵਰ ਵੀ ਇਸ ਵਿਚ ਸਮਾਇਆ ਹੋਇਆ ਸੀ। ਪਿੱਛੋਂ ਜਦੋਂ ਸੱਤਵੇਂ ਦਹਾਕੇ ਵਿਚ ਪ੍ਰਯੋਗਵਾਦ ਅਤੇ ਆਧੁਨਿਕਵਾਦ ਦੀ ਗੱਲ ਪੰਜਾਬੀ ਆਲੋਚਨਾ ਦੀ ਦੁਨੀਆਂ ਵਿਚ ਹੋਣ ਲੱਗੀ ਤਾਂ ਅਕਾਦਮਿਕ ਹਲਕਿਆਂ ਵਿਚ ਇਸ ਆਲੋਚਨਾ ਨੂੰ ਰੁਮਾਂਟਿਕ-ਸੋਧਵਾਦੀ ਜਾਂ ਸਰਲਭਾਵੀ ਆਖ ਕੇ ਨਕਾਰਿਆ ਗਿਆ ਅਤੇ ਇਸ ਦੀ ਥਾਂ ਉਪਰ ਮਨੋ-ਵਿਸ਼ਲੇਸ਼ਣਵਾਦੀ ਅਤੇ ਅਸਤਿਤਵਵਾਦੀ ਆਲੋਚਨਾ ਪ੍ਰਣਾਲੀਆਂ ਦੀਆਂ ਵਿਅਕਤੀ-ਕੇਂਦਰਿਤ ਧਾਰਨਾਵਾਂ ਨੂੰ ਸਵੀਕਾਰਿਆ ਜਾਣ ਲੱਗ ਪਿਆ।

ਅੱਠਵੇਂ ਦਹਾਕੇ ਵਿਚ ਪੰਜਾਬੀ ਆਲੋਚਨਾ ਦੇ ਅਕਾਦਮਿਕ ਜਗਤ ਵਿਚ ਰੂਪਵਾਦੀ-ਸੰਰਚਨਾਵਾਦੀ ਆਲੋਚਨਾ ਪ੍ਰਣਾਲੀਆਂ ਦੇ ਪ੍ਰਵੇਸ਼ ਨਾਲ ਰੂਪ-ਕੇਂਦਰਿਤ ਸਾਹਿਤ-ਚਿੰਤਨ ਦਾ ਮੁੱਢ ਬੱਝਿਆ। ਇਸ ਨਾਲ

ਵਿਵਸਥਾ, ਵਿਅਕਤੀ ਅਤੇ ਦੋਹਾਂ ਦੇ ਸੰਬਾਦੀ ਸੰਬੰਧਾਂ ਵਿਚੋਂ ਉਪਜਣ ਵਾਲੇ ਮਸਲਿਆਂ ਬਾਰੇ ਚਿੰਤਨ ਨਜ਼ਰ ਅੰਦਾਜ਼ ਹੋ ਗਿਆ ਅਤੇ ਸਾਹਿਤ ਦੀ 'ਸਾਹਿਤਕਤਾ' 'ਸੁਤੰਤਰਤਾ' ਜਾਂ 'ਸੰਰਚਨਾ' ਦੇ ਨਾਂ 'ਤੇ ਸਾਹਿਤ-ਕਿਰਤ ਚਿੰਤਨ ਦਾ ਕੇਂਦਰ ਬਣ ਗਈ। ਹਰੇਕ ਕਿਰਤ ਨੂੰ ਇਕ ਖੁਦ-ਮੁਖਤਾਰ ਪ੍ਰਬੰਧ ਵਜੋਂ ਸਵੀਕਾਰ ਕਰਕੇ ਉਸ ਪ੍ਰਬੰਧ ਦੀਆਂ ਸਿਰਜਣ-ਜੁਗਤਾਂ ਦਾ ਅਧਿਐਨ-ਵਿਸ਼ਲੇਸ਼ਣ ਕੀਤਾ ਜਾਣ ਲੱਗਾ ਜਿਸ ਨਾਲ ਕਿਰਤ ਸਾਹਿਤ-ਇਤਿਹਾਸ ਤੇ ਸਮਾਜ-ਇਤਿਹਾਸ ਦੇ ਸਰੋਕਾਰਾਂ ਨਾਲੋਂ ਵਿਛੁੰਨੀ ਗਈ ਅਤੇ ਨਿਰੋਲ ਵਿਧੀਵਾਦੀ ਬਾਰੀਕੀਆਂ ਦਾ ਪ੍ਰਬੰਧ ਬਣ ਕੇ ਰਹਿ ਗਈ। ਰਚਨਾ ਦੇ ਅਧਿਐਨ ਵਿਸ਼ਲੇਸ਼ਣ ਵਿਚੋਂ ਲੇਖਕ ਅਤੇ ਪਾਠਕ ਦੇ ਵਿਅਕਤਿਤਵ ਗ਼ਾਇਬ ਹੋ ਗਏ, ਵਸਤੂ ਨੂੰ ਵੀ ਰੂਪ ਦਾ ਇਕ ਅੰਗ ਹੀ ਸਮਝ ਲਿਆ ਗਿਆ ਅਤੇ ਇਸ ਪ੍ਰਕਾਰ ਸਾਹਿਤ ਦੇ ਵਿਚਾਰਧਾਰਾਈ ਆਧਾਰਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ।

ਇਸ ਪ੍ਰਸੰਗ ਵਿਚ ਡਾ. ਜੋਗਿੰਦਰ ਸਿੰਘ ਰਾਹੀ ਦੇ ਨਾਵਲ-ਚਿੰਤਨ ਦੀ ਵਿਲੱਖਣਤਾ ਇਹ ਹੈ ਕਿ ਉਸਨੇ ਸਮਾਜ-ਕੇਂਦਰਿਤ, ਵਿਅਕਤੀ-ਕੇਂਦਰਿਤ ਜਾਂ ਰੂਪ-ਕੇਂਦਰਿਤ ਆਲੋਚਨਾ ਪ੍ਰਣਾਲੀਆਂ ਵਿਚੋਂ ਕਿਸੇ ਇਕਲੀ-ਇਕਹਿਰੀ ਆਲੋਚਨਾ ਪ੍ਰਣਾਲੀ ਦਾ ਅਨੁਕਰਣ ਨਹੀਂ ਕੀਤਾ ਸਗੋਂ ਉਹ ਇਨ੍ਹਾਂ ਪ੍ਰਣਾਲੀਆਂ ਵਿਚੋਂ ਮਿਲਦੀਆਂ ਅੰਤਰ-ਦ੍ਰਿਸ਼ਟੀਆਂ ਦੀ ਰੌਸ਼ਨੀ ਵਿਚ ਵਸਤੂ ਅਤੇ ਰੂਪ ਦੀ ਦਵੈਤ ਤੋਂ ਮੁਕਤ ਨਿਵੇਕਲੀ ਅਧਿਐਨ-ਪੱਧਤੀ ਦੀ ਉਸਾਰੀ ਵੱਲ ਰੁਚਿਤ ਹੋਇਆ। ਇਸ ਸੰਬੰਧ ਵਿਚ ਉਸਨੇ ਆਪਣੇ ਇਕ ਨਿਬੰਧ ''ਪੰਜਾਬੀ ਨਾਵਲ ਦੇ ਅਧਿਐਨ ਦੀਆਂ ਸਮੱਸਿਆਵਾਂ'' ਵਿਚ ਲਿਖਿਆ ਹੈ, ''ਸਮਝਣ ਦੀ ਦ੍ਰਿਸ਼ਟੀ ਤੋਂ ਪੈਗੰਬਰੀ ਪ੍ਰਵਚਨ ਸਹਾਈ ਨਹੀਂ ਹੋ ਸਕਦੇ। ਲੋੜ ਦਰਪੇਸ਼ ਮਸਲਿਆਂ ਬਾਰੇ ਜਿੰਨੇ ਵੀ ਮਹੱਤਵਪੂਰਨ ਦ੍ਰਿਸ਼ਟੀ-ਬਿੰਦੂ ਹੋ ਸਕਦੇ ਹਨ, ਉਨ੍ਹਾਂ ਦੇ ਤਨਾਉ-ਟਕਰਾਉ ਨੂੰ ਜਾਣਨ ਤੇ ਇਸ ਵਿਚੋਂ ਪੈਦਾ ਹੋਣ ਵਾਲੇ ਪਰਿਵਰਤਨ ਨੂੰ ਸਮਝਣ ਦੀ ਹੈ। ਇਹ ਬਿੰਦੂ ਕਿਸੇ ਇਕੋ ਵਿਅਕਤੀ ਦੇ ਵਿਅਕਤਿਤਵ ਵਿਚ ਵੀ ਹੋ ਸਕਦੇ ਹਨ ਤੇ ਵੱਖ ਵੱਖ ਵਿਅਕਤੀਆਂ ਦੇ ਆਪਸੀ ਵਿਰੋਧਾਂ ਵਿਚ ਵੀ। ਜਟਿਲ ਹਾਲਾਤਾਂ ਨੂੰ ਸਮਝਣ ਲਈ ਅਸੀਂ ਆਪਣੀ ਸੋਚ ਨੂੰ ਕਿਸੇ ਇਕ ਆਲੋਚਨਾਤਮਕ ਪਹੁੰਚ ਨਾਲ ਮਹਿਦੂਦ ਨਹੀਂ ਕਰ ਸਕਦੇ। ਅਮਰੀਕੀ ਆਲੋਚਨਾ ਦੇ ਵਿਰੋਧਭਾਸ, ਵਿਡੰਬਨਾ, ਬੁਣਤੀ, ਬਣਤਰ ਸੰਕੇਤ-ਭਾਸ਼ਾ ਤੇ ਤਨਾਉ ਵਰਗੇ ਸਿਧਾਂਤਾਂ ਤੋਂ ਲੈ ਕੇ ਸਾਨੂੰ ਬਹੁਤ ਕੁਝ ਰੂਸੀ ਰੂਪਵਾਦ, ਸੰਰਚਨਾਵਾਦ, ਚਿੰਤਨ-ਵਿਗਿਆਨ ਅਤੇ ਉੱਤਰ-ਆਧੁਨਿਕਵਾਦ ਦੇ ਬੁਨਿਆਦੀ ਮੁੱਦਿਆਂ ਤੋਂ ਸਿਖਣਾ ਪਵੇਗਾ।'' (ਸਮਾਂ ਤੇ ਸੰਵਾਦ, ਪੰਨਾ 205-6)

ਡਾਕਟਰ ਰਾਹੀ ਦੀ ਕਿਤਾਬ 'ਸਮਾਂ ਤੇ ਸੰਵਾਦ' ਦੇ ਮੁਖ ਬੰਧ ਤੋਂ ਪਤਾ ਲਗਦਾ ਹੈ ਕਿ ਉਸ ਨੇ ਆਪਣਾ ਪਹਿਲਾ ਲੇਖ ''ਰੇਤ ਛਲ : ਦੁਬਿਧਾ ਤੇ ਦੁਖਾਂਤ'' ਨਰਿੰਜਨ ਤਸਨੀਮ ਦੇ ਨਾਵਲ 'ਰੇਤ ਛਲ' ਬਾਰੇ 1969 ਵਿਚ ਲਿਖਿਆ ਸੀ। ਉਸਦਾ ਹੁਣ ਤਕ ਦਾ ਛਪਿਆ ਆਖਰੀ ਲੇਖ ''ਨਾਨਕ ਸਿੰਘ ਨੂੰ ਕਿਵੇਂ ਪੜ੍ਹੀਏ'' ਹੈ ਜੋ 1998 ਵਿਚ ਛਪਿਆ ਸੀ। ਇਉਂ ਉਸਦੇ ਆਲੋਚਨਾ-ਕਾਰਜ ਦੀ ਉਮਰ ਕੋਈ ਤੀਹ ਕੁ ਵਰ੍ਹੇ ਬਣਦੀ ਹੈ। ਇਸ ਅਰਸੇ ਦੌਰਾਨ ਜੋ ਕੁਝ ਵੀ ਉਸ ਨੇ ਲਿਖਿਆ ਹੈ ਉਸਦਾ ਬਹੁਤਾ ਹਿੱਸਾ ਉਸ ਦੀਆਂ ਤਿੰਨ ਕਿਤਾਬਾਂ ਪੰਜਾਬੀ ਨਾਵਲ (1978), ਮਸਲੇ ਗਲਪ ਦੇ (1992) ਅਤੇ ਸਮਾਂ ਤੇ ਸੰਵਾਦ (1998) ਵਿਚ ਸਾਂਭਿਆ ਜਾ ਚੁੱਕਾ ਹੈ। ਪਰ ਇਨ੍ਹਾਂ ਕਿਤਾਬਾਂ ਤੋਂ ਬਾਹਰ ਵੀ ਕਾਫੀ ਕੁਝ ਰਹਿ ਗਿਆ ਹੈ ਜੋ ਰਾਹੀ ਦੇ ਆਲੋਚਨਾ-ਕਾਰਜ ਦੇ ਸੁਭਾਵ ਅਤੇ ਵਿਕਾਸ ਨੂੰ ਜਾਣਨ-ਸਮਝਣ ਲਈ ਬਹੁਤ ਜ਼ਰੂਰੀ ਹੈ। ਮਿਸਾਲ ਵਜੋਂ ਇਨ੍ਹਾਂ ਕਿਤਾਬਾਂ ਵਿਚ ਰਾਹੀ ਦਾ ਲੇਖ ''ਪੰਜਾਬੀ ਨਾਵਲ ਦੀ ਸਥਿਤੀ- 1960 ਤਕ'' ਸੰਕਲਿਤ ਨਹੀਂ ਹੈ ਜੋ ਉਸਦੀ ਨਾਵਲੀ ਸੋਝੀ ਦਾ ਅਤੇ ਸ਼ਨਾਖਤ ਦਾ ਆਧਾਰ ਬਣਿਆ। 'ਸਮਾਂ ਤੇ ਸੰਵਾਦ' ਵਿਚ ਉਸਨੇ ''ਨਾਨਕ ਸਿੰਘ ਨੂੰ ਕਿਵੇਂ ਪੜ੍ਹੀਏ'' ਵੀ ਸ਼ਾਮਲ ਨਹੀਂ ਕੀਤਾ ਜੋ ਮੇਰੀ ਸਮਝ ਅਨੁਸਾਰ ਉਸਦੇ ਬਦਲਦੇ ਨਜ਼ਰੀਏ ਦਾ ਪ੍ਰਮਾਣਿਕ ਇਜ਼ਹਾਰ ਹੈ।

ਨਾਵਲ ਬਾਰੇ, ਪੰਜਾਬੀ ਨਾਵਲ ਬਾਰੇ ਅਤੇ ਪੰਜਾਬੀ ਨਾਵਲਕਾਰਾਂ ਬਾਰੇ ਡਾਕਟਰ ਰਾਹੀ ਵੱਲੋਂ



ਲਿਖੀ ਉਕਤ ਸਾਰੀ ਸਮੱਗਰੀ ਦਾ ਸਾਂਝਾ ਕੇਂਦਰੀ ਸਿੱਧਾਂਤ ਇਹ ਹੈ ''ਸਾਹਿਤ ਦੇ ਹੁਣ ਤਕ ਵਿਕਸਿਤ ਹੋਏ ਰੂਪਾਂ ਵਿਚੋਂ ਨਾਵਲ ਹੀ ਇਕ ਅਜਿਹਾ ਰੂਪ ਹੈ ਜੋ ਸਮੇਂ ਅਤੇ ਸਥਾਨ ਵਿਚੋਂ ਦੀ ਗੁਜ਼ਰਦੇ ਮਨੁੱਖ ਦੀ ਜ਼ਿੰਦਗੀ ਦੀਆਂ ਹਕੀਕਤਾਂ ਨਾਲ ਸਿੱਧਾ ਸਨਮੁਖ ਹੁੰਦਾ ਹੈ। ਨਾਵਲ ਦੀ ਵਿਧਾ ਇਨ੍ਹਾਂ ਹਕੀਕਤਾਂ ਦੇ ਸਿਰਜਨ ਨਾਲ ਸੰਬੰਧਤ ਕਲਾਤਮਕ ਰੀਤੀਆਂ ਦਾ ਸਮੂਹ ਹੈ।'' (ਸਮਾਂ ਤੇ ਸੰਵਾਦ, ਪੰਨੇ 205)। ਨਾਵਲ ਦੇ ਇਸ ਲੱਛਣ ਉਪਰ ਪੰਜਾਬੀ ਦੇ ਤਕਰੀਬਨ ਸਾਰੇ ਚਿੰਤਕਾਂ ਨੇ ਹੀ ਬਲ ਦਿੱਤਾ ਹੈ ਪਰ ਪੱਛਮ ਦੇ ਆਧੁਨਿਕ ਚਿੰਤਕਾਂ ਦੇ ਹਵਾਲੇ ਨਾਲ ਡਾਕਟਰ ਰਾਹੀ ਨੇ ਜਿਵੇਂ ਇਸ ਲੱਛਣ ਦੀ ਤਾਰਕਿਕ ਵਿਆਖਿਆ ਕੀਤੀ ਹੈ ਉਹ ਵਿਲੱਖਣ ਹੈ। ਇਹ ਵਿਆਖਿਆ ਉਸ ਦੀ ਵਿਹਾਰਕ ਆਲੋਚਨਾ ਵਿਚ ਵੀ ਸ਼ਾਮਿਲ ਹੈ ਪਰ ਸਿਧਾਂਤਕ ਰੂਪ ਵਿਚ ਇਹ ਉਸਦੇ ਨਿਬੰਧ ''ਨਾਵਲ ਦੀ ਵਿਧਾ'' ਵਿਚ ਆਪਣੀਆਂ ਅਨੇਕ ਸੰਭਾਵਨਾਵਾਂ ਸਮੇਤ ਪੇਸ਼ ਹੋਈ ਹੈ।

ਇਸ ਨਿਬੰਧ ਵਿਚ ਡਾਕਟਰ ਰਾਹੀ ਨੇ ਮਨੁੱਖ ਦੀ ਜ਼ਿੰਦਗੀ ਦੀਆਂ ਹਕੀਕਤਾਂ ਦੀ ਪਛਾਣ, ਵਿਡੰਬਨਾ ਦੇ ਸੰਕਲਪ ਰਾਹੀਂ ਨਿਸ਼ਚਿਤ ਕੀਤੀ ਹੈ। ਇਸ ਸੰਕਲਪ ਦੀ ਵਿਆਖਿਆ ਉਹ ਮਨੁੱਖ ਦੇ ਸੁਪਨੇ ਅਤੇ ਉਨ੍ਹਾਂ ਦੀ ਪੂਰਤੀ ਦੀ ਪ੍ਰਕਿਰਿਆ ਦੇ ਹਵਾਲੇ ਨਾਲ ਕਰਦਾ ਹੈ। ਉਸ ਅਨੁਸਾਰ ''ਸੁਪਨੇ ਲੈਣਾ ਤੇ ਜੀਊਣਾ ਮਨੁੱਖ ਦੇ ਮਨੁੱਖ ਹੋਣ ਦੀ ਪਛਾਣ ਹੈ ਪਰ ਇਨ੍ਹਾਂ ਦੀ ਤਕਮੀਲ ਜਿਵੇਂ ਉਹ ਚਾਹੁੰਦਾ ਤੇ ਕਲਪਦਾ ਹੈ, ਜ਼ਿੰਦਗੀ ਦੀ ਹਕੀਕਤ ਦਾ ਹਿੱਸਾ ਨਹੀਂ ਬਣਦੀ'' (ਮਸਲੇ ਗਲਪ ਦੇ, ਪੰਨਾ 20)। ਸੁਪਨੇ ਅਤੇ ਉਸਦੀ ਪੂਰਤੀ ਵਿਚਲਾ ਇਹ ਫਰਕ ਹੀ ਵਿਡੰਬਨਾ ਹੈ। ਸੁਪਨੇ ਲੈਣਾ ਮਨੁੱਖ ਛੱਡ ਨਹੀਂ ਸਕਦਾ, ਪਰ ਸੁਪਨਿਆਂ ਦੀ ਪੂਰਤੀ ਉਹਦੀ ਸਮਰੱਥਾ ਤੋਂ ਪਰ੍ਹਾਂ ਦੀ ਗੱਲ ਹੈ। ਕੋਈ ਨਾਵਲਕਾਰ ਜਦੋਂ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਇਸ ਰੂਪ ਵਿਚ ਚਿਤਵਦਾ ਅਤੇ ਚਿਤਰਦਾ ਹੈ ਅਰਥਾਤ ਜਦੋਂ ਉਹ ਮਨੁੱਖ ਨੂੰ ਸੁਪਨੇ ਬੁਣਦਾ, ਉਨ੍ਹਾਂ ਦੀ ਪੂਰਤੀ ਲਈ ਯਤਨ ਕਰਦਾ ਪਰ ਇਸ ਯਤਨ ਵਿਚ ਹਾਲਾਤ ਦੀ ਜ਼ਿਦ ਸਾਹਮਣੇ ਹਾਰਦਾ ਵਿਖਾਉਂਦਾ ਹੈ ਤਾਂ ਉਹ ਵਿਡੰਬਨਾ ਦੀ ਵਿਧਾ ਦੀ ਵਰਤੋਂ ਕਰ ਰਿਹਾ ਹੁੰਦਾ ਹੈ। ਇਉਂ ਵਿਡੰਬਨਾ ਸੁਪਨੇ ਤੋਂ ਸ਼ਿਕਸਤ ਤਕ ਦੇ ਸਫਰ ਦਾ ਬਿਰਤਾਂਤ ਹੈ ਜੋ ਬੰਦੇ ਦੇ ਸੰਘਰਸ਼ ਅਤੇ ਸਥਿਤੀਆਂ ਦੀ ਕਠੋਰਤਾ ਵਿਚਲੇ ਤਨਾਉ/ਟਕਰਾਉ ਦੇ ਯਥਾਰਥਕ ਵੇਰਵਿਆਂ ਵਿਚੋਂ ਦੀ ਗੁਜ਼ਰਦਾ ਹੈ। ਇਸ ਬਿਰਤਾਂਤ ਦੇ ਇਕ ਸਿਰੇ ਉਪਰ ਮਨੁੱਖ ਦਾ ਸੁਪਨਾ ਹੈ, ਦੂਸਰੇ ਉੱਪਰ ਸੁਪਨੇ ਦੀ ਹਾਰ, ਇਨ੍ਹਾਂ ਦੋਹਾਂ ਸਿਰਿਆਂ ਨੂੰ ਮੇਲਨ ਵਾਲਾ ਤੱਤ ਮਨੁੱਖ ਦਾ ਉਹ ਸੰਘਰਸ਼ ਹੈ ਜੋ ਉਹ ਆਪਣੀਆਂ ਇਤਿਹਾਸਕ ਸੀਮਾਵਾਂ ਅਨੁਸਾਰ ਵਿਰੋਧੀ ਹਾਲਤਾਂ ਵਿਰੁਧ ਕਰਦਾ ਹੈ, ਕਰਨ ਲਈ ਮਜਬੂਰ ਹੈ। ਸਿਸੀਫਸ ਦੀ ਮਿੱਥ ਮਨੁੱਖ ਦੀ ਇਸ ਹੋਣੀ ਦਾ ਹੀ ਇਜ਼ਹਾਰ ਹੈ ਜਿਸ ਅਨੁਸਾਰ ਸਿਸੀਫਸ ਨੂੰ ਪਹਾੜ ਉਪਰ ਪੱਥਰ ਲੈ ਜਾਣ ਦਾ ਅਟਲ ਸਰਾਪ ਮਿਲਿਆ ਹੋਇਆ ਹੈ। ਪੱਥਰ ਨੇ ਜਾਂ ਤਾਂ ਪਹਾੜ ਦੀ ਟੀਸੀ 'ਤੇ ਪਹੁੰਚਣਾ ਹੀ ਨਹੀਂ ਤੇ ਜਾਂ ਉਸਨੇ ਮੁੜ ਪੈਰਾਂ ਵਿਚ ਆ ਡਿੱਗਣਾ ਹੈ।

ਪਰ ਮਨੁੱਖ ਦੀ ਜ਼ਿੰਦਗੀ ਕੇਵਲ ਸਿਸੀਫਸ ਦੀ ਮਿੱਥ ਨਹੀਂ ਹੈ। ਇਹ ਰਾਬਰਟ ਬਰੂਸ ਦੀ ਵੀ ਮਿੱਥ ਹੈ। ਕਬੀਲਾ ਸਮਾਜ ਤੋਂ ਲੈਕੇ ਆਧੁਨਿਕ ਪੂੰਜੀਵਾਦੀ ਸਮਾਜ ਤਕ ਮਨੁੱਖ ਨੇ ਨਾਕਾਮੀਆਂ ਦੇ ਬਾਵਜੂਦ ਸਮੁੱਚੇ ਤੌਰ 'ਤੇ ਤਰੱਕੀ ਕੀਤੀ ਹੈ- ਅੰਦਰੋਂ ਵੀ ਅਤੇ ਬਾਹਰੋਂ ਵੀ, ਭਾਵੇਂ ਇਹ ਤਰੱਕੀ ਹਮੇਸ਼ਾ ਉਸਦੇ ਸੁਪਨਿਆਂ ਤੋਂ ਉਰਾਂ-ਪਰ੍ਹਾਂ ਰਹਿੰਦੀ ਰਹੀ ਹੈ। ਸਮਾਜਵਾਦ ਦੇ ਸੰਕਲਪ ਦੇ ਰੂਪ ਵਿਚ ਤਰੱਕੀ ਦੀ ਅਗਲੀ ਮੰਜ਼ਲ ਵੀ ਮਨੁੱਖ ਦੇ ਸਨਮੁਖ ਹੈ ਜਿਸ ਨੂੰ ਸਾਕਾਰ ਕਰਨ ਦੇ ਕੁਝ ਮੁੱਢਲੇ ਯਤਨਾਂ ਦਾ ਅਨੁਭਵ ਪਹਿਲੋਂ ਵੀ ਹੋ ਚੁੱਕਿਆ ਹੈ ਅਤੇ ਜਿਸ ਦੇ ਸਹੀ ਰੂਪ ਵਿਚ ਸਾਕਾਰ ਹੋਣ ਦੀਆਂ ਸੰਭਾਵਨਾਵਾਂ ਵਿਸ਼ਵ-ਵਿਆਪੀ ਨਵ-ਸਾਮਰਾਜਵਾਦੀ ਵਰਤਾਰੇ ਦੇ ਪਾਸਾਰ ਨਾਲ ਪਹਿਲਾਂ ਨਾਲੋਂ ਵੀ ਕਿਤੇ ਜ਼ਿਆਦਾ ਰੌਸ਼ਨ ਹੋ ਗਈਆਂ ਹਨ। ਪਰ ਸਾਮਰਾਜੀ ਵਿਵਸਥਾ ਦੇ ਹਾਮੀ ਖਾਂਦੇ-ਪੀਂਦੇ ਬੁੱਧੀਜੀਵੀ ਪ੍ਰਾਕ੍ਰਿਤਕਵਾਦੀ, ਅਸਤਿਤਵਾਦੀ ਜਾਂ ਸਨਕੀ ਸੰਸਕ੍ਰਿਤੀ ਦੇ ਇਤਿਹਾਸਕ ਵਿਕਾਸ ਦੇ ਤੱਥ ਨੂੰ ਸਵੀਕਾਰ ਕਰਨ ਵਾਸਤੇ ਤਿਆਰ ਨਹੀਂ।

ਇਹ ਲੇਖ ਮੌਰਿਸ ਜ਼ੈਡ ਸ਼ਰਾਡਰ ਅਤੇ ਨਾਰਥਰਾਪ ਫਰਾਈ ਵਰਗੇ ਆਧੁਨਿਕਵਾਦੀ (ਆਧੁਨਿਕ

ਨਹੀਂ) ਚਿੰਤਕਾਂ ਦੇ ਵਿਚਾਰਾਂ ਦੇ ਆਧਾਰ 'ਤੇ ਲਿਖਿਆ ਹੋਇਆ ਹੈ। ਇਨ੍ਹਾਂ ਚਿੰਤਕਾਂ ਨੂੰ 'ਪਿਛਾਂਹ ਪਰਤਣਾ' ਨਾ-ਮੁਮਕਿਨ ਲਗਦਾ ਹੈ; ਵਰਤਮਾਨ ਤੋਂ ਇਹ ਅਸੰਤੁਸ਼ਟ ਹਨ; ਭਵਿੱਖ ਵਿਚ ਇਨ੍ਹਾਂ ਦਾ ਭਰੋਸਾ ਨਹੀਂ। ਸਿੱਟੇ ਵਜੋਂ ਜੀਵਨ ਦੀ ਸਮੁੱਚੀ ਗਤੀ ਨੂੰ ਇਹ ਵਿਡੰਬਨਮਈ ਸਮਝਦੇ ਹਨ ਅਤੇ ਇਸ ਸਥਿਤੀ ਦੇ ਚਿਤਰਣ ਨੂੰ ਨਾਵਲ ਦਾ ਮੂਲ ਧਰਮ। ਇਨ੍ਹਾਂ ਲੇਖਕਾਂ ਦੇ ਚਿੰਤਨ ਦੀਆਂ ਖਾਮੀਆਂ ਦੀ ਤਨਕੀਦ ਲਈ ਮਾਰਕਸਵਾਦ ਵਿਚ ਪੱਕੇ ਭਰੋਸੇ ਦੇ ਨਾਲ ਨਾਲ ਇਸ ਦੀ ਦਰੁਸਤ ਸਮਝ ਦੀ ਵੀ ਜ਼ਰੂਰਤ ਹੈ ਜੋ ਡਾਕਟਰ ਰਾਹੀ ਨੂੰ ਪੁੱਗਦੀ ਨਹੀਂ। ਨਤੀਜੇ ਵਜੋਂ ਜਦੋਂ ਉਹ ਵਿਡੰਬਨਾ ਦੇ ਸੰਕਲਪ ਦੀ ਰੌਸ਼ਨੀ ਵਿਚ ਪੰਜਾਬੀ ਨਾਵਲ ਦੀ ਵਿਆਖਿਆ ਕਰਦਾ ਹੈ ਤਾਂ ਉਹ ਸੁਪਨੇ, ਸੰਘਰਸ਼ ਅਤੇ ਉਸਦੀ ਪੂਰਤੀ ਦੀਆਂ ਇਤਿਹਾਸਕ ਸੀਮਾਵਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਉਨ੍ਹਾਂ ਨੂੰ ਮਨੁੱਖ ਦੀ ਸਦੀਵੀ ਹੋਣੀ ਬਣਾ ਕੇ ਪੇਸ਼ ਕਰਨ ਦੀ ਗ਼ਲਤੀ ਕਰ ਜਾਂਦਾ ਹੈ। ਮਿਸਾਲ ਵਜੋਂ ਜਦੋਂ ਉਹ ਨਾਨਕ ਸਿੰਘ ਦੇ ਸੁਖਾਂਤ ਨਾਵਲਾਂ ਵਿਚਲੇ ਆਚਾਰਵਾਦ ਨੂੰ ਸਮੱਸਿਆਵਾਂ ਦੇ ਨਿਬੇੜੇ ਦਾ ਰੁਮਾਂਚਕ ਹੱਲ ਕਹਿੰਦਾ ਹੈ ਤਾਂ ਬਲ ਨਾਨਕ ਸਿੰਘ ਦੇ ਮਧਵਰਗੀ ਆਚਾਰਵਾਦ ਤੋਂ ਹਟ ਕੇ ਆਚਾਰਵਾਦ ਦੇ ਨਿਰਪੇਖ ਮਾਡਲ ਉਪਰ ਜਾ ਪੈਂਦਾ ਹੈ। ਇਸੇ ਤਰ੍ਹਾਂ ਭਾਈ ਵੀਰ ਸਿੰਘ ਦੇ ਨਾਵਲਾਂ ਵਿਚਲੀ ਸ਼ਹਾਦਤ ਜਾਂ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਦਾ ਪ੍ਰਗਤੀਵਾਦ ਵੀ ਇਤਿਹਾਸਕ ਤੌਰ 'ਤੇ ਸਾਰਥਕ ਚੇਤਨਾ ਤੋਂ ਪਛੜੀਆਂ ਹੋਂਦਾਂ ਹੋਣ ਕਰਕੇ ਭ੍ਰਾਂਤੀਮੂਲਕ ਹਨ, ਆਪਣੇ ਆਪ ਵਿਚ ਇਹ ਸੁੱਟ ਪਾਉਣ ਵਾਲੇ ਸੰਕਲਪ ਨਹੀਂ।

ਪਰੰਤੂ ਡਾਕਟਰ ਰਾਹੀ ਦੇ ਚਿੰਤਨ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਵਿਹਾਰਕ ਪੱਧਰ 'ਤੇ ਉਹ ਕੁਝ ਐਸੀਆਂ ਅੰਤਰ-ਦ੍ਰਿਸ਼ਟੀਆਂ ਦੀ ਸੂਹ ਦਿੰਦਾ ਹੈ ਜੋ ਸਾਡੇ ਉਕਤ ਮਤ ਦੀ ਪੁਸ਼ਟੀ ਕਰਦੀਆਂ ਹਨ। ਮਿਸਾਲ ਵਜੋਂ ਇਸੇ ਲੇਖ ਵਿਚ ਉਹ ਲਿਖਦਾ ਹੈ :

"ਹਕੀਕਤ ਦੀ ਸਤਹ ਉਤੇ ਰੂਹਾਨੀਅਤ ਤਨਾਉ ਤੋਂ ਮੁਕਤ ਨਹੀਂ ਹੋ ਸਕਦੀ ਤੇ ਵਾਸਤਵਿਕਤਾ ਟਕਰਾਉ ਤੋਂ। ਬੰਦੇ ਦੇ ਸੁਪਨੇ ਜਦੋਂ ਜ਼ਿੰਦਗੀ ਦੀਆਂ ਕਠੋਰ ਹਕੀਕਤਾਂ ਵਿਚ ਪੈਣਗੇ ਤਾਂ ਉਸ ਨੂੰ ਮਾਨਸਿਕ ਤਨਾਉ ਤੇ ਇਤਿਹਾਸਕ ਟਕਰਾਉ ਦੀਆਂ ਹਾਲਤਾਂ ਵਿਚ ਵਿਚਰਨਾ ਹੀ ਪਏਗਾ। ਜਿੰਨਾ ਵੱਡਾ ਸੁਪਨਾ, ਤਨਾਉ ਤੇ ਟਕਰਾਉ ਵੀ ਉਨੇ ਹੀ ਵੱਡੇ ਹੋਣਗੇ। ਇਤਿਹਾਸਕ ਕ੍ਰਾਂਤੀਆਂ ਜ਼ਰੂਰ ਸੁਪਨਿਆਂ ਦੀ ਪੂਰਤੀ ਦਾ ਪ੍ਰਭਾਵ ਦਿੰਦੀਆਂ ਹਨ ਪਰ ਸਮਾਂ ਪਾ ਕੇ ਸਮਾਜ ਦੀ ਜਾਤੀ ਅਤੇ ਜਮਾਤੀ ਬਣਤਰ ਉਨ੍ਹਾਂ ਵਿਚ ਨਵੇਂ ਅੰਤਰ-ਵਿਰੋਧ ਖੜ੍ਹੇ ਕਰ ਦਿੰਦੀ ਹੈ। ਇਨ੍ਹਾਂ ਅੰਤਰ-ਵਿਰੋਧਾਂ ਵਿਚੋਂ ਅੱਗੋਂ ਨਵੇਂ ਸੁਪਨੇ ਉਭਰਦੇ ਹਨ ਤੇ ਇਹ ਦਵੰਦਾਤਮਕਤਾ ਕਿਸੇ ਨਾ ਕਿਸੇ ਸ਼ਕਲ ਵਿਚ ਜਾਰੀ ਰਹਿੰਦੀ ਹੈ। ਇਤਿਹਾਸਕ ਸੰਦਰਭ ਵਿਚ ਸੁਪਨਿਆਂ ਦੀ ਪੂਰਤੀ ਹਮੇਸ਼ਾ ਕਲਪਨਾ ਨਾਲੋਂ ਛੁਟੇਰੀ ਨਿਕਲਦੀ ਹੈ। ਵਡੇਰੀ ਇਹ ਸਿਰਫ ਥੋੜ੍ਹੇ ਸਮੇਂ ਲਈ ਜਾਂ ਗੈਰ ਮਾਮੂਲੀ ਹਾਲਤਾਂ ਵਿਚ ਹੀ ਹੋ ਸਕਦੀ ਹੈ।" (ਮਸਲੇ ਗਲਪ ਦੇ, ਪੰਨਾ 19-20)

ਇਹ ਵਿਚਾਰ ਮਨੁੱਖ ਦੇ ਇਤਿਹਾਸਕ ਵਿਕਾਸ ਦਾ ਫੈਸਲਾ ਵਿਡੰਬਨਾ ਦੀ ਦ੍ਰਿਸ਼ਟੀ ਤੋਂ ਨਹੀਂ, ਦਵੰਦਾਤਕਤਾ ਦੀ ਦ੍ਰਿਸ਼ਟੀ ਤੋਂ ਕਰਦੇ ਹਨ। ਇਸ ਖਿਆਲ ਅਨੁਸਾਰ ਮਨੁੱਖ ਨੂੰ ਉਹ ਉਸੇ ਸ਼ਕਲ ਵਿਚ ਕਦੇ ਨਸੀਬ ਨਹੀਂ ਹੁੰਦਾ ਜੋ ਜਿਸ ਸ਼ਕਲ ਵਿਚ ਉਸਨੇ ਚਾਹਿਆ ਹੁੰਦਾ ਹੈ। ਪਰ ਇਸਦੇ ਬਾਵਜੂਦ ਉਸ ਦੀਆਂ ਪ੍ਰਾਪਤੀਆਂ ਬੜੀਆਂ ਗੌਰਵਮਈ ਹਨ। ਅਸੀਂ ਆਪਣੇ ਪੂਰਵਜਾਂ ਨਾਲੋਂ ਹਰ ਪਹਿਲ ਤੋਂ ਬਹੁਤ ਅੱਗੇ ਹਾਂ ਭਾਵੇਂ ਜੋ ਆਦਿਕਾਲ ਤੋਂ ਚਿਤਵਿਆ ਗਿਆ ਹੈ ਉਹਦੀ ਪੂਰਤੀ ਨਹੀਂ ਹੋ ਸਕੀ। ਇਸ ਤੋਂ ਇਲਾਵਾ ਸਾਡੀਆਂ ਪ੍ਰਾਪਤੀਆਂ ਨੇ ਸਾਨੂੰ ਨਵੇਂ ਸੁਪਨੇ ਲੈਣਾ ਅਤੇ ਉਨ੍ਹਾਂ ਦੀ ਪੂਰਤੀ ਲਈ ਸੰਘਰਸ਼ ਕਰਨਾ ਸਿਖਾਇਆ ਹੈ। ਇਸ ਪ੍ਰਕਾਰ ਮਨੁੱਖ ਹਮੇਸ਼ਾ ਅਗਲੀ ਪਉੜੀ ਚੜ੍ਹਦਾ ਰਿਹਾ ਹੈ ਜਿਸਦਾ ਆਖਰੀ ਸਿਰਾ ਕੋਈ ਨਹੀਂ।

ਡਾਕਟਰ ਰਾਹੀ ਦਾ ਇਹ ਇਤਿਹਾਸ ਮੁਖ ਨਜ਼ਰੀਆ ਉਦੋਂ ਵੀ ਜ਼ਾਹਿਰ ਹੁੰਦਾ ਹੈ ਜਦੋਂ ਉਹ ਲਿਖਦਾ ਹੈ ਕਿ ਪੰਜਾਬੀ ਦੇ ਇਕ ਤੋਂ ਜ਼ਿਆਦਾ ਨਾਵਲਕਾਰਾਂ ਨੇ ਦੰਪਤੀ ਜੀਵਨ ਦੇ ਸੁਖ ਤੇ ਸੰਤੁਲਨ ਦੀ ਅਹਿਮੀਅਤ ਦ੍ਰਿੜਾਈ ਹੈ। ਵੈਦ ਦੇ ਨਾਵਲਾਂ ਵਿਚ ਇਸਦਾ ਧੁਰਾ ਸਿੱਖੀ ਹੈ, ਨਾਨਕ ਸਿੰਘ ਦੇ ਨਾਵਲਾਂ ਵਿਚ



ਆਚਾਰਕਤਾ 'ਤੇ ਸੁਖਬੀਰ ਦੇ ਨਾਵਲਾਂ ਵਿਚ ਸਚੇਤਨਤਾ। ਕਿਸੇ ਵੀ ਸਮੇਂ ਦੀ ਸਮਾਜਕ ਬਣਤਰ ਦੇ ਸੰਦਰਭ ਵਿਚ ਦੰਪਤੀ ਸੰਬੰਧਾਂ ਦੇ ਇਕ ਤੋਂ ਜ਼ਿਆਦਾ ਮਸਲੇ ਹਨ। ਪਰ ਇਸਦੇ ਚਿਤ੍ਰਣ ਵਿਚ ਸੁਖਬੀਰ ਦੀ ਸਚੇਤਨਤਾ ਸੰਭਾਵੀ ਹਾਲਤਾਂ ਦੀ ਉਪਜ ਹੋਣ ਕਰਕੇ ਵਧੇਰੇ ਜਚਵੀਂ ਲਗਦੀ ਹੈ। ਇਸ ਲਈ ਉਸਦੇ ਨਾਵਲ ਵੈਦ ਦੇ ਨਾਵਲਾਂ ਨਾਲੋਂ ਵਧੇਰੇ ਨਾਵਲੀ ਹਨ। (ਮਸਲੇ ਗਲਪ ਦੇ, ਪੰਨਾ 27)

ਇਹ ਪੈਰਾ ਨਾਵਲੀਅਤ ਦਾ ਆਧਾਰ ਵਿਡੰਬਨਾ ਨੂੰ ਨਹੀਂ ਬਣਾਉਂਦਾ, ਸੰਭਾਵਤਾ ਨੂੰ ਬਣਾਉਂਦਾ ਹੈ। ਸੁਖਬੀਰ ਦੀ ਸਚੇਤਨਤਾ ਦੀ ਸੰਭਾਵਿਤਾ ਬਾਰੇ ਮਤਭੇਦ ਹੋ ਸਕਦਾ ਹੈ ਪਰੰਤੂ ਵਿਡੰਬਨਾ ਦੀ ਸਾਪੇਖਤਾ ਵਿਚ ਰਾਹੀ ਦੇ ਵਿਸ਼ਵਾਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ।

ਡਾਕਟਰ ਰਾਹੀ ਅਨੁਸਾਰ ਗੁਰਦਿਆਲ ਸਿੰਘ ਵਿਡੰਬਨਾ ਦੀ ਵਿਧਾ ਵਿਚ ਲਿਖਣ ਵਾਲਾ ਪੰਜਾਬੀ ਦਾ ਪ੍ਰਮੁਖ ਨਾਵਲਕਾਰ ਹੈ। ਪਰ ਗੁਰਦਿਆਲ ਸਿੰਘ ਦੇ ਨਾਵਲਾਂ ਵਿਚਲੀ ਵਿਡੰਬਨਮਈ ਗਲਪ-ਦ੍ਰਿਸ਼ਟੀ ਨੂੰ ਉਹ ਨਿਰਪੇਖ ਰੂਪ ਵਿਚ ਨਹੀਂ ਚਿਤਵਦਾ ਸਗੋਂ ਇਤਿਹਾਸਕ ਹਾਲਤਾਂ ਵਿਚੋਂ ਉਪਜੀ ਵਿਅਕਤੀ-ਚਰਿੱਤਰਾਂ ਦੀ ਚੇਤਨਾ ਦੀ ਸੀਮਾ ਨਾਲ ਜੋੜਦਾ ਹੈ। ਇਸ ਸੰਬੰਧ ਵਿਚ ਉਹ ਆਪਣੇ ਇਕ ਲੇਖ "ਗੁਰਦਿਆਲ ਸਿੰਘ ਦਾ ਗਲਪ-ਸ਼ਾਸਤਰ" ਵਿਚ ਲਿਖਦਾ ਹੈ :

"ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਤਨਾਉ ਦਾ ਸੰਬੰਧ ਘਟਨਾਤਮਕ ਉਹਲਿਆਂ ਨਾਲ ਨਹੀਂ, ਪਾਤਰਾਂ ਦੇ ਸੁਪਨਿਆਂ ਦੀ ਭ੍ਰਾਂਤੀਮੂਲਕ ਸਥਿਤੀ ਦੇ ਉਤਰਾਵਾਂ-ਚੜ੍ਹਾਵਾਂ ਨਾਲ ਹੈ। 'ਮੜ੍ਹੀ ਦਾ ਦੀਵਾ' ਦੀ ਨੰਦੀ ਦੀ ਹਾਲਤ ਵਿਚ ਇਸ ਤਨਾਉ ਦਾ ਸੰਬੰਧ ਅੰਤਰ-ਜਾਤੀ ਪ੍ਰੇਮ-ਵਿਆਹ ਤੇ ਵਿਆਹ ਦੀ ਵਰਣ-ਵਿਵਸਥਾ ਦੀ ਤਨਜ਼ ਨਾਲ ਹੈ। ਧਰਮ ਸਿੰਘ ਦਾ ਤਨਾਉ ਸੰਪਤੀ-ਸੰਸਥਾ ਦੀਆਂ ਨਾ-ਬਰਾਬਰੀਆਂ ਨੂੰ ਕੇਵਲ ਮਨੁੱਖੀ ਹਮਦਰਦੀ ਨਾਲ ਨਜਿੱਠਣ ਦੀ ਭ੍ਰਾਂਤੀ ਵਿਚੋਂ ਉਪਜਦਾ ਹੈ। ਨਾਵਲ ਦੇ ਨਾਇਕ ਜਗਸੀਰ ਦਾ ਤਨਾਉ ਇਹ ਹੈ ਕਿ ਉਸਨੂੰ ਸੰਪੱਤੀ, ਧਰਮ, ਰੱਬ, ਕਰਮ, ਤਕਦੀਰ, ਆਵਾਗਵਨ ਅਤੇ ਜਾਤ ਪਾਤ ਆਦਿ ਨਾਲ ਸੰਬੰਧਿਤ ਕਦਰਾਂ ਦੇ ਜਮਾਤੀ ਤੇ ਸਾਂਸਕ੍ਰਿਤਿਕ ਖਾਸੇ ਵਿਰੁੱਧ ਸੁੱਝਣ ਵਾਲੇ ਸੰਦੇਹਾਂ ਦੇ ਉਤਰ ਨਹੀਂ ਮਿਲਦੇ। 'ਅਣਹੋਏ' ਵਿਚ ਨਾਇਕ ਧਿਰ ਦੇ ਸਾਰੇ ਪਾਤਰ ਚੇਤਨਾ ਦੇ ਇਤਿਹਾਸਕ ਸਾਂਸਕ੍ਰਿਤਕ ਸੰਕਟ ਕਾਰਨ ਕਿਸੇ ਇਕ ਜਾਂ ਦੂਜੀ ਭ੍ਰਾਂਤੀ ਦਾ ਦੁਖਾਂਤ ਭੋਗਦੇ ਹਨ। 'ਅੱਧ ਚਾਨਣੀ ਰਾਤ' ਦੇ ਮੋਦਨ ਦੀ ਸਮੱਸਿਆ ਇਹ ਹੈ ਕਿ ਉਸ ਲਈ ਆਪਣੀ ਵਿਸ਼ੇਸ਼ ਇਤਿਹਾਸਕ ਸਾਂਸਕ੍ਰਿਤਕ ਸਥਿਤੀ ਵਿਚ ਮਨੁੱਖ-ਵਿਰੋਧੀ ਜਮਾਤੀ ਤਾਕਤਾਂ ਵਿਰੁੱਧ ਅਣਖ ਤੇ ਸੰਘਰਸ਼ ਦਾ ਫਰਕ ਜਾਣਨਾ ਸੰਭਵ ਨਹੀਂ। ਇਸ ਕਿਸਮ ਦੀਆਂ ਤਨਾਉ-ਸਥਿਤੀਆਂ ਨੂੰ ਭੋਗਦੇ ਗੁਰਦਿਆਲ ਸਿੰਘ ਦੇ ਸਾਰੇ ਨਾਇਕ-ਨਾਇਕਾਵਾਂ ਸਾਧਾਰਣ ਬੰਦਿਆਂ ਵਾਲੀ ਸਥਿਤੀ ਤੋਂ ਉਪਰ ਉਠਕੇ ਕਿਸੇ ਇਕ ਜਾਂ ਦੂਸਰੇ ਮਾਨਵੀ ਸੁਪਨੇ ਨਾਲ ਜੁੜਦੇ ਹਨ, ਪਰ ਵਿਵਸਥਾ ਦੀਆਂ ਇਤਿਹਾਸਕ, ਸਾਂਸਕ੍ਰਿਤਿਕ ਤੇ ਸ੍ਰੈਣਿਕ ਜਟਿਲਤਾਵਾਂ ਵਿਚੋਂ ਉਪਜਣ ਵਾਲੀਆਂ ਕਠਿਨਾਈਆਂ ਦਾ ਸਿੱਟਾ ਇਨ੍ਹਾਂ ਸੁਪਨਿਆਂ ਦੀ ਪੂਰਤੀ ਉਨ੍ਹਾਂ ਦਾ ਨਸੀਬ ਨਹੀਂ ਬਣਦੀ।" (ਸਮਾਂ ਤੇ ਸੰਵਾਦ, ਪੰਨਾ 189)... ਤੇ ਆਖਰੀ ਹਵਾਲਾ "ਨਾਨਕ ਸਿੰਘ ਨੂੰ ਕਿਵੇਂ ਪੜ੍ਹੀਏ" ਵਿਚੋਂ ਇਸ ਲਈ ਦੇਣਾ ਚਾਹਾਂਗਾ ਕਿ ਰਾਹੀ ਦਾ ਇਹ ਲੇਖ ਉਸਦਾ ਹੁਣ ਤਕ ਦਾ ਆਖਰੀ ਲੇਖ ਹੈ ਜਿਸ ਵਿਚ ਉਸਨੇ ਨਾਨਕ ਸਿੰਘ ਨੂੰ ਨਵੇਂ ਪੈਂਤੜੇ ਤੋਂ ਪੜ੍ਹਨ ਦਾ ਮਸ਼ਵਰਾ ਦਿੱਤਾ ਹੈ।

ਡਾਕਟਰ ਰਾਹੀ ਅਨੁਸਾਰ "ਨਾਨਕ ਸਿੰਘ ਨੇ ਕਦੇ ਵੀ ਆਪਣੇ ਆਪ ਨੂੰ ਝੱਖੜ ਵਿਚ ਇਕ ਤੀਲ੍ਹੇ ਦੀ ਨਿਆਈਂ ਨਹੀਂ ਸਮਝਿਆ। ਉਹ ਸੁਪਨੇਸਾਜ਼ ਬਣਿਆ ਤੇ ਉਸ ਦੇ ਸਮਿਆਂ ਵਿਚ ਇਹ ਸੁਪਨੇ ਹੀ ਸਮਾਜਕ ਤਬਦੀਲੀ ਅਤੇ ਰਾਜਸੀ ਸੰਘਰਸ਼ ਲਈ ਲੋੜੀਂਦੇ ਬਲ ਦਾ ਸੋਮਾ ਬਣੇ।" (ਨਾਨਕ ਸਿੰਘ : ਜੀਵਨ ਤੇ ਰਚਨਾ, ਪੰਨਾ 23)

ਡਾਕਟਰ ਰਾਹੀ ਅਨੁਸਾਰ ਵਿਡੰਬਨਾ ਦੇ ਭੋਗਣਹਾਰ ਪਾਤਰ ਵੱਡੇ ਸੁਪਨਿਆਂ ਦੀ ਪੂਰਤੀ ਲਈ

ਅਡੋਲ ਸੰਘਰਸ਼ ਕਰਦੇ ਹਨ ਜਿਸ ਕਰਕੇ ਉਹ ਝੱਖੜ ਦੇ ਤੀਲ੍ਹੇ ਅਰਥਾਤ ਤਰਸ-ਮੰਗਦੇ ਨਿਗੂਣੇ ਮਨੁੱਖ ਨਹੀਂ ਰਹਿੰਦੇ ਸਗੋਂ ਗੌਰਵ ਦੇ ਹੱਕਦਾਰ ਹੋ ਨਿਬੜਦੇ ਹਨ। ਪਾਠਕ ਲਈ ਉਹ ਗਿਆਨ ਦੇ ਵਾਹਕ ਬਣ ਜਾਂਦੇ ਹਨ ਅਤੇ ਸੰਘਰਸ਼ ਦੇ ਪ੍ਰੇਰਕ ਵੀ। ਤ੍ਰਾਸਦ ਪਾਤਰਾਂ ਅਤੇ ਤਰਸ ਦੇ ਪਾਤਰਾਂ ਵਿਚਲਾ ਇਹ ਨਿਖੇੜਾ ਡਾਕਟਰ ਰਾਹੀ ਦੇ ਪਰਿਪੱਕ ਚਿੰਤਨ ਦਾ ਪ੍ਰਮਾਣ ਹੈ। ਇਸੇ ਕਰਕੇ ਤ੍ਰਾਸਦ ਨਾਵਲ ਦਾ ਪ੍ਰਕਾਰਜ ਨਿਰਾਸ਼ਾ-ਜਨਕ ਨਹੀਂ ਗਿਆਨ-ਵਰਧਕ ਹੁੰਦਾ ਹੈ।

''ਸੁਪਨਿਆਂ ਦੇ ਸੰਤਾਪ ਨੂੰ ਨਾਵਲ ਦੀ ਵਿਧਾ (ਵਿਡੰਬਨਾਮਈ ਤ੍ਰਾਸਦ ਵਿਧਾ) ਗਿਆਨ ਵਿਚ ਬਦਲ ਦਿੰਦੀ ਹੈ। ਇਤਿਹਾਸ ਇਸ ਗਿਆਨ ਵਿਚੋਂ ਨਵੇਂ ਵਚਨ ਅਤੇ ਨਵੇਂ ਸੰਘਰਸ਼ ਸਿਰਜਦਾ ਹੈ ਜਿਵੇਂ ਗੋਰਕੀ ਦੇ ਨਾਵਲ 'ਮਾਂ' ਵਿਚ ਨਾਇਕ ਨੂੰ ਫਾਂਸੀ ਪਿੱਛੋਂ ਉਸਦੇ ਸੰਘਰਸ਼ ਨੂੰ ਉਸਦੀ ਮਾਂ ਸੰਭਾਲ ਲੈਂਦੀ ਹੈ।'' (ਮਸਲੇ ਗਲਪ ਦੇ, ਪੰਨਾ 21)

ਇਸ ਨੁਕਤੇ ਦੀ ਹੋਰ ਵਿਆਖਿਆ ਰਾਹੀ ਆਪਣੇ ਮਨ ਪੰਸਦ ਨਾਵਲਕਾਰ ਗੁਰਦਿਆਲ ਸਿੰਘ ਦੇ ਨਾਵਲਾਂ ਦੇ ਹਵਾਲੇ ਨਾਲ ਕਰਦਾ ਹੈ:

''ਮੜ੍ਹੀ ਦਾ ਦੀਵਾ, ਨੰਦੀ, ਜਗਸੀਰ ਅਤੇ ਧਰਮ ਸਿੰਘ ਦੇ ਸੁਪਨਿਆਂ ਦੇ ਸੰਤਾਪ ਦੁਆਰਾ ਇਕ ਪਾਸੇ ਕਿਰਤੀ ਵਰਗ ਦੀਆਂ ਮਾਨਵੀ ਇਛਾਵਾਂ ਅਤੇ ਦੂਸਰੇ ਪਾਸੇ ਸਾਮੰਤੀ ਅਰਥਚਾਰੇ ਤੇ ਸੰਸਕ੍ਰਿਤੀ ਦੇ ਦਵੰਦ ਦੀ ਤਸਵੀਰਕਸ਼ੀ ਹੈ; 'ਅਣਹੋਏ' ਵਿਚ ਨਾਇਕ ਦੇ ਇਨਸਾਫ ਲੈਣ ਦੀ ਲੜਾਈ ਕਿਰਤੀਆਂ ਦੇ ਹਿਤਾਂ ਵਿਰੁੱਧ ਮਹਾਜਨੀ ਅਤੇ ਸਾਮੰਤੀ ਸੱਤਾ-ਪ੍ਰਬੰਧ ਦੀ ਜਮਾਤੀ ਖਸਲਤ ਦਾ ਆਈਨਾ ਬਣ ਜਾਂਦੀ ਹੈ; 'ਅੱਧ ਚਾਨਣੀ ਰਾਤ' ਦਾ ਮਕਸੂਦ ਜ਼ਮੀਨ ਦੀਆਂ ਵਧਦੀਆਂ ਵੰਡੀਆਂ ਨਾਲ ਵਧ ਰਹੀ ਕਿਸਾਨੀ ਸਮਾਜ ਦੀ ਦਰਜੇਬੰਦੀ ਤੇ ਇਸ ਦਰਜੇਬੰਦੀ ਵਿਚ ਛੋਟੀ ਕਿਸਾਨੀ ਦੇ ਇਜ਼ਤ ਨਾਲ ਜੀਊਣ ਦਾ ਮਸਲਾ ਹੈ, 'ਆਥਣ-ਉਗਣ' ਵਿਚ ਸੁਤੰਰਤਾ ਤੋਂ ਪਿੱਛੋਂ ਦੀਆਂ ਇਤਿਹਾਸਕ-ਪਦਾਰਥਕ ਹਾਲਤਾਂ ਵਿਚ ਜੱਟ ਕਿਸਾਨੀ ਤੇ ਸੀਰੀ ਵਰਗ ਦੇ ਅੰਦਰਲੇ ਤੇ ਆਪਸੀ ਤਨਾਉ ਦੀ ਦਵੰਦਾਤਮਕਤਾ ਮੂਰਤੀਮਾਨ ਹੈ।'' (ਮਸਲੇ ਗਲਪ ਦੇ, ਪੰਨਾ 22-23)

ਸੰਖੇਪ ਵਿਚ ਵਿਡੰਬਨਾ ਦੀ ਵਿਧਾ ਵਿਚ ਲਿਖਿਆ ਨਾਵਲ ਵਿਦਮਾਨ ਵਿਵਸਥਾ ਵਿਚ ਸੁਪਨਿਆਂ ਦੀ ਅਨਿਵਾਰੀ ਦੁਖਾਂਤ ਹੋਣੀ ਦੀ ਪੇਸ਼ਕਾਰੀ ਰਾਹੀਂ ਵਧੇਰੇ ਚੇਤੰਨ ਅਤੇ ਸਾਰਥਕ ਸੰਘਰਸ਼ ਦੀ ਸੂਝ ਦਿੰਦਾ ਹੈ। ਇਹ ਸੂਝ ਪਾਤਰਾਂ ਦਾ ਨਹੀਂ, ਪਾਠਕਾਂ ਦਾ ਨਸੀਬ ਬਣਦੀ ਹੈ ਅਤੇ ਪਾਠਕ ਖੁਦ ਨਾਵਲੀ ਪਾਠ ਵਿਚੋਂ ਇਸ ਨੂੰ ਅਖਜ਼ ਕਰਦੇ ਹਨ ਕਿਉਂਕਿ ਇਹ ਨਾਵਲ ਦੇ ਪਿੰਡੇ ਵਿਚ 'ਧੁਨੀ' ਬਣ ਕੇ ਸਮਾਈ ਹੁੰਦੀ ਹੈ।

ਡਾਕਟਰ ਰਾਹੀ ਨਾਵਲ ਨੂੰ ਵਿਭਿੰਨ ਤੱਤਾਂ ਦਾ ਸਮੂਹ ਨਹੀਂ, ਪ੍ਰਬੰਧ ਮੰਨਦਾ ਹੈ। ਪ੍ਰਬੰਧ ਤੋਂ ਉਸਦੀ ਮੁਰਾਦ ਅਜਿਹੀ ਬਣਤਰ ਤੋਂ ਹੈ ਜਿਸ ਦੇ ਸਾਰੇ ਅੰਗ (ਮੋਟਿਫ) ਪਰਸਪਰ-ਸੰਬੰਧਤ ਹੁੰਦੇ ਹਨ ਅਤੇ ਇਕ ਦੂਸਰੇ ਦੇ ਪ੍ਰਸੰਗ ਵਿਚ ਹੀ ਅਰਥ ਗ੍ਰਹਿਣ ਕਰਦੇ ਹਨ। ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ('ਪੰਜਾਬੀ ਨਾਵਲ' ਵਿਚ ਸੰਕਲਿਤ) ਲੇਖ ਤੋਂ ਲੈਕੇ ਗੁਰਦਿਆਲ ਸਿੰਘ ਦੇ ਨਾਵਲ 'ਪਰਸਾ' ('ਸਮਾਂ ਤੇ ਸੰਵਾਦ' ਵਿਚ ਸੰਕਲਿਤ) ਲੇਖ ਤਕ ਜਿੰਨੇ ਵੀ ਪਾਠ-ਮੂਲਕ ਲੇਖ ਉਸਨੇ ਲਿਖੇ ਹਨ, ਉਨ੍ਹਾਂ ਸਾਰਿਆਂ ਵਿਚ ਉਸਦੀ ਇਹ ਦ੍ਰਿਸ਼ਟੀ ਕਾਰਜਸ਼ੀਲ ਹੈ। ਇਸ ਪ੍ਰਕਾਰ ਪੰਜਾਬੀ ਨਾਵਲ ਦੀ ਪਾਠਮੂਲਕ ਆਲੋਚਨਾ ਦੇ ਅੰਤਰਗਤ ਪ੍ਰਬੰਧ ਮੂਲਕ ਅਧਿਐਨ-ਵਿਧੀ ਦਾ ਪ੍ਰਵੇਸ਼ ਹੁੰਦਾ ਹੈ ਅਤੇ ਇਸ ਦੀਆਂ ਇਕ ਤੋਂ ਜ਼ਿਆਦਾ ਸੰਭਾਵਨਾਵਾਂ ਵੀ ਸਾਕਾਰ ਹੁੰਦੀਆਂ ਹਨ। ਇਕ ਪਾਸੇ ਤੋਂ ਲੇਖਕ, ਪਾਤਰ, ਪ੍ਰਵਕਤਾ ਅਤੇ ਬਿਰਤਾਂਤਕਾਰ ਨਾਲ ਸੰਬੰਧਤ ਕਾਵਿ-ਸ਼ਾਸਤਰ ਦੇ ਮਸਲਿਆਂ ਨੂੰ ਇਸ ਸੰਦਰਭ ਵਿਚ ਉਠਾਇਆ ਸਮਝਿਆ ਗਿਆ ਹੈ ਅਤੇ ਦੂਸਰੇ ਪਾਸੇ ਤੋਂ ਇਸੇ ਸੰਦਰਭ ਵਿਚ ਉਨ੍ਹਾਂ ਜੁਗਤਾਂ, ਵਿਧੀਆਂ ਅਤੇ ਤਕਰੀਬਾਂ ਦਾ ਅਧਿਐਨ ਵੀ ਕੀਤਾ ਗਿਆ ਹੈ ਜੋ ਕਿਸੇ ਨਾਵਲ ਦੇ ਵਿਭਿੰਨ ਤੱਤਾਂ ਨੂੰ ਸਜੀਵ ਸੰਗਠਨ ਵਿਚ ਬੰਨ੍ਹਦੀਆਂ ਹਨ।



ਨਾਵਲੀ ਪ੍ਰਬੰਧ ਦੀ ਰਚਨਾ-ਵਸਤੂ, ਰਚਨਾ-ਵਿਧੀ ਅਤੇ ਰਚਨਾ-ਦ੍ਰਿਸ਼ਟੀ ਦੀਆਂ ਦੂਸਰੀਆਂ ਰੂਪ-ਵਿਧਾਵਾਂ ਨਾਲੋਂ ਕੁਝ ਵੱਖਰਤਾਵਾਂ ਹਨ ਜੋ ਨਾਵਲ ਦੀ ਰੂਪ-ਵਿਧਾ ਦੀ ਨਿਵੇਕਲੀ ਪਛਾਣ ਨਿਰਧਾਰਤ ਕਰਦੀਆਂ ਹਨ। ਮਿਸਾਲ ਵਜੋਂ ਨਾਵਲ ਦੀ ਰਚਨਾ ਵਸਤੂ 'ਦੁਨੀਆਂ-ਭਤਿ' ਚਲਣ ਵਾਲੇ ਬਹੁ-ਗਿਣਤੀ ਲੋਕਾਂ ਦਾ ਜੀਵਨ ਨਹੀਂ ਹੈ, ਨਾ ਹੀ ਉਨ੍ਹਾਂ ਵਿਰਲਿਆਂ ਦਾ ਜੀਵਨ ਹੈ ਜੋ ਆਪਣੇ ਅਸਾਧਾਰਣ ਗੁਣਾਂ ਸਦਕਾ ਦਰਿਆਵਾਂ ਦੇ ਵਹਿਣ ਮੋੜ ਦਿੰਦੇ ਹਨ। ਸਗੋਂ ਨਾਵਲ ਸਾਧਾਰਨ ਮਨੁੱਖ ਦੀ ਰੋਜ਼-ਮੱਰਾ ਦੇ ਹਾਲਾਤ ਦੇ ਪ੍ਰਸੰਗ ਵਿਚ, ਦੁਬਿਧਾ ਦੀ ਦਾਸਤਾਨ ਹੈ। ਇਹ ਦੁਬਿਧਾ ਪਾਤਰਾਂ ਦੀਆਂ ਇਛਾਵਾਂ ਦੇ ਆਪਸੀ ਤਨਾਉ ਦੀ ਵੀ ਹੋ ਸਕਦੀ ਹੈ (ਪਵਿਤਰਪਾਪੀ), ਵਿਅਕਤੀ-ਪਾਤਰ ਦੇ ਵਿਤ ਅਤੇ ਹਾਲਾਤ ਦੇ ਹਠ ਦੀ ਵੀ ਹੋ ਸਕਦੀ ਹੈ (ਅਣਹੋਏ)। ਇਸ ਦੁਬਿਧਾ ਨੂੰ ਨਾਵਲ ਵਿਚ ਉਨ੍ਹਾਂ ਤਕਰੀਬਾਂ ਰਾਹੀਂ ਪੇਸ਼ ਕਰਨ ਦੀ ਆਸ ਰੱਖੀ ਜਾਂਦੀ ਹੈ ਜੋ ਸੰਭਵਤਾ ਅਤੇ ਸੰਭਾਵਿਤਾ ਦੇ ਨੇਮ ਦੀ ਪਾਲਣਾ ਕਰਦੀਆਂ ਹੋਣ। ਇਸ ਪਹਿਲੂ ਤੋਂ ਵੇਖਿਆਂ ਸਾਜ਼ਸ਼ੀ ਨਾਵਲਾਂ ਨੂੰ ਸਾਹਿਤਕ ਹਲਕਿਆਂ ਵਿਚ ਮਾਣਤਾ ਨਹੀਂ ਮਿਲਦੀ। ਪਰ ਸਥਿਤੀ ਦਾ ਵਿਅੰਗਮਈ ਵਿਰੋਧਾਭਾਸ ਇਹ ਹੈ ਕਿ ਸਾਜ਼ਸ਼ੀ ਨਾਵਲ ਹੀ ਪਾਠਕਾਂ ਵਿਚ ਮਕਬੂਲ ਹੁੰਦੇ ਹਨ। ਜਿਥੋਂ ਤਕ ਰਚਨਾ-ਦ੍ਰਿਸ਼ਟੀ ਦਾ ਸਵਾਲ ਹੈ ਇਹ ਵੀ ਨਿਰਣਾਕਾਰੀ ਨਹੀਂ ਹੁੰਦੀ, ਸੰਦੇਹ-ਜਨਕ ਹੁੰਦੀ ਹੈ। ਡਾਕਟਰ ਰਾਹੀ ਅਨੁਸਾਰ ''ਕਲਪਨਾ ਦੀ ਰਚਨਾ ਹੋਣ ਕਰਕੇ ਸਾਹਿਤ ਦੇ ਹੋਰ ਤਮਾਮ ਰੂਪਾਂ ਵਾਂਗ ਨਾਵਲ ਵੀ ਇਕ ਗਲਪਨਿਕ ਵਸਤੂ ਹੈ (ਮਸਲੇ ਗਲਪ ਦੇ, ਪੰਨਾ 14) ਪਰ ਇਸ ਵਸਤੂ ਦੀ ਭੂਮੀ ਅਤੇ ਭੂਮਿਕਾ ਕਿਉਂਕਿ ਸਾਹਿਤ-ਬਾਹਰੀ ਹੁੰਦੀ ਹੈ, ਇਸ ਲਈ ਨਾਵਲ ਨੂੰ ਉਸਦੀ ਉਤਪਾਦਕ ਵਸਤੂ-ਸਥਿਤੀ ਦੇ ਸੰਦਰਭ ਵਿਚ ਸਮਝਣ ਉਤੇ ਬਲ ਦਿੱਤਾ ਜਾਂਦਾ ਹੈ। ਇਉਂ ਡਾਕਟਰ ਰਾਹੀ ਦੀ ਅਧਿਐਨ-ਵਿਧੀ ਇਕੋ ਸਮੇਂ ਕਾਵਿ-ਸ਼ਾਸ਼ਤਰੀ ਵੀ ਹੈ, ਸਮਾਜ-ਸ਼ਾਸਤਰੀ ਵੀ। ਇਨ੍ਹਾਂ ਦੋਹਾਂ ਅਧਿਐਨ-ਵਿਧੀਆਂ ਨੂੰ ਵੀ ਡਾਕਟਰ ਰਾਹੀ ਉਸ ਇਤਿਹਾਸਕ ਪ੍ਰਸੰਗ ਦੇ ਹਵਾਲੇ ਨਾਲ ਸਮਝਣ ਦੀ ਸਿਫਾਰਸ਼ ਕਰਦਾ ਹੈ ਜਿਸ ਵਿਚ ਤਤਕਾਲ ਦੀਆਂ ਪਦਾਰਥਕ ਹਾਲਤਾਂ ਦੇ ਨਾਲ ਨਾਲ ''ਸਮੁੱਚਾ ਸਾਂਸਕ੍ਰਿਤਕ ਵਾਤਾਵਰਣ ਵੀ ਸ਼ਾਮਲ ਹੁੰਦਾ ਹੈ ਤੇ ਸਾਂਸਕ੍ਰਿਤਕ ਵਾਤਾਵਰਣ ਵਿਚ ਬੀਤੇ ਤੋਂ ਚਲੀ ਆ ਰਹੀ ਉਹ ਸਾਰੀ ਸਾਹਿਤਕ ਪਰੰਪਰਾ ਵੀ ਸ਼ਾਮਲ ਹੁੰਦੀ ਹੈ ਜੋ ਆਪਣੇ ਗਤੀਸ਼ੀਲ ਖਾਸੇ ਕਰਕੇ ਸੰਸਕਾਰ ਜਾਂ ਪੁਨਰ-ਵਿਆਖਿਆ ਦੀ ਪੱਧਰ ਉਤੇ ਵਿਭਿੰਨ ਪਰਿਸਥਿਤੀਆਂ ਵਿਚ ਹਾਜ਼ਰ ਰਹਿੰਦੀ ਹੈ।'' (ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਪੰਨਾ 169)। ਇਉਂ ਰਚਨਾ ਦਾ ਸੰਬੰਧ ਉਸ ਦੇ ਤਤਕਾਲ ਦੀਆਂ ਕੁਲ ਸਥਿਤੀਆਂ ਨਾਲ ਤਾਂ ਹੁੰਦਾ ਹੀ ਹੈ, ਉਸਦੇ ਅਤੀਤ ਨਾਲ ਵੀ ਹੁੰਦਾ ਹੈ ਅਤੇ ਉਸ ਸਮੇਂ ਨਾਲ ਵੀ ਜਿਸ ਵਿਚ ਉਹ ਪੜ੍ਹੀ-ਮਾਣੀ ਜਾਂਦੀ ਹੈ। ਇਸ ਪ੍ਰਕਾਰ ਰਚਨਾ ਦੀ ਇਤਿਹਾਸਕ ਅਧਿਐਨ-ਵਿਧੀ ਦੇ ਅੰਤਰਗਤ ਵਾਸਤਵਿਕ ਲੇਖਕ ਅਤੇ ਵਾਸਤਵਿਕ ਪਾਠਕ ਦੇ ਵਿਅਕਤਿਤਵ ਵੀ ਸ਼ਾਮਿਲ ਹੋ ਜਾਂਦੇ ਹਨ ਅਤੇ ਉਨ੍ਹਾਂ ਰਾਹੀਂ ਰਚਨਾ-ਕਾਲ ਅਤੇ ਅਧਿਐਨ-ਕਾਲ ਦਾ ਸਮਾਜ ਵੀ ਜਿਸ ਦੀ ਚੇਤਨਾ ਉਪਰ ਰਚਨਾ ਇਕ ਜਾਂ ਦੂਸਰੀ ਪ੍ਰਕਾਰ ਦਾ ਪ੍ਰਭਾਵ ਪਾਉਂਦੀ ਹੈ। ਇਸ ਸੰਬੰਧ ਵਿਚ ਡਾਕਟਰ ਰਾਹੀ ਨੇ ਇਕ ਤੋਂ ਜ਼ਿਆਦਾ ਥਾਵਾਂ ਉਤੇ ਇਕ ਤੋਂ ਜ਼ਿਆਦਾ ਸੰਦਰਭਾਂ ਵਿਚ ਸਪਸ਼ਟ ਕੀਤਾ ਹੈ ਕਿ ''ਨਾਵਲ ਮਨੁੱਖ ਦੀ ਚੇਤਨਾ ਦੇ ਰੂਪ-ਪ੍ਰਬੰਧਾਂ'' ਨਾਲ ਬਹੁਤ ਨਿਕਟੀ ਸਾਂਝ ਪਾਉਣ ਵਾਲਾ ਰੂਪ ਹੈ। ਇਸ ਲਈ ਇਸਦਾ ਅਧਿਐਨ ਇਸ ਦੀਆਂ ਰੂਪ-ਜੁਗਤਾਂ ਵਿਚ ਸੰਰਚਿਤ ਜੀਵਨ-ਦ੍ਰਿਸ਼ਟੀ ਤੇ ਸਮਾਜ-ਦ੍ਰਿਸ਼ਟੀ ਦੇ ਅਜਿਹੇ ਨਿਖੇੜੇ ਦੀ ਮੰਗ ਕਰਦਾ ਹੈ ਜੋ ਇਕੋ ਹੀ ਸਮੇਂ ਇਤਿਹਾਸਕ ਵੀ ਹੋਵੇ, ਦਾਰਸ਼ਨਿਕ ਵੀ। ਇਸ ਪਹੁੰਚ ਵਿਚ ਸਾਹਿਤ-ਇਤਿਹਾਸਕ ਸੰਦਰਭ ਕੋਈ ਅੱਡਰੀ ਵਸਤੂ ਨਹੀਂ ਰਹਿ ਜਾਵੇਗੀ।

''ਪੰਜਾਬੀ ਨਾਵਲ ਦੇ ਅਧਿਐਨ ਦੀਆਂ ਸਮੱਸਿਆਵਾਂ'' (ਸਮਾਂ ਤੇ ਸੰਵਾਦ, ਪੰਨਾ 212) ਡਾਕਟਰ ਰਾਹੀ ਦਾ ਨਾਵਲ-ਚਿੰਤਨ ਨਿਖੇੜਿਆਂ ਦਾ ਚਿੰਤਨ ਹੈ। ਉਹ ਆਪਸ ਵਿਚ ਮਿਲਦੇ-ਜੁਲਦੇ ਸੰਕਲਪਾਂ ਵਿਚਲੇ ਸੂਖਮ ਭੇਦਾਂ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕਰਦਾ ਹੈ ਕਿ ਉਸਦਾ ਅਧਿਐਨ-ਵਿਸ਼ਲੇਸ਼ਣ ਦਾਰਸ਼ਨਿਕ

ਗਹਿਰਾਈ ਅਤੇ ਬੌਧਿਕ ਪਕਿਆਈ ਦਾ ਪ੍ਰਮਾਣ ਹੋ ਨਿਬੜਦਾ ਹੈ। ਉਸਦੀ ਕਿਤਾਬ 'ਪੰਜਾਬੀ ਨਾਵਲ' ਤੋਂ ਲੈ ਕੇ 'ਸਮਾਂ ਤੇ ਸੰਵਾਦ' ਤਕ ਜੋ ਕੁਝ ਵੀ ਉਸਨੇ ਲਿਖਿਆ ਹੈ, ਉਸ ਨਾਲ ਮਤਭੇਦ ਤਾਂ ਹੋ ਸਕਦੇ ਹਨ ਉਸਨੂੰ ਸਤਹੀ, ਸੰਜੋਗੀ ਜਾਂ ਸਹਿਜ-ਸੋਝੀ ਦਾ ਸਿੱਟਾ ਨਹੀਂ ਕਿਹਾ ਜਾ ਸਕਦਾ। ਯਥਾਰਥਕਤਾ/ਵਾਸਤਵਿਕਤਾ, ਵਸਤੂ ਜਗਤ/ਨਾਵਲੀ ਜਗਤ, ਦ੍ਰਿਸ਼ਟਾਂਤਕ/ਪ੍ਰਤਿਰੂਪਕ, ਵਿਅੰਗ/ਵਿੰਡਬਨਾ, ਰੂਪ/ਪ੍ਰਕਾਰਜ, ਅਨੁਕਰਣ/ਅਜਨਬੀਕਰਣ, ਪਾਠ/ਅੰਤਰਪਾਠ, ਪਰੰਪਰਾ/ਪ੍ਰਵਾਹ, ਇੱਛਾ/ਪ੍ਰਾਪਤੀ, ਪ੍ਰਕਿਰਤੀ/ ਸੰਸਕ੍ਰਿਤੀ, ਪ੍ਰਕਿਰਿਆ/ ਪ੍ਰਯੋਜਨ, ਸਮੱਸਿਆ/ ਸੰਕਟ ਵਰਗੇ ਸੰਕਲਪ ਉਸਦੇ ਨਿਬੰਧਾਂ ਵਿਚ ਆਮ ਹੀ ਮੌਜੂਦ ਹਨ। ਇਨ੍ਹਾਂ ਸੰਕਲਪਾਂ ਦੀ ਮੌਜੂਦਗੀ ਦਾ ਸਿੱਟਾ ਆਮ ਪਾਠਕ ਲਈ ਉਹਦਾ ਲਿਖਣ ਢੰਗ ਖਾਸਾ ਔਖਾ ਹੋ ਗਿਆ ਹੈ, ਪਰ ਉਹਦੀਆਂ ਲਿਖਤਾਂ ਦੀ ਸਾਰਥਕਤਾ ਦਾ ਬੁਨਿਆਦੀ ਆਧਾਰ ਵੀ ਇਨ੍ਹਾਂ ਸੰਕਲਪਾਂ ਦੀ ਵਰਤੋਂ ਹੀ ਹੈ। ਯੂਰਪ ਅਤੇ ਅਮਰੀਕਾ ਵਿਚ ਵਿਕਸਿਤ ਹੋਏ ਨਾਵਲ-ਸ਼ਾਸਤਰ ਦੇ ਇਨ੍ਹਾਂ ਸੰਕਲਪਾਂ ਨੂੰ ਪੰਜਾਬੀ ਨਾਵਲ ਦੇ ਅਧਿਐਨ-ਵਿਸ਼ਲੇਸ਼ਣ ਲਈ ਜਿਵੇਂ ਡਾਕਟਰ ਰਾਹੀ ਨੇ ਵਰਤਿਆ ਹੈ, ਉਹ ਉਸ ਦੀ ਵਿਸ਼ੇਸ਼ ਪ੍ਰਾਪਤੀ ਹੈ। ਪੰਜਾਬੀ ਨਾਵਲ ਦੇ ਉਦਭਵ ਅਤੇ ਵਿਕਾਸ ਬਾਰੇ, ਪੰਜਾਬੀ ਦੇ ਪ੍ਰਮੁਖ ਨਾਵਲਕਾਰਾਂ ਬਾਰੇ ਅਤੇ ਪੰਜਾਬੀ ਦੇ ਮਹੱਤਵਪੂਰਨ ਨਾਵਲਾਂ ਬਾਰੇ ਇਨ੍ਹਾਂ ਸੰਕਲਪਾਂ ਦੀ ਰੌਸ਼ਨੀ ਵਿਚ ਜੋ ਧਾਰਨਾਵਾਂ ਉਸ ਨੇ ਬਣਾਈਆਂ ਹਨ, ਉਹ ਪੰਜਾਬੀ ਨਾਵਲ-ਆਲੋਚਨਾ ਵਿਚ ਨਵੀਆਂ ਵੀ ਹਨ, ਅਰਥਵਾਨ ਵੀ। ਉਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ :

i ਪੰਜਾਬੀ ਨਾਵਲ ਦੀ ਪਰੰਪਰਾ ਨ ਪੂਰਣ ਖੜੋਤ ਦੀ ਹੈ ਅਤੇ ਨ ਹੀ ਕਿਸੇ ਅਜਿਹੀ ਗਤੀਸ਼ੀਲਤਾ ਦੀ ਸੂਚਕ ਹੈ ਜਿਸ ਨੂੰ ਕਿਸੇ ਨਾਵਲਕਾਰ ਦੀ ਰਚਨਾ-ਦ੍ਰਿਸ਼ਟੀ ਦੀ ਇਤਿਹਾਸਕ ਮ੍ਰਿਗ-ਛਾਲ ਦਾ ਪ੍ਰਮਾਣ ਮੰਨਿਆ ਜਾ ਸਕੇ (ਪੰਜਾਬੀ ਨਾਵਲ, ਪੰਨਾ 156)

ii ਪੰਜਾਬੀ ਨਾਵਲ ਲਈ ਉਹ ਦਿਨ ਬੜਾ ਸੰਭਾਵਨਾਵਾਂ ਭਰਿਆ ਹੋਵੇਗਾ ਜਿਸ ਦਿਨ ਸਾਡੇ ਨਾਵਲਕਾਰ ਇਕ ਪਾਸੇ ਰੂੜ੍ਹੀਗਤ ਪਾਤਰ ਤੇ ਘਟਨਾਵਾਂ ਤੋਂ ਤੇ ਦੂਜੇ ਪਾਸੇ ਖਾਲੀ ਵਿਧੀਵਾਦ ਤੋਂ ਮੁਕਤ ਹੋ ਕੇ ਯਥਾਰਥ ਦੇ ਸਿੱਧੇ ਅਨੁਭਵ ਨੂੰ ਆਪਣੇ ਗਲਪਬੋਧ ਦੀ ਪ੍ਰੇਰਨਾ ਬਣਾ ਸਕਣਗੇ। (ਉਕਤ, ਪੰਨਾ 194)

iii ਭਾਈ ਵੀਰ ਸਿੰਘ ਦੇ ਨਾਵਲ ਇਤਿਹਾਸ ਨੂੰ ਧਾਰਮਿਕ ਪ੍ਰਤਿਮਾਨਾਂ ਦੇ ਪ੍ਰਸਾਰ ਲਈ ਵਰਤਣ ਦੀ ਗਲਪ-ਬਿਰਤੀ ਦੇ ਸੂਚਕ ਹਨ। ਉਸਦੇ ਧਾਰਮਿਕ-ਪ੍ਰਤਿਮਾਨਕ ਭਾਵ-ਸੰਸਕਾਰ ਉਸਦੀ ਇਤਿਹਾਸ-ਦ੍ਰਿਸ਼ਟੀ ਨੂੰ ਸੰਕੀਰਣ ਦੇ ਪੱਖਪਾਤੀ ਤਾਂ ਨਿਰਸੰਦੇਹ ਬਣਾਉਂਦੇ ਹਨ, ਪਰ ਆਉਣ ਵਾਲੇ ਪੰਜਾਬੀ ਨਾਵਲਕਾਰਾਂ ਵਿਚ ਯਥਾਰਥਵਾਦੀ ਗਲਪ-ਬੋਧ ਦੇ ਵਿਕਾਸ ਦਾ ਸਫਰ ਵੀ ਇਸ ਗਲਪ-ਬਿਰਤੀ ਤੋਂ ਹੀ ਆਰੰਭ ਹੁੰਦਾ ਹੈ। (ਉਕਤ, ਪੰਨਾ 159)

iv ਨਾਨਕ ਸਿੰਘ ਦਾ ਨਾਵਲ ਮਧਵਰਗੀ, ਸੁਧਾਰਵਾਦੀ, ਰੁਮਾਂਚਕ ਅਦਾਰਸ਼ਵਾਦ ਦੀ ਤਤਕਾਲੀਨ ਧਾਰਾ ਦਾ ਅਲਾਮਤੀ ਪ੍ਰਗਟਾਵਾ ਹੈ। (ਉਕਤ, ਪੰਨਾ 161)

v ਸਿਧਾਂਤਕ ਪਰਿਪੂਰਨਤਾ ਦੀ ਪ੍ਰਤਿਮਾਨਕ ਸੋਝੀ ਲਈ ਕੇਵਲ ਨਾਨਕ ਸਿੰਘ ਵਾਲੇ ਸੰਬੋਧਨੀ ਲਹਿਜੇ ਵਿਚ ਪ੍ਰਸੰਗ ਬਾਹਰੀ ਨਿਰਪੇਖ ਸਿਧਾਂਤ-ਚਰਚਾ ਦਾ ਸਮਾਗਮ ਰਚਦਾ ਹੈ। (ਉਕਤ, ਪੰਨਾ 169)

vi ਨਰੂਲਾ ਦੇ ਨਾਵਲਾਂ ਦੀ ਜੇ ਕੋਈ ਸਮੱਸਿਆ ਹੈ ਤਾਂ ਉਹ ਇਨ੍ਹਾਂ ਦੇ ਰਚਨਾ-ਵਿਧਾਨ ਵਿਚ ਵਿਧਾਨਕ ਸੰਗਠਨ ਦੇ ਤੱਤ ਦੀ ਕਮਜ਼ੋਰੀ ਹੈ। (ਉਕਤ, ਪੰਨਾ 175)

vii ਗੁਰਦਿਆਲ ਸਿੰਘ ਦੇ ਨਾਵਲਾਂ ਦੀ ਰੂਪ-ਰਚਨਾ ਇਕ ਨਵੀਂ ਭਾਂਤ ਦੇ ਯਥਾਰਥਵਾਦੀ ਤ੍ਰਾਸਦ-ਬੋਧ ਦੀ ਸੂਚਕ ਹੈ। (ਉਕਤ, ਪੰਨਾ 178)

viii ਸਾਂਸਕ੍ਰਿਤਿਕ ਸਥਿਤੀਆਂ ਦੀ ਸਾਂਸਕ੍ਰਿਤਿਕ ਨੁਹਾਰ ਨੂੰ ਸਿਰਜਣ ਕਾਰਨ ਉਹ (ਸੀਤਲ) ਸਾਡੇ ਨਾਵਲ ਵਿਚ ਪ੍ਰਤਿਰੂਪਕ ਗਲਪ ਦੇ ਵਿਕਾਸ ਵਿਚ ਇਕ ਵਿਲੱਖਣ ਭਾਗ ਪਾਉਂਦਾ ਹੈ (ਉਕਤ, ਪੰਨਾ 178)



ix 'ਚਿੱਟਾ ਲਹੂ' ਦਾ ਤਾਣਾ-ਬਾਣਾ ਇੱਛਾਮੂਲਕ ਘਟਨਾ-ਪ੍ਰਬੰਧ 'ਤੇ ਆਧਾਰਿਤ ਹੋਣ ਦੇ ਬਾਵਜੂਦ ਯਥਾਰਥ ਦੀ ਚਿੰਤਾ ਨਾਲ ਓਤਪੋਤ ਹੈ (ਉਕਤ, ਪੰਨਾ 30)

x 'ਪਿਓ-ਪੁੱਤਰ' ਸਵੈ-ਜੀਵਨੀਪਰਕ ਯਥਾਰਥ ਅਨੁਭਵ ਦੇ ਸੁਭਾਵ ਅਨੁਕੂਲ ਉਸਰਿਆ ਨਾਵਲ ਹੈ। (ਉਕਤ, ਪੰਨਾ 48)

xi ਸੁਖਬੀਰ ਦੇ ਨਾਵਲ ਹੈਸੀਅਤ ਦੇ ਯਥਾਰਥ ਨੂੰ ਕਾਵਿ-ਪ੍ਰਤੀਕਾਤਮਕਤਾ ਦੀ ਜੁਗਤ ਰਾਹੀਂ ਚਿਤ੍ਰਦੇ ਹਨ ਇਨ੍ਹਾਂ ਵਿਚ ਮਨੁੱਖ ਦੇ ਸੁਪਨਿਆਂ ਤੇ ਪਰਿਸਥਿਤੀਆਂ ਦੇ ਤਨਾਓ ਨੂੰ ਰੂਪ-ਵਿਧਾਈ ਦੁਖਾਂਤ ਦੀ ਦ੍ਰਿਸ਼ਟੀ ਤੋਂ ਨਹੀਂ, ਬਲਕਿ ਸਚੇਤਨਤਾ ਤੇ ਸੁਲਝਾਉ ਦੀ ਦ੍ਰਿਸ਼ਟੀ ਤੋਂ ਚਿਤਰਿਆ ਗਿਆ ਹੈ। (ਮਸਲੇ ਗਲਪ ਦੇ, ਪੰਨਾ 36)

xii 'ਜਯੋਤਿਰੁਦਯ' ਤੇ 'ਪਿਲਗ੍ਰਿਮਜ਼ ਪ੍ਰੋਗ੍ਰੈਸ' ਦੇ ਪੰਜਾਬੀ ਉਲਥੇ ਤੋਂ ਰਾਜ ਗੁਆ ਚੁੱਕੇ ਪੰਜਾਬੀਆਂ ਦੀ ਸੋਚ ਨੂੰ ਨਵੇਂ ਰਾਜ ਦੀਆਂ ਸਮਰਥਕ ਲੀਹਾਂ ਉਤੇ ਢਾਲਣ ਦੀ ਨੀਤੀ ਦਾ ਪ੍ਰਭਾਵ ਮਿਲਦਾ ਹੈ। ਇਹ ਨੀਤੀ ਸਿੱਖਾਂ ਉਤੇ ਵਧੇਰੇ ਕੇਂਦਰਿਤ ਲਗਦੀ ਹੈ। (ਮਸਲੇ ਗਲਪ ਦੇ, ਪੰਨਾ 46)

xiii ਵਿਰਸੇ ਦੇ ਗੌਰਵ ਦੀ ਪੁਨਰ-ਸੁਰਜੀਤੀ ਲਈ ਭਾਈ ਵੀਰ ਸਿੰਘ ਵਰਗੇ ਨਾਵਲਕਾਰਾਂ ਨੇ ਰੁਮਾਨੀ ਗਲਪ ਦੀਆਂ ਜੁਗਤਾਂ ਵਰਤੀਆਂ (ਮਸਲੇ ਗਲਪ ਦੇ, ਪੰਨਾ 48)

xiv ਕੰਵਲ ਮੁਖ ਰੂਪ ਵਿਚ ਆਸ਼ਾ ਦਾ ਨਾਵਲਕਾਰ ਹੈ ਜਿਸਦੇ ਨਾਵਲ ਸਾਹਸੀ ਤੇ ਸੁਹਿਰਦ ਕਰਮ ਦੀ ਸਫਲਤਾ ਦੇ ਦ੍ਰਿਸ਼ਟਾਂਤ ਰਚ ਕੇ ਹੱਕਾਂ ਦੀ ਪ੍ਰਾਪਤੀ ਉਤੇ ਬਲ ਦਿੰਦੇ ਹਨ। (ਮਸਲੇ ਗਲਪ ਦੇ, ਪੰਨਾ 87)

xv ਸੇਖੋਂ ਜਗੀਰਦਾਰੀ ਦੇ ਸ਼੍ਰੇਣਿਕ ਸੁਭਾਅ ਨੂੰ ਪ੍ਰਗਟ ਕਰਨ ਲਈ ਨਾਨਕ ਸਿੰਘ ਵਾਲੇ ਘਿਰਣਾ-ਸੂਚਕ ਖਲਨਾਇਕੀ ਪਾਤਰ-ਸੰਕਲਪ ਦੀ ਟੇਕ ਨਹੀਂ ਲੈਂਦਾ ਅਤੇ ਇਕ ਸਧਾਰਣ ਦਇਆਵਾਨ ਜਾਗੀਰਦਾਰ ਦੇ ਵਤੀਰੇ ਵਿਚੋਂ ਵੀ ਜਾਗੀਰਦਾਰੀ ਦੇ ਮਨਫੀ ਕਿਰਦਾਰ ਨੂੰ ਪ੍ਰਗਟ ਕਰਦਾ ਹੈ। (ਸਮਾਂ ਤੇ ਸੰਵਾਦ, ਪੰਨਾ 27)

xvi 'ਰੇਤ ਛਲ' ਵਿਚ ਰੱਬੀ ਅਧਿਕਾਰ ਨਾਲ ਬੋਲਣ ਦੀ ਰੁਚੀ ਦਾ ਤਿਆਗ ਮਿਲੇਗਾ ਅਤੇ ਪਾਠਕ ਨੂੰ ਨਾਵਲ ਦੇ ਤਾਣੇ-ਬਾਣੇ ਵਿਚੋਂ ਖ਼ੁਦ ਇਕ ਜਗਿਆਸੂ ਵਾਂਗ ਅਰਥਾਂ ਦੀ ਤਲਾਸ਼ ਕਰਨ ਦੀ ਤਸੱਲੀ ਮਿਲੇਗੀ ਤਸਨੀਮ ਥੀਮ ਜਾਂ ਸ਼ਿਲਪ ਵਿਚ ਆਪਣੇ ਕਿਸੇ ਵੀ ਨਾਵਲ ਵਿਚ ਪਹਿਲੇ ਨਾਵਲਾਂ ਨੂੰ ਦੁਹਰਾਉਂਦਾ ਨਹੀਂ (ਸਮਾਂ ਤੇ ਸੰਵਾਦ, ਪੰਨਾ 92)

xvii ਵਿਗਿਆਨ ਤੇ ਤਕਨਾਲੋਜੀ ਵਾਂਗ ਸ਼ਿਲਪ ਤੇ ਅਨੁਭਵ ਵੀ ਅਨਿਖੜ ਵਰਤਾਰੇ ਹਨ। 'ਮਕਾਨ ਇਕ ਖਾਲੀ ਜੇਹਾ' ਇਸ ਸਮਝ ਨੂੰ ਤਿਖਿਆਂ ਕਰਨ ਵਾਲੇ ਪੰਜਾਬੀ ਦੇ ਵਿਰਲੇ ਨਾਵਲਾਂ ਵਿਚੋਂ ਹੈ (ਸਮਾਂ ਤੇ ਸੰਵਾਦ, ਪੰਨਾ 137)

xviii ਸੇਠੀ ਨੇ 1960 ਵਿਚ ਇਕ 'ਖਾਲੀ ਪਿਆਲਾ' ਵਿਚ ਬੰਦੇ ਦੀ ਚੇਤਨਾ ਦੇ ਹਲਕਿਆਂ ਦੇ ਅਸਤਿਤਵੀ ਯਥਾਰਥ ਨੂੰ ਚਿਤ੍ਰਨ ਦੀ ਰਵਾਇਤ ਸ਼ੁਰੂ ਕੀਤੀ। ਨਰਿੰਜਨ ਤਸਨੀਮ ਨੇ ਬੰਦੇ ਦੀ ਮਾਨਸਿਕਤਾ ਵਿਚ ਬਣਨ ਵਾਲੀਆਂ ਨਿਕੀਆਂ ਨਿਕੀਆਂ ਸਿੱਥਾਂ ਨੂੰ ਸਮਾਜਕ ਪਰਿਸਥਿਤੀਆਂ ਦੇ ਸਮੂਰਤਨ ਲਈ ਵਰਤਣ ਦੀ ਜੁਗਤ ਵਰਤੀ। ਸੁਖਬੀਰ ਨੇ ਮਹਾਂਨਗਰੀ ਮਨੁੱਖ ਦੀਆਂ ਮਾਨਸਿਕ ਦੁਬਿਧਾਵਾਂ ਨੂੰ ਕਾਵਿ-ਪ੍ਰਤੀਕਾਂ ਰਾਹੀਂ ਸਮਾਜਕ-ਸੰਦਰਭ ਨਾਲ ਜੋੜਿਆ। ਸ. ਸੋਜ਼ ਨੇ ਦ੍ਰਿਸ਼ਟੀ-ਬਿੰਦੂ ਦੀ ਜੁਗਤ ਰਾਹੀਂ ਅਸਤਿਤਵੀ ਮਰਸਾਂ ਤਕ ਪਹੁੰਚਣ ਵਿਚ ਪਹਿਚਾਣ ਪੈਦਾ ਕੀਤੀ। ਇਨ੍ਹਾਂ ਸਭ ਨਾਵਲਕਾਰਾਂ ਵਿਚ ਸੰਯੁਕਤ ਪ੍ਰਤੀਕਵਾਦ ਦੀਆਂ ਝਲਕਾਂ ਆਪਣੇ ਆਪ ਵਿਚ ਨਵੀਂ ਪ੍ਰਕਾਰ ਦੀ ਵਸਤ ਹੈ। (ਸਮਾਂ ਤੇ ਸੰਵਾਦ, ਪੰਨਾ 208-9)○○

[ਸ਼ਕਤੀ ਨਗਰ, ਬਠਿੰਡਾ]

# ਵਿਗਿਆਨ ਵਿਧੀ

ਦਰਸ਼ਨ ਸਿੰਘ ਸਹਿਰੀ

*(ਇਕ ਫ਼ਰਜ਼ੀ ਵਾਰਤਾਲਾਪ, ਵਿਚਾਰ ਦਾਨੇ ਪਾਤਰਾਂ ਦੇ ਆਪਣੇ ਹਨ, ਸ਼ਬਦ ਚੋਣ ਲੇਖਕ ਦੀ)*

*ਪਾਤਰ : ਹਕੀਮ ਸੁਕਰਾਤ ਤੇ ਹਕੀਮ ਅਰਸਤੂ ਫ਼ਲਸਫ਼ੇ ਦੇ ਪਿਤਾਮੇ, ਫ਼ਰਾਂਸਿਸ ਬੇਕਨ ਵਿਗਿਆਨ ਵਿਧੀ (Scientific Method) ਦਾ ਮੋਢੀ, ਡੇਵਿਡ ਹਿਊਮ ਸ਼ੰਕਾਵਾਦੀ ਦਾਰਸ਼ਨਿਕ, ਰਿੱਚਰਡ ਫ਼ਾਈਨਮੈਨ ਭੌਤਿਕ ਵਿਗਿਆਨੀ ਤੇ ਨੋਬੈਲ ਇਨਾਮ ਜੇਤੂ, ਟੌਮਸ ਹੈਨਰੀ ਹਕਸਲੇ ਜੀਵ ਵਿਗਿਆਨੀ ਅਤੇ ਬੁੱਧੀਜੀਵੀ, ਕੁਰਟ ਗੋਇਡਲ ਗਣਿਤਵੇਤਾ ਅਤੇ ਤਰਕ ਸ਼ਾਸਤਰੀ, ਇਲਮ ਦੀਨ, ਗਿਆਨ ਸਿੰਘ, ਬੋਧ ਰਾਜ ਆਦਿ ਦਰਸ਼ਕ, ਸਰੋਤੇ...*

*[ਬੈਕੁੰਠ ਦੇ ਆਦਰਸ਼ ਨਗਰ ਦੀ ਇਕ ਕੁੰਜ ਵਿਚ ਹਕੀਮ ਸੁਕਰਾਤ ਇਕ ਸ਼ਿਲਾ 'ਤੇ ਰੋਡਾਂ (Rodin) ਦੇ ਬੁੱਤ ਦੀ ਮੁਦਰਾ ਵਿਚ ਬੈਠੇ ਹੋਏ ਹਨ। ਚਿਹਰਾ ਸ਼ਾਂਤ ਅਤੇ ਗੰਭੀਰ ਦਿਸਦਾ ਹੈ। ਵਾਤਾਵਰਣ ਸੀਤਲ ਹੈ, ਚਿੱਟੀ ਦੁਪਹਿਰ ਜੈਸਾ ਪ੍ਰਕਾਸ਼ ਹੋ ਰਿਹਾ ਹੈ। ਅਰਸਤੂ ਦਾਖ਼ਲ ਹੁੰਦਾ ਹੈ। ਫ਼ਰਾਂਸਿਸ ਬੇਕਨ, ਡੇਵਿਡ ਹਿਊਮ, ਰਿਚਰਡ ਫ਼ਾਈਨਮੈਨ ਤੇ ਹੋਰ ਲੋਕ ਕੋਲ ਖੜ੍ਹੇ ਹਨ]*

ਅਰਸਤੂ : [ਸੁਕਰਾਤ ਨੂੰ] ਜੈ ਹੋਵੇ ਗੁਰੂ ਦੇਵ। ਬੜੀ ਡੂੰਘੀ ਸੋਚ ਵਿਚ ਲਗਦੇ ਹੋ। ਸਵਰਗ ਵਿਚ ਤਾਂ ਸੱਤਯ, ਹਕੀਕਤ ਸੁਤੇ-ਸਿੱਧ ਹੈ, ਫਿਰ ਐਸੀ ਗੰਭੀਰ ਸ਼ਕਲ ਕਾਹਨੂੰ ਬਣਾ ਰੱਖੀ ਜੇ?

ਸੁਕਰਾਤ : ਕਲਿਆਣ ਹੋਵੇ। ਬੇਟਾ ਮਾਤਲੋਕ ਦੇ ਚਿੰਤਕ ਨੇਤਾਵਾਂ ਦੀ ਡਾਕ ਕਦੀ ਕਦੀ ਘਬਰਾ ਦੇਂਦੀ ਹੈ। ਵਿਗਿਆਨ ਵਿਧੀ ਬਾਰੇ ਅੱਜ ਕੱਲ ਬੜੀ ਚਰਚਾ ਚੱਲ ਰਹੀ ਹੈ। ਪਤਾ ਨਹੀਂ ਇਹ ਅਫ਼ਲਾਤੂਨ ਵਾਲੀ ਖੁੰਦਰ ਵਿਚੋਂ ਕਦ ਨਿਕਲਣਗੇ।

ਅਰਸਤੂ : ਇਹ ਸਾਰੀ ਖੇਡ ਫ਼ਰਾਂਸਿਸ ਬੇਕਨ ਦੀ ਚਲਾਈ ਹੋਈ ਹੈ। ਇਸ ਕੋਲੋਂ ਪੁੱਛਦੇ ਹਾਂ।

ਬੇਕਨ : ਬਾਬਿਓ ! ਗੁਨਾਹ ਮਾਫ਼ ! ਵਿਗਿਆਨਕ ਖੋਜ ਤਾਂ ਓਥੇ ਮੁੱਢ ਕਦੀਮਾਂ ਤੋਂ ਹੋ ਰਹੀ ਸੀ। ਅਸੀਂ ਤਾਂ ਇਸ ਪ੍ਰਕਿਰਿਆ ਨੂੰ ਬਸ ਨੇਮ-ਬੱਧ ਹੀ ਕੀਤਾ ਹੈ।

ਇਲਮ ਦੀਨ : ਤਾਇਆ ਜੀ ਠੀਕ ਆਖਦੇ ਹਨ ਜੀ। ਸਾਇੰਸ ਦੀ ਖੋਜ ਤਾਂ ਓਥੇ ਬਾਬੇ ਆਦਮ ਦੇ ਵੇਲੇ ਤੋਂ ਚੱਲ ਰਹੀ ਹੈ।

ਬੋਧ ਰਾਜ: ਹੈਂ ! ਇਹ ਕਿਵੇਂ ?

ਇਲਮ ਦੀਨ : ਤੁਹਾਡੀ ਗੱਲ ਵੱਡੀ ਹੈ। ਸਾਡਾ ਮੂੰਹ ਖੋਲ੍ਹਣਾ ਚੰਗਾ ਨਹੀਂ ਲਗਦਾ। ਹੁਕਮ ਹੋਵੇ ਤਾਂ ਬਿਆਨ ਕਰਾਂ?

ਸੁਕਰਾਤ : ਬੇਟਾ ਝਕਣ ਦੀ ਲੋੜ ਨਹੀਂ। ਬੇਸ਼ੱਕ ਆਪਣੀ ਰਾਇ ਦਿਓ। ਅਕਲ ਵੱਡੀ ਕਿ ਉਮਰ? [...ਸਾਰੇ ਹੱਸਦੇ ਹਨ]

ਇਲਮ ਦੀਨ : ਫ਼ਰ ਜ਼ ਕਰੋ ਬਜ਼ੁਰਗਾਂ ਨੂੰ ਕੋਈ ਮੁਸ਼ਕਿਲ ਹੋਵੇ। ਸਿਆਣੇ ਆਪੋ ਆਪਣੀ ਅਕਲ ਮੂਜਬ ਹੱਲ ਦੱਸਦੇ ਸਨ। ਇਕ ਇਕ ਕਰ ਕੇ ਇਨ੍ਹਾਂ ਸਲਾਹਾਂ ਨੂੰ ਅਜ਼ਮਾਉਂਦੇ, ਜਿਹੜੀ ਕੰਮ ਕਰ ਜਾਂਦੀ, ਉਸੇ ਨੂੰ ਅੱਗੋਂ ਲਈ ਵਰਤਦੇ, ਬਾਕੀਆਂ ਨੂੰ ਛੱਡ ਦਿੰਦੇ। ਆਪਣੇ ਤਜਰਬੇ ਨੂੰ ਯਾਦ ਰੱਖਦੇ ਤੇ ਅਗਲੀ ਨਸਲ ਨੂੰ ਸਮਝਾ ਜਾਂਦੇ। ਹਾਂ, ਲਿਖਣ ਕਲਾ ਦੀ ਈਜਾਦ ਤੋਂ ਬਾਦ ਇਹ ਕੰਮ ਸੌਖਾ ਹੋ ਗਿਆ।



[ਸਾਰੇ ਸਿਰ ਹਿਲਾਉਂਦੇ ਹਨ]

ਅਰਸਤੂ : ਬਸ ਖ਼ਿਆਲਾਂ ਨੂੰ ਸੁਲਝਾ ਕੇ, ਅੱਡ ਅੱਡ ਰੱਖਣ ਦੀ ਹੀ ਗੱਲ ਸੀ।

ਗਿਆਨ ਸਿੰਘ : ਇਹ ਤਾਂ ਠੀਕ ਹੈ ਜੀ, ਪਰ ਕਈ ਅਣ-ਅਜ਼ਮਾਏ ਤੌਰ ਤਰੀਕੇ ਵੀ ਪੀੜ੍ਹੀਓ ਪੀੜ੍ਹੀ ਤੁਰੇ ਗਏ ਹਨ, ਜਿਸ ਕਰ ਕੇ ਵਹਿਮਾਂ ਭਰਮਾਂ ਦੀ ਜੱਦੀ ਜਾਇਦਾਦ ਵੀ ਵਧਦੀ ਰਹੀ ਹੈ।

ਸੁਕਰਾਤ : ਚੰਗੇ ਵਿਗਿਆਨਕ ਦਾ ਧਰਮ ਹੈ ਕਿ ਉਹ ਪ੍ਰਾਪਤ ਗਿਆਨ ਨੂੰ ਮੁੜ ਮੁੜ ਅਜ਼ਮਾਏ ਅਤੇ ਵਹਿਮਾਂ ਤੇ ਨਿਕੰਮੀ ਪਰੰਪਰਾ ਤੋਂ ਮੁਕਤ ਕਰੇ।

ਇਲਮ ਦੀਨ : ਤਾਂ ਫਿਰ ਇਹ ਆਖਣਾ ਕਿ 'ਆਜ਼ਮੂਦਹ ਰਾ ਆਜ਼ਮੂਦਨ ਜਹਲ ਅਸਤ (ਪਰਖੇ ਹੋਏ ਨੂੰ ਪਰਖਣਾ ਮੂਰਖਤਾ ਹੈ) ਠੀਕ ਨਹੀਂ !!

ਫ਼ਾਈਨਮੈਨ : ਬਿਲਕੁਲ ਠੀਕ ਨਹੀਂ।

ਬੋਧ ਰਾਜ : ਕਈ ਤੱਥ ਬੜੇ ਨਿਸ਼ਚਿਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਮੁੜ ਕੇ ਟੈਸਟ ਕਰਨ ਵਿਚ ਖ਼ਤਰਾ ਹੁੰਦਾ ਹੈ। ਚਲਦੇ ਟਰੱਕ ਥੱਲੇ ਕੁੱਤਾ ਮਰਦਾ ਵੇਖ ਲਈਏ ਤਾਂ ਆਪ ਟਰੱਕ ਦੇ ਰਸਤੇ ਤੋਂ ਦੂਰ ਰਹਿਣਾ ਹੀ ਭਲਾ ਹੈ।... [ਸਾਰਿਆਂ ਵੱਲ ਪ੍ਰੋੜ੍ਹਤਾ ਲਈ ਵੇਖਦਾ ਹੈ। ਕੋਈ ਧਿਆਨ ਨਹੀਂ ਦੇਂਦਾ]

ਬੇਕਨ : ਜੱਦੀ ਮਿਲੇ ਤੱਥਾਂ ਨੂੰ ਚੈੱਕ ਕਰਨ ਤੋਂ ਇਲਾਵਾ, ਸੋਚ ਵਿਚਾਰ ਦੀ ਵੀ ਲੋੜ ਹੈ। ਕਈ ਵਾਰੀ ਇਕੋ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਹੱਲ ਕਿਸੇ ਸਾਂਝੇ ਅਸੂਲ ਨੂੰ ਵਰਤਕੇ ਲੱਭ ਪੈਂਦਾ ਹੈ। ਵਿਗਿਆਨਕ ਖੋਜ ਵਿਚ ਸਾਨੂੰ ਐਸੇ ਅਸੂਲਾਂ ਦੀ ਹੀ ਭਾਲ ਹੁੰਦੀ ਹੈ।

ਅਰਸਤੂ : ਬੇਕਨ ਠੀਕ ਆਖਦਾ ਹੈ, ਵਾਪਰ ਰਹੀਆਂ ਦੁਨਿਆਵੀ ਘਟਨਾਵਾਂ ਅਤੇ ਤਬਦੀਲੀਆਂ ਨੂੰ ਵੇਖ ਸੁਣ ਕੇ ਉਨ੍ਹਾਂ ਦੇ ਸਾਂਝੇ ਲੱਛਣ ਚੇਤੇ ਰੱਖੀਏ ਤਾਂ ਬੁੱਧੀ ਨੂੰ ਐਸੇ ਅਸੂਲ ਸੁੱਝ ਪੈਂਦੇ ਹਨ। ਇਹ ਅਸੂਲ ਕਾਰਨ ਅਤੇ ਉਸ ਤੋਂ ਉਪਜੇ ਕਾਰਜ ਵਿਚਲੇ ਨਿਯਮ ਵਾਂਗ ਹਨ। ਜੇ ਕਾਰਨ ਦਾ ਗਿਆਨ ਹੋ ਜਾਵੇ ਤਾਂ ਸੰਬੰਧਕ ਅਸੂਲ ਵਰਤ ਕੇ ਕਾਰਨ-ਫਲ ਸੁਖਾਲਾ ਹੀ ਮਾਲੂਮ ਕਰ ਲਈਦਾ ਹੈ।

ਫ਼ਾਈਨਮੈਨ : ਇਨ੍ਹਾਂ ਅਸੂਲਾਂ ਕਰ ਕੇ ਹੀ ਸੰਸਾਰੀ ਵਸਤੂਆਂ ਦੀ ਹੋਂਦ ਅਤੇ ਇਨ੍ਹਾਂ ਦੇ ਵਿਚ ਹੋ ਰਹੇ ਪਰਿਵਰਤਨ ਦੀ ਸਮਝ ਪੈਂਦੀ ਹੈ। ਅਸੂਲ ਨ ਹੋਣ ਤਾਂ ਸਾਨੂੰ ਅਣਗਿਣਤ ਤੱਤ ਚੇਤੇ ਰੱਖਣੇ ਪੈਣਗੇ ਜੋ ਬੜੀ ਮੁਸ਼ਕਿਲ ਗੱਲ ਹੈ। ਪਰ ਇਹ ਅਸੂਲ ਕੌਣ ਬਣਾਉਂਦਾ ਹੈ ਤੇ ਇਹ ਕਿਥੋਂ ਪ੍ਰਗਟ ਹੋ ਗਏ, ਇਹ ਬੜਾ ਗੰਭੀਰ ਸਵਾਲ ਹੈ। ਇਹ ਅਸੂਲ ਹੋਣ ਹੀ ਕਿਉਂ? ਆਇਨਸਟਾਈਨ ਨੇ ਇਹੋ ਸਮੱਸਿਆ ਬੜੇ ਵਿਸਮਾਦਮਈ ਸ਼ਬਦਾਂ ਵਿਚ ਉਠਾਈ ਸੀ: "ਸੰਸਾਰ ਬਾਰੇ ਅਸਚਰਜਮਈ ਸਵਾਲ ਇਹ ਹੈ ਕਿ ਸਾਨੂੰ ਪ੍ਰਕਿਰਤੀ ਦੀ ਸਮਝ ਆ ਰਹੀ ਹੈ, ਆਖ਼ਿਰ ਕਿਉਂ?"

ਅਰਸਤੂ : ਇਹ ਇਕ ਪਰਾ-ਵਿਗਿਆਨਕ (Meta-scientific) ਸਵਾਲ ਹੈ। ਹਰ ਇਕ ਗਿਆਨ ਖੇਤਰ ਵਿਚ ਕੁਝ ਐਸੇ ਸਵਾਲ ਉਠ ਖਲੋਂਦੇ ਹਨ ਜਿਨ੍ਹਾਂ ਦੇ ਜਵਾਬ ਲਈ ਸਾਨੂੰ ਉਸ ਖੇਤਰ ਤੋਂ ਉਚਾ ਉਠਣਾ ਪੈਂਦਾ ਹੈ। ਸ਼ਾਇਦ ਫ਼ਲਸਫ਼ੇ ਜਾਂ ਧਰਮ ਚਿੰਤਨ ਵਿਚ ਇਸ ਸਵਾਲ ਦਾ ਕੋਈ ਉਤਰ ਹੋਵੇ।

ਗੋਇਡਲ : ਜਿਵੇਂ ਤਰਕ-ਪ੍ਰਬੰਧਾਂ ਦੀਆਂ ਮੂਲ ਧਾਰਨਾਵਾਂ ਦੇ ਮਾਪ-ਦੰਡ ਸਾਨੂੰ ਤਰਕ ਵਿਚ ਨਹੀਂ ਮਿਲਦੇ। ਤਰਕ ਤੋਂ ਉਪਰ ਉਠ ਕੇ ਫ਼ਲਸਫ਼ੇ ਵਿਚੋਂ ਪ੍ਰਾਪਤ ਹੁੰਦੇ ਹਨ। ਇਸੇ

ਤਰ੍ਹਾਂ ਵਿਗਿਆਨ ਦੇ ਅਸੂਲਾਂ ਦਾ ਸ੍ਰੋਤ ਵਿਗਿਆਨ ਵਿਚ ਨਹੀਂ, ਸ਼ਾਇਦ ਫ਼ਲਸਫ਼ੇ ਵਿਚੋਂ ਲੱਭ ਪਏ।

ਹਿਊਮ : [ਬੇਕਿਨ ਨੂੰ]...ਕੀ ਭਰੋਸਾ ਹੈ ਕਿ ਐਸੇ ਅਸੂਲ ਵਾਸਤਵ ਵਿਚ ਹੈਨ ਭੀ ਜਾਂ ਨਹੀਂ? ਸਾਨੂੰ ਆਪਣੀ ਵਿਧੀ ਵਿਸਥਾਰ ਨਾਲ ਸਮਝਾਓ।

ਬੇਕਨ : ਲੰਮੇ ਵਿਸਥਾਰ ਤੋਂ ਪਹਿਲਾਂ ਮੈਂ ਖਿਮਾਂ ਮੰਗਦਾਂ ਹਾਂ। ਸਾਡੇ ਪਾਸ ਐਸੇ ਅਸੂਲਾਂ ਦੀ ਹੋਂਦ ਦਾ ਕੋਈ ਤਾਰਕਿਕ ਸਬੂਤ ਨਹੀਂ। ਹੁਣ ਤਕ ਦੇ ਹੋਏ ਅਨੁਭਵ ਦੇ ਆਧਾਰ 'ਤੇ ਹੀ ਨਿਰਭਰ ਕਰ ਸਕਦੇ ਹਾਂ। ਹੁਣ ਤਕ ਅਸੀਂ ਅਸੂਲਾਂ ਦੀ ਹੋਂਦ 'ਤੇ ਭਰੋਸਾ ਕੀਤਾ ਹੈ ਤੇ ਸਫਲ ਰਹੇ ਹਾਂ।...

ਹਿਊਮ : [...ਵਿਚੋਂ ਗੱਲ ਕੱਟਦੇ ਹੋਏ] ਇਹ ਤਾਂ ਰੂੜ੍ਹੀਵਾਦੀ ਹੋਇਆ। ਕੀ ਪਤਾ ਅੱਗੋਂ ਤੋਂ ਇਹ ਪਾਲਿਸੀ ਸਫਲ ਰਵ੍ਹੇ ਜਾਂ ਨਾ ?

ਗਿਆਨ ਸਿੰਘ : ਇਹ ਤਾਂ ਫਿਰ ਧਾਰਮਿਕ ਨਿਸ਼ਚੇ ਵਰਗੀ ਹੀ ਗੱਲ ਹੋਈ। 'ਭਰੋਸਾ' ਵਿਗਿਆਨਕ ਸੰਕਲਪ ਨਹੀਂ, ਇਹ ਤਾਂ ਧਾਰਮਿਕ ਸੰਕਲਪ ਹੈ। ਕਿਸੇ ਸਥੂਲ ਵਸਤ ਦੀ ਹੋਂਦ ਤਾਂ ਤਜਰਬੇ ਵਿਚ ਸੌਖੀ ਆ ਜਾਂਦੀ ਹੈ। ਅਸੂਲਾਂ ਦੀ ਹੋਂਦ ਕਿਵੇਂ ਅਨੁਭਵ ਕਰੀਏ?

ਸੁਕਰਾਤ : ਬੇਟਾ ਅਸੂਲ ਆਪਣੀ ਸੂਖਮ ਕਾਇਆ ਵਿਚ ਏਥੇ ਆਦਰਸ਼ ਨਗਰ ਵਿਚ ਹੀ ਨਿਵਾਸ ਕਰਦੇ ਹਨ। ਤੁਸੀਂ ਹੁਣੇ ਅਜੇ ਮਾਤਲੋਕ ਵਾਲੀ ਅਫ਼ਲਾਤੂਨ ਦੀ ਅੰਨ੍ਹੀ ਖੁੰਦਰ ਵਿਚੋਂ ਆਏ ਹੋ। ਅੱਖਾਂ ਚੁੰਧਿਆਈਆਂ ਹੋਈਆਂ ਹਨ, ਇਸ ਕਰਕੇ ਇਹ ਦਿਸ ਨਹੀਂ ਰਹੇ। ਅੱਖਾਂ ਤੇਜ-ਅਨੁਕੂਲ ਹੋ ਲੈਣ ਦਿਓ, ਸਭ ਕੁਝ ਨਜ਼ਰ ਆ ਜਾਏਗਾ।

ਅਰਸਤੂ : ਮਨੁੱਖੀ ਮਨ ਵੀ ਤਾਂ ਸੰਸਾਰ ਦੀ ਹੀ ਉਪਜ ਹੈ। ਇਸ ਲਈ ਮਨ ਅਤੇ ਸੰਸਾਰ ਵਿਚ ਕੁਝ ਸਾਂਝ ਜਾਂ ਇਕਸਾਰਤਾ ਹੋਣੀ ਹੀ ਹੋਈ। ਮਨ ਨੂੰ ਸੰਸਾਰ ਦੀ ਸਮਝ ਆਉਣਾ ਕੁਦਰਤੀ ਗੱਲ ਲੱਗਦੀ ਹੈ।

ਗੋਇਡਲ : ਕੁਛ ਵੀ ਹੋਵੇ, ਮੇਰਾ ਤਾਂ ਐਸਾ ਮਤ ਬਣੀ ਜਾ ਰਿਹਾ ਹੈ ਕਿ ਸ਼ਾਇਦ ਤਰਕ ਅਤੇ ਗਣਿਤ ਦੇ ਅਸੂਲ ਵੀ ਆਦਰਸ਼ ਨਗਰ ਵਿਚ ਹੀ ਹੋਣ।

ਸੁਕਰਾਤ : ਇਸ ਵਿਚ ਰਤੀ ਸੰਸਾ ਨਾ ਕਰੋ।

ਗਿਆਨ ਸਿੰਘ : ਸੱਤ ਬਚਨ ਮਹਾਰਾਜ। ਉਂਜ ਆਖਦੇ ਹਨ ਕਿ ਜੇ ਸੁਰਤਿ, ਮੱਤ, ਮਨ ਅਤੇ ਬੁਧਿ ਨਿਰਮਲ ਹੋਣ, ਸੱਚ ਨਾਲ ਪਿਆਰ ਹੋਵੇ, ਤਾਂ ਮਾਤਲੋਕ ਵਿਚ ਵੀ ਅਸੂਲ ਸਾਡੇ ਅੰਤਹਕਰਨ ਵਿਚ ਪ੍ਰਤੀਤ ਹੋ ਜਾਂਦੇ ਹਨ।

ਸੁਕਰਾਤ : ਬਿਲਕੁਲ ਠੀਕ ਆਖਦੇ ਹੋ।

ਬੋਧ ਰਾਜ: [...ਇਲਮ ਦੀਨ ਨੂੰ, ਮੁਸਕਰਾਉਂਦੇ ਹੋਏ] ਇਹ ਜੋ ਰਿਸ਼ਮਾਂ ਰਿਸ਼ੀ ਸੁਕਰਾਤ ਜੀ ਦੇ ਚਿਹਰੇ ਤੋਂ ਨਿਕਲ ਰਹੀਆਂ ਹਨ, ਸ਼ਾਇਦ ਰੇਖਾ ਗਣਿਤ ਵਾਲੀ ਸਿੱਧੀ ਲਕੀਰ ਦਾ ਆਦਰਸ਼ ਰੂਪ ਹੋਣ। ਹੀ...ਹੀ...ਹੀ...।

ਇਲਮ ਦੀਨ ਤੇ
ਗਿਆਨ ਸਿੰਘ : [...ਉਂਗਲਾਂ ਹਿਲਾਉਂਦੇ ਹੋਏ] ਸ਼ਿਸ਼ਿਸ਼...ਚੁੱਪ।

ਹਿਊਮ: ਇਹ ਵੀ ਆਖੀ ਜਾਂਦੇ ਹਨ ਕਿ ਇਹ ਅਸੂਲ ਦੇਸ਼ ਕਾਲ ਅਨੁਸਾਰ ਨਹੀਂ ਬਦਲਦੇ, ਬਲਕਿ ਹਰ ਥਾਂ ਲਾਗੂ ਹਨ। ਅਖੇ ਜੋ ਪਿੰਡੇ ਸੋਈ ਬਰ੍ਹਮੰਡੇ। ਬਾਕੀ ਕਾਇਦੇ ਕਾਨੂੰਨ ਤਾਂ ਵਿਦੇਸ਼ਾਂ ਵਿਚ ਜਾ ਕੇ ਬਦਲ ਜਾਂਦੇ ਹਨ, ਕੁਦਰਤ ਦੇ ਅਸੂਲ ਕਿਉਂ ਇਕ-



ਸਾਰ ਰਹਿੰਦੇ ਹਨ? ਇਹ ਗੱਲ ਜਚਦੀ ਨਹੀਂ ਜੀ।

ਗਿਆਨ ਸਿੰਘ : ਓਹ ਜੀ, ਇਹ ਕਿਹੜਾ ਕਿਸੇ ਮਨੁੱਖ ਨੇ ਘੜੇ ਹਨ? [...ਸਾਰੇ ਹੱਸ ਪੈਂਦੇ ਹਨ]

ਬੇਕਨ : ਅਸੂਲਾਂ ਦੀ ਹੋਂਦ ਬਸ ਸਾਡੀ ਮਨੌਤ ਹੀ ਹੈ, ਪਰ ਹੁਣ ਤਕ ਕਾਮਯਾਬ।

ਹਿਊਮ : ਫੇਰ ਰੂੜ੍ਹੀਵਾਦੀ ਗੱਲ ? [...ਹਾਸਾ ਪੈ ਜਾਂਦਾ ਹੈ]

ਗਿਆਨ ਸਿੰਘ : ਇਹ ਸਭ ਖ਼ਿਆਲੀ ਘੁੰਮਣ ਘੇਰੀ ਹੈ। ਬਹੁਤ ਸਿਆਣਪ ਆਵਹਿ ਜਾਹਿ...।

ਹਿਊਮ : ਭਈ ਮੁੱਦਾ ਲਗਦੀ ਗੱਲ ਤਾਂ ਇਹ ਹੈ ਜੇ ਕਿ ਮੈਂ ਆਪ ਵੀ ਕਈ ਵਾਰੀ ਸਨਕੀਪੁਣੇ ਤੋਂ ਤੰਗ ਆ ਜਾਂਦਾ ਹਾਂ। ਫ਼ਲਸਫ਼ੇ ਦੀ ਗੰਢ ਬੜੀ ਪਿਲਚੀ ਰਹਿੰਦੀ ਹੈ। ਸਭ ਕੁਝ ਛੱਡ ਛਡਾ ਕੇ ਦੋਸਤਾਂ ਨਾਲ ਮੌਜ ਮੇਲਾ ਕਰਨ ਜਾਂ ਕਿਸੇ ਚੰਗੀ ਕਲੱਬ ਵਿਚ ਖਾਣਾ ਖਾਣ ਚਲੇ ਜਾਈਦਾ ਹੈ। [...ਸਾਰੇ ਹੱਸਦੇ ਹਨ ]

ਗਿਆਨ ਸਿੰਘ : ਵੀਣਾ ਦੀ ਆਵਾਜ਼ ਆ ਰਹੀ ਹੈ। ਸੱਚ ਸਰੱਸਵਤੀ ਜੀ ਦਾ ਅੱਜ ਵੀਣਾ ਵਾਦਨ ਹੈ, ਚਲੋ ਛੱਡੋ ਇਸ ਚਰਚਾ ਨੂੰ। ਬਾਕੀ ਕੱਲ ਸਹੀ, ਹੁਣ ਚੱਲ ਕੇ ਸੰਗੀਤ ਨਾਲ ਰੂਹ ਤਾਜ਼ਾ ਕਰੀਏ।

ਸੁਕਰਾਤ : ਤਥਾ ਅਸਤੂ।

*[... ਸਭ ਤਾੜੀਆਂ ਵਜਾਉਂਦੇ ਹਨ। ਸਾਰੇ ਮੰਡਪ ਪਹੁੰਚਦੇ ਹਨ। ਚੁੱਪ ਚਾਪ ਪਿਛਲੀਆਂ ਸੀਟਾਂ 'ਤੇ ਜਾ ਬੈਠਦੇ ਹਨ। ਸਰੱਸਵਤੀ ਜੀ ਸੱਤਯਮ ਸ਼ਿਵਮ ਸੁੰਦਰਮ ਤੋਂ ਬਾਅਦ ਅਮੀਰ ਖ਼ੁਸਰੋ ਕਿਰਤ ਰਾਗ ਏਮਨ ਕਲਿਆਣ ਆਰੰਭਦੇ ਹਨ ਤਾਂ ਪੰਡਾਲ ਤਾੜੀਆਂ ਨਾਲ ਗੂੰਜ ਉਠਦਾ ਹੈ। ਸਰੋਤੇ ਏਨੇ ਮਸਤ ਹੋ ਜਾਂਦੇ ਹਨ ਕਿ ਮਾਨੋ ਸਮਾਂ ਖਲੋ ਗਿਆ ਹੋਵੇ। ਸਮਾਪਤੀ 'ਤੇ ਬੈਕੁੰਠ ਵਾਸੀ ਸਰੱਸਵਤੀ ਜੀ ਦਾ ਅਭਿਨੰਦਨ ਕਰਦੇ ਹੋਏ ਉਨ੍ਹਾਂ 'ਤੇ ਫੁੱਲਾਂ ਦੀ ਵਰਖਾ ਕਰਦੇ ਹਨ। ਵਿਸ਼ਨੂੰ ਮਹਾਰਾਜ ਸਰੱਸਵਤੀ ਜੀ ਨੂੰ ਗੁਲਦਸਤਾ ਫੜਾਉਂਦੇ ਹਨ। ਹੌਲੀ ਹੌਲੀ ਲੋਕ ਆਪੋ ਆਪਣੇ ਘਰਾਂ ਨੂੰ ਰਵਾਨਾ ਹੋ ਜਾਂਦੇ ਹਨ]*

*[ਅਗਲਾ ਦਿਨ। ਆਦਰਸ਼ ਨਗਰ ਦੇ ਕੁੰਜ ਵਿਚ ਸੈਮੀਨਾਰ ਮੁੜ ਸ਼ੁਰੂ ਹੁੰਦਾ ਹੈ।]*

ਸੁਕਰਾਤ : [...ਚੌਗਿਰਦੇ ਦੇਖਦੇ ਹੋਏ] ਬੇਕਨ ਹੋਰੀਂ ਅਜੇ ਪਹੁੰਚੇ ਨਹੀਂ। ਉਡੀਕ ਲੈਂਦੇ ਹਾਂ। ਦੱਸੋ ਕਲ ਵਾਦਨ ਕੈਸਾ ਲੱਗਾ ?

ਇਲਮ ਦੀਨ : ਜੀ ਖ਼ਾਲਸ ਰੂਹਾਨੀ ਖ਼ੁਸ਼ੀ ਮਿਲੀ। ਸੁਣਨ ਵਾਲਿਆਂ ਲਈ ਸਮਾਅ (ਸ਼੍ਰਵਣ) ਵਿਚ ਹੁਸਨਿ ਹਕੀਕੀ ਸੀ। ਏਨੀ ਸਾਦਾ ਪਰ ਦਿਲ ਵਿਚ ਉਤਰ ਜਾਣ ਵਾਲੀ ਮੌਸੀਕੀ ਸੀ। ਕੋਈ ਮੁਸ਼ਕਿਲ ਬੰਦਸ਼ ਨਹੀਂ ਸੀ, ਕੋਈ ਵਾਧੂ ਮੁਰਕੀਆਂ, ਪਲਟੇ ਨਹੀਂ ਸਨ। ਬਹੁਤਾ ਇਕ ਸਰਗਮ ਵਿਚ ਹੀ ਰਹੇ ਸਰੱਸਵਤੀ ਦੇਵੀ ਜੀ। ਕਦੇ ਕਦਾਈਂ ਦੂਸਰੀ ਸਰਗਮ ਵਿਚ ਜਾਂਦੇ। ਸੁਣਨ ਵਾਲਿਆਂ ਵਿਚ ਤਾਂ ਜਾਣੋਂ ਇਸ਼ਕ ਹਕੀਕੀ ਪੈਦਾ ਹੋ ਰਿਹਾ ਸੀ। ਪਰ ਪਤਾ ਨਹੀਂ ਸਾਇੰਸ ਵਿਚ ਐਸਾ ਹੁਸਨ ਹੈ ਜਾਂ ਨਹੀਂ। ਬੇਕਨ ਹੋਰੀਂ ਆ ਗਏ ਹਨ, ਸ਼ਾਇਦ ਇਹ ਹੀ ਕੁਝ ਦੱਸਣ।

ਬੇਕਨ : ਮੈਂ ਤੁਹਾਡੀ ਗੱਲ ਸੁਣਦਾ ਆ ਰਿਹਾ ਸਾਂ। ਬੇਸ਼ੱਕ ਵਿਗਿਆਨ ਵਿਚ ਵੀ ਸਾਦਗੀ ਵਾਲੀ ਸੁੰਦਰਤਾ ਮਿਲਦੀ ਹੈ, ਪਰ ਜ਼ਰਾ ਸੂਖਮ ਕਿਸਮ ਦੀ। ਗੋਇਡਲ ਹੋਰੀਂ ਜਾਣਦੇ ਹਨ। ਸਾਇੰਸ ਦੇ ਸਿਧਾਂਤ ਕੁਝ ਬੁਨਿਆਦੀ ਸੂਤਰਾਂ ਤੋਂ ਸ਼ੁਰੂ ਹੁੰਦੇ ਹਨ। ਸੂਤਰ ਬਹੁਤ ਜ਼ਿਆਦਾ ਹੋਣ ਤਾਂ ਸਿਧਾਂਤ ਝਮੇਲੇ ਵਾਲਾ ਤੇ ਕੋਝਾ ਲਗਦਾ ਹੈ। ਸੂਤਰ ਘੱਟ ਤੋਂ ਘੱਟ ਔਰ ਸਰਲ ਹੋਣ ਤਾਂ ਸਿਧਾਂਤ ਸੁਹਣਾ ਲਗਦਾ ਹੈ। ਸ਼ਿੰਗਾਰ ਦਾ ਲੱਦਾ ਸੁੰਦਰਤਾ ਨੂੰ ਘਟਾਉਂਦਾ ਹੈ, ਵਧਾਉਂਦਾ ਨਹੀਂ।

**ਅਰਸਤੂ:** ਜਿਵੇਂ ਸੁੰਦਰਤਾ ਰਸਦਾਇਕ ਅਤੇ ਆਨੰਦਮਈ ਹੈ, ਇਸੇ ਤਰ੍ਹਾਂ ਪ੍ਰਕਿਰਤਕ ਖੋਜ ਕਰਦਿਆਂ ਵੀ ਖ਼ੁਸ਼ੀ ਮਿਲਦੀ ਹੈ। ਜਦ ਕੋਈ ਅਦਭੁਤ ਵਿਸ਼ਾ ਸਮਝ ਆ ਜਾਏ ਤਾਂ ਫੁੱਲਿਆਂ ਨਹੀਂ ਸਮਾਈਦਾ। ਅੱਗੋਂ ਹੋਰ ਖੋਜ ਕਰਨ ਨੂੰ ਚਿੱਤ ਕਰਦਾ ਹੈ।

**ਸੁਕਰਾਤ:** ਹੁਣ ਕੱਲ੍ਹ ਵਾਲਾ ਏਜੰਡਾ ਚਲਾਈਏ। [...ਬੇਕਨ ਨੂੰ...] ਤੁਸੀਂ ਵਿਗਿਆਨ ਵਿਧੀ ਦਾ ਵਰਨਣ ਕਰਨ ਲੱਗੇ ਸੀ, ਪਰ ਚਰਚਾ ਹੋਰ ਪਾਸੇ ਤੁਰ ਪਈ। ਹੁਣ ਮੁੱਢ ਤੋਂ ਫੇਰ ਆਰੰਭੀਏ।

**ਬੇਕਨ:** ਜੈਸੀ ਆਪ ਸਭ ਦੀ ਇੱਛਾ। ਪਰ ਇਹ ਕਥਾ ਲੰਮੀ ਹੈ, ਧੀਰਜ ਨਾਲ ਸੁਣਿਓ। ਵਿਧੀ ਵਿਧਾਨ ਕੁਛ ਇਸ ਤਰ੍ਹਾਂ ਹੈ ਜੀ:

ਪਹਿਲੋਂ ਖੋਜ ਅਧੀਨ ਪ੍ਰਕਿਰਿਆ ਦਾ ਕੋਈ ਸਾਦਾ ਪਹਿਲੂ ਲਈਦਾ ਹੈ। ਫ਼ਰਜ਼ ਕਰ ਲਉ ਦੀਵਾਰ ਵਾਲਾ ਕਲਾਕ ਕਦੀ ਤੇਜ਼ ਕਦੇ ਸੁਸਤ ਹੁੰਦਾ ਹੈ, ਅਤੇ ਅਸੀਂ ਜਾਣਦੇ ਹਾਂ ਕਿ ਕਲਾਕ ਦੀ ਰਫ਼ਤਾਰ ਨੂੰ ਲਟਕਣ (Pendulum) ਇਕਸਾਰ ਰੱਖਦਾ ਹੈ। ਸਾਰੀ ਘੜੀ ਖੋਲ੍ਹਣ ਦੀ ਬਜਾਇ ਅਸੀਂ ਆਪਣਾ ਧਿਆਨ ਲਟਕਣ 'ਤੇ ਕੇਂਦਰਤ ਕਰ ਲੈਂਦੇ ਹਾਂ। ਲਟਕਣ ਜਿੰਨੇ ਸਮੇਂ ਵਿਚ ਇਕ ਗੇੜਾ ਪੂਰਾ ਕਰੇ ਉਸ ਨੂੰ 'ਚੱਕਰ ਕਾਲ' ਆਖੀਦਾ ਹੈ। ਇਕ ਚੱਕਰ ਕਾਲ ਵਿਚ ਕਲਾਕ ਦੋ ਵਾਰ ਟਿਕ ਟਿਕ ਕਰਦਾ ਹੈ। ਜੇ ਚੱਕਰ ਕਾਲ ਇਕੋ ਮਾਤਰਾ 'ਤੇ ਸਥਿਤ ਰਹੇ, ਤਾਂ ਘੜੀ ਦੀ ਚਾਲ ਨਹੀਂ ਬਦਲਦੀ। ਹੁਣ ਅਸੀਂ ਲਟਕਣ ਦੇ ਉਨ੍ਹਾਂ ਗੁਣਾਂ ਦਾ ਅੰਦਾਜ਼ਾ ਲਾਉਂਦੇ ਹਾਂ ਜਿਨ੍ਹਾਂ ਤੋਂ ਲਟਕਣ ਦਾ ਚੱਕਰ ਕਾਲ ਪ੍ਰਭਾਵਤ ਹੋ ਸਕਦਾ ਹੈ। ਮਿਥ ਲਉ ਕਿ ਲਟਕਣ ਦੀ ਲੰਬਾਈ ਅਤੇ ਲਟਕਣ ਦੇ ਲਾਟੂ ਦਾ ਭਾਰ ਐਸੇ ਗੁਣ ਹਨ। ਫੇਰ ਇਕੱਲੇ ਭਾਰਾਂ ਵਾਲੇ ਲਾਟੂ ਲੈ ਕੇ ਪੰਜ ਸੱਤ ਸਾਦੇ ਜਹੇ ਲਟਕਣ ਬਣਾ ਲਈਦੇ ਹਨ, ਜਿਨ੍ਹਾਂ ਸਭ ਦੀ ਲੰਬਾਈ ਇਕੋ ਜਹੀ ਹੋਵੇ। ਇਸ ਤਰ੍ਹਾਂ ਬਾਕੀ ਗੁਣਾਂ ਨੂੰ ਇਕ ਮਾਤਰਾ 'ਤੇ ਸਥਿਤ ਰੱਖ ਕੇ ਕੇਵਲ ਇਕੋ ਗੁਣ ਦਾ ਅਧਿਐਨ ਕਰੀਦਾ ਹੈ। ਇਸ ਵਿਧੀ ਨੂੰ 'ਸ਼ਾਸਿਤ ਪ੍ਰਯੋਗ' (Controlled experiment) ਆਖਦੇ ਹਨ। ਹੁਣ ਅਸੀਂ ਇਕ 'ਪਰਿਧਾਰਨਾ' (hypothesis) ਮਿਥ ਲੈਂਦੇ ਹਾਂ। ਮਸਲਨ: 'ਲਾਟੂ ਦਾ ਭਾਰ ਵਧਾਉਣ ਘਟਾਉਣ ਨਾਲ ਚੱਕਰ ਕਾਲ ਵਿਚ ਕੋਈ ਫ਼ਰਕ ਨਹੀਂ ਪੈਂਦਾ।' ਸਾਰੇ ਲਟਕਣਾਂ ਦਾ ਚੱਕਰ ਕਾਲ ਚੰਗੀ ਸਟਾਪ ਵਾਚ ਨਾਲ ਮਿਣੋ। ਜੇ ਚੱਕਰ ਕਾਲ ਇਕੋ ਜਿਹਾ ਨਿਕਲੇ ਤਾਂ ਇਹ ਪਰਿਧਾਰਨਾ ਸਿੱਧ ਹੋ ਗਈ ਸਮਝੋ। (ਵਾਸਤਵ ਵਿਚ ਇਸੇ ਤਰ੍ਹਾਂ ਹੁੰਦਾ ਹੈ)

**ਫ਼ਾਈਨਮੈਨ:** ਮੁਆਫ਼ ਕਰਨਾ ਜੀ, ਕੋਈ ਵੀ ਪਰਿਧਾਰਨਾ (hypothesis) ਕਦੀ ਸੌ ਫ਼ੀ-ਸਦੀ ਸਿੱਧ ਨਹੀਂ ਹੁੰਦੀ। ਜਦ ਸਮਾਨ ਲੰਬਾਈ ਵਾਲੇ ਲਟਕਣਾਂ ਦੇ ਚੱਕਰ ਕਾਲ ਮਿਣੀ ਦੇ ਹਨ ਤਾਂ ਉਹ ਇੰਨ ਬਿੰਨ ਇਕੋ ਜਹੇ ਨਹੀ ਨਿਕਲਦੇ। ਇਨ੍ਹਾਂ ਵਿਚ ਥੋੜ੍ਹਾ ਬਹੁਤ ਫ਼ਰਕ ਜ਼ਰੂਰ ਹੁੰਦਾ ਹੈ। ਜੇ ਇਕ ਪ੍ਰਤੀਸ਼ਤ ਫ਼ਰਕ ਹੋਵੇ ਤਾਂ ਸਮਝੋ ਇਕ ਪ੍ਰਤੀਸ਼ਤ ਚਾਂਸ ਜ਼ਰੂਰ ਹੈ ਕਿ ਸਾਡੀ ਪਰਿਧਾਰਨਾ (hypothesis) ਤਜਰਬੇ ਨੇ ਰੱਦ ਕਰ ਦਿੱਤੀ ਹੈ। ਐਸੀ ਸ਼ੱਕ ਵਾਲੀ ਸਥਿਤੀ ਵਿਗਿਆਨਕ ਖੋਜ ਵਿਚ ਹਮੇਸ਼ਾ ਕਾਇਮ ਰਹਿੰਦੀ ਹੈ। ਚੰਗਾ ਵਿਗਿਆਨੀ ਕਦੇ ਕੱਟੜ ਦਾਅਵਾ ਨਹੀਂ ਕਰਦਾ। ਵਿਗਿਆਨ ਦੇ ਸਾਰੇ ਨਿਸ਼ਕਰਸ਼ ਜਾਂ ਨਤੀਜੇ ਸੰਭਾਵੀ (probable) ਹੁੰਦੇ ਹਨ। ਸੌ ਫ਼ੀ-ਸਦੀ ਸੁਨਿਸ਼ਚਤਾ ਵਾਲੇ ਦਾਅਵੇ ਤਾਂ ਅੰਧ ਵਿਸ਼ਵਾਸੀ ਜਾਂ



ਕਿਸੇ ਸਿਧਾਂਤ (ideology)ਦੇ ਸ਼ੈਦਾਈ ਹੀ ਕਰਦੇ ਹੈਨ।... ਹੁਣ ਤੁਸੀਂ ਆਪਣਾ ਵਿਆਖਿਆਨ ਜਾਰੀ ਰੱਖੋ।

**ਬੇਕਨ:** ਸਾਵਧਾਨੀ ਲਈ ਆਪਦਾ ਧੰਨਵਾਦ।... ਕਲਾਕ ਦੇ ਲਟਕਣ ਵਾਲੇ ਤਜਰਬੇ ਨੂੰ ਮੁੜ ਵਿਚਾਰੀਏ। ... ਇਕੋ ਜਹੇ ਭਾਰੀ ਲਾਟੂਆਂ ਵਾਲੇ ਅਤੇ ਅੱਡ ਅੱਡ ਲੰਬਾਈ ਵਾਲੇ ਲਟਕਣ ਬਣਾਕੇ ਉਨ੍ਹਾਂ ਦੇ ਚੱਕਰ ਕਾਲ ਮਿਣਨ ਤੋਂ ਪਤਾ ਲੱਗੂ ਕਿ ਲੰਬਾਈ ਦੂਣੀ ਕਰਨ ਨਾਲ ਚੱਕਰ ਕਾਲ ਚੌਗੁਣਾ ਹੋ ਜਾਂਦਾ ਹੈ, ਅਤੇ ਲੰਬਾਈ ਤਿੰਨ ਗੁਣਾ ਕਰਨ ਨਾਲ ਚੱਕਰ ਕਾਲ ਨੌ ਗੁਣਾ ਹੋ ਜਾਂਦਾ ਹੈ ...। ਇਸ ਤਰ੍ਹਾਂ ਚੱਕਰ ਕਾਲ ਅਤੇ ਲਟਕਣ ਦੇ ਗੁਣਾਂ (Properties) ਵਿਚਲੇ ਗਣਿਤ-ਸੰਬੰਧ (Arithmatical Relations) ਦਾ ਪਤਾ ਲੱਗਦਾ ਹੈ। ਐਸੇ ਗਣਿਤ ਸੰਬੰਧ ਨੂੰ ਹੋਰ ਸ਼ਾਸਿਤ ਤਜਰਬੇ ਕਰਕੇ ਚੈਕ ਕਰੀਦਾ ਹੈ। [ ... ਫ਼ਾਈਨਮੈਨ ਉਤਕੰਠਿਤ ਜਾਪਦਾ ਹੈ, ਬੇਕਨ ਥੋੜ੍ਹੀ ਦੇਰ ਲਈ ਰੁਕ ਜਾਂਦਾ ਹੈ]।

**ਸੁਕਰਾਤ:** [ਫ਼ਾਈਨਮੈਨ ਵੱਲ ਵੇਖਦੇ ਹੋਏ]। ਸ਼ਾਇਦ ਤੁਸੀਂ ਕੁਛ ਕਹਿਣਾ ਚਾਹੁੰਦੇ ਹੋ।

**ਫ਼ਾਇਨਮੈਨ:** ਜੀ ਹਾਂ, ਮਿਹਰਬਾਨੀ।... ਇਸ ਕਾਰਵਾਈ ਵਿਚ ਵਿਗਿਆਨਕ ਨੈਤਿਕਤਾ (scientific honesty) ਬੜੀ ਜ਼ਰੂਰੀ ਹੈ। ਪਰਿਧਾਰਨਾ (hypothesis) ਦੀ ਪਰੇਖਾ ਕਰਨ ਵੇਲੇ ਤਜਰਬੇ ਤੋਂ ਪ੍ਰਾਪਤ ਸਭ ਤੱਤ ਧਿਆਨ ਵਿਚ ਰੱਖੀ ਦੇ ਹਨ। ਇਹ ਨਹੀ ਕਿ ਅਨੁਕੂਲ ਤੱਤ ਤਾਂ ਫਿੱਟ ਕਰ ਲਈਏ ਤੇ ਬਾਕੀਆਂ ਨੂੰ ਅਣਗੌਲਿਆ ਕਰ ਛੱਡੀਏ। ਤਜਰਬੇ ਦੀ ਗਵਾਹੀ ਸਿਰਮੌਰ ਹੈ। ਇਸ ਵਿਚ ਆਪਣੇ ਮਨ ਪਸੰਦ ਸਿੱਟੇ ਕੱਢਣ ਲਈ ਕੋਈ ਤੋੜ ਮਰੋੜ ਨਹੀਂ ਕਰਨੀ ਚਾਹੀਦੀ।

**ਇਲਮ ਦੀਨ:** ਮਤਲਬ, ਮਾੜੇ ਵਕੀਲਾਂ ਵਾਂਗ ਨਹੀਂ ਵਰਤਣਾ ਚਾਹੀਦਾ, ਜੋ ਆਪਣੇ ਹਿਤ ਵਾਲੀ ਗਵਾਹੀ ਤਾਂ ਦੱਸਦੇ ਹਨ, ਪਰ ਖ਼ਿਲਾਫ਼ ਗਵਾਹੀ ਲੁਕਾਉਂਦੇ ਹਨ।

**ਫ਼ਾਈਨਮੈਨ:** ਚੰਗਾ ਵਿਗਿਆਨੀ ਜਦ ਆਪਣਾ ਸਿਧਾਂਤ ਪੇਸ਼ ਕਰਦਾ ਹੈ, ਤਾਂ ਕੋਈ ਲੁਕ-ਲੁਕਾ ਨਹੀਂ ਰੱਖਦਾ। ਸਾਰੀ ਗਵਾਹੀ ਪਬਲਿਕ ਅੱਗੇ ਰੱਖਦਾ ਹੈ। ਭਾਵੇਂ ਹੱਕ ਵਿਚ ਜਾਵੇ ਭਾਵੇਂ ਬਰਖ਼ਿਲਾਫ਼। ਉਸ ਦਾ ਧਰਮ ਸੱਚ ਦੀ ਖੋਜ ਹੈ, ਸਿਧਾਂਤ ਪਾਲਣਾ ਜਾਂ ਲੋਕਾਂ ਨੂੰ ਭਰਮਾਉਣਾ ਨਹੀਂ।

**ਗਿਆਨ ਸਿੰਘ:** ਜਿਵੇਂ ਆਮ ਕਾਰੋਬਾਰ ਵਿਚ ਇਮਾਨਦਾਰੀ ਚਾਹੀਦੀ ਹੈ, ਉਵੇਂ ਹੀ ਸਾਇੰਸ ਵਿਚ ਵੀ ਲੋੜੀਂਦੀ ਹੈ।

**ਸੁਕਰਾਤ:** ਨੈਤਿਕਤਾ ਦੀ ਹਰ ਥਾਂ ਲੋੜ ਹੈ। [ ... ਬੇਕਨ ਵੱਲ ਵੇਖਦਿਆਂ ਹੋਇਆਂ] ਤੁਹਾਡੀ ਗੱਲ ਫੇਰ ਵਿਚੇ ਰਹਿ ਗਈ, ਹੁਣ ਮੁੜ ਵਿਗਿਆਨ ਵਿਧੀ ਦੇ ਵਿਸ਼ੇ ਵੱਲ ਪਰਤੀਏ।

**ਬੇਕਨ:** ਕੇਵਲ ਇਕੋ ਖੋਜੀ ਦੀ ਪਰੀਖਿਆ ਕਾਫ਼ੀ ਨਹੀਂ। ਹੋਰ ਖੋਜੀਆਂ ਦੀ ਸੁਤੰਤਰ ਪ੍ਰੋੜ੍ਹਤਾ ਵੀ ਚਾਹੀਦੀ ਹੈ। ਉਦਾਹਰਣ ਵਜੋਂ, ਲਟਕਣ ਵਾਲਾ ਗਣਿਤ-ਸੰਬੰਧ ਲੈ ਲਓ। ਜਦ ਇਸ ਨੂੰ ਸਾਰੀ ਪ੍ਰੋੜ੍ਹਤਾ ਮਿਲ ਜਾਵੇ, ਤਾਂ ਜਾ ਕੇ ਇਹ ਸਿਧਾਂਤ (theory) ਅਖਵਾਉਂਦਾ ਹੈ। ਇਸ ਸਿਧਾਂਤ ਨੂੰ ਹੁਣ ਅਸੀਂ ਹੋਰ ਲਟਕਣ ਡਿਜ਼ਾਈਨ ਕਰਨ ਲਈ ਵਰਤ ਸਕਦੇ ਹਾਂ। ਨਾਲੇ ਸਮਝ ਆ ਗਈ ਕਿ ਜੇ ਕਲਾਕ ਦੇ ਲਟਕਣ ਦੀ ਲੰਬਾਈ ਨਾ ਬਦਲੇ ਤਾਂ ਉਸਦੀ ਚਾਲ ਵੀ ਨਹੀਂ

ਬਦਲੇਗੀ। ਕਲਾਕ ਇਕੋ ਸਾਂਵੀਂ ਚਾਲੇ ਚੱਲੇਗਾ। ਇਸ ਪ੍ਰਾਪਤ ਗਿਆਨ ਸਦਕਾ ਘੜੀ ਸਾਜ਼ ਚੰਗੇ ਕਲਾਕ ਬਣਾ ਸਕਦੇ ਹਨ।

ਹਕਸਲੇ : ਕਿਆ ਸੁਹਣੀ ਵਿਆਖਿਆ ਕੀਤੀ ਜੇ। ਪਰ ਭਾਈ ਸਾਹਿਬ, ਜੇ ਗਿਣਤੀ ਮਿਣਤੀ ਨ ਕਰੀਏ ਤਾਂ ਇਹ ਸਾਰੀ ਕਾਰਵਾਈ ਸਾਧਾਰਨ ਕਾਰ-ਵਿਹਾਰੀ ਸੂਝ ਬੂਝ ਵਰਗੀ ਲਗਦੀ ਹੈ। ਫ਼ਰਜ਼ ਕਰੋ ਤੁਸੀਂ ਜੀਵਨ ਵਿਚ ਪਹਿਲੀ ਵਾਰ ਅੰਬ ਖਰੀਦੇ। ਦੋ ਹਰੇ ਤੇ ਸਖ਼ਤ ਅੰਬ ਚੱਖਿਆਂ ਆਪ ਨੂੰ ਖੱਟੇ ਲੱਗੇ। ਇਸ ਇੰਦਰੀ ਸੰਵੇਦਨ (sense observation) ਤੋਂ ਆਪ ਨੇ ਅੰਦਾਜ਼ਾ ਲਾ ਲਿਆ ਕਿ ਸਖ਼ਤ ਅਤੇ ਹਰੇ ਅੰਬ ਖੱਟੇ ਹੁੰਦੇ ਹਨ। ਇਹ ਤੁਹਾਡੀ ਪਰਿਧਾਰਨਾ (hypothesis) ਬਣ ਗਈ। ਇਸ ਨੂੰ ਚੈਕ ਕਰਨ ਲਈ ਆਪ ਨੇ ਤੀਸਰਾ ਅੰਬ ਚੱਖਿਆ ਜੋ ਹਰਾ ਤੇ ਸਖ਼ਤ ਸੀ। ਇਹ ਤੀਸਰਾ ਭੀ ਖੱਟਾ ਨਿਕਲੇ ਤਾਂ ਆਪ ਦੀ ਅਨੁਮਾਨੀ ਪਰਿਧਾਰਨਾ ਦੀ ਪੁਸ਼ਟੀ ਹੋ ਗਈ। ਕਈ ਵਿਦੇਸ਼ੀਆਂ ਨੂੰ ਭੀ ਇਨ ਬਿਨ ਏਹੋ ਤਜਰਬਾ ਹੋਇਆ। ਇਸ ਨਾਲ ਇਕ ਵਿਸ਼ਵਾਸ ਬੱਝ ਗਿਆ, ਜਾਂ ਆਪਦੇ ਸ਼ਬਦਾਂ ਵਿਚ, ਸਿਧਾਂਤ ਬਣ ਗਿਆ ਕਿ ਹਰੇ ਔਰ ਸਖ਼ਤ ਅੰਬ ਖੱਟੇ ਨਿਕਲਦੇ ਹਨ।

ਬੋਧ ਰਾਜ : ਸਾਨੂੰ ਤਾਂ ਫਿਰ ਆਮ ਕਾਰੋਬਾਰ ਅਤੇ ਵਿਗਿਆਨ ਵਿਚ ਕੋਈ ਫ਼ਰਕ ਨਹੀਂ ਦਿਸਦਾ।

ਇਲਮ ਦੀਨ : ਵਾਹ ਜੀ ਵਾਹ! ਤਾਂ ਫਿਰ ਸਾਇੰਸਦਾਨ ਵੀ ਆਮ ਸੂਝਵਾਨ ਅਤੇ ਇਮਾਨਦਾਰ ਆਦਮੀ ਜਾਂ ਤ੍ਰੀਮਤਾਂ ਵਰਗੇ ਹੀ ਹੋਏ।

ਸੁਕਰਾਤ : ਹੋਰ ਕੀ? ਮੈਂ ਕਦੇ ਦਾ ਇਹੋ ਗੱਲ ਦੱਸਣਾ ਚਾਹੁੰਦਾ ਸਾਂ, ਪਰ ਤੁਸੀਂ ਆਪ ਹੀ ਇਸ ਨਤੀਜੇ 'ਤੇ ਪਹੁੰਚ ਗਏ ਹੋ। ਅੱਜ ਦੀ ਬੈਠਕ ਬੜੀ ਮਜ਼ੇਦਾਰ ਰਹੀ। ਹੁਣ ਤਾਂ ਅੰਬ ਖਾਣ ਨੂੰ ਜੀਅ ਕਰਦਾ ਹੈ।

ਫ਼ਾਈਨਮੈਨ : ਅੰਬਾਂ ਦੇ ਆਨੰਦ ਵਿਚ ਕੈਸੀ ਲੱਜਤ ਹੈ ... ਬਈ ਇਸ ਵਿਸ਼ੇ ਦੇ ਕੁਝ ਹੋਰ ਬਾਰੀਕ ਪੱਖ ਵੀ ਹੈਨ। ਆਮ ਸੂਝ ਬੂਝ ਵਿਗਿਆਨ ਵਰਗੀ ਹੋਣ ਕਰਕੇ ਕਈ ਦਾਨੇ ਇਤਿਹਾਸ ਅਤੇ ਅਰਥ ਸ਼ਾਸਤਰ ਨੂੰ ਵੀ ਵਿਗਿਆਨ ਦਾ ਦਰਜਾ ਦੇ ਦੇਂਦੇ ਹਨ।

ਗਿਆਨ ਸਿੰਘ : ਪਰ ਜੀ ਗ੍ਰਹਿ ਫਲ ਦੱਸਣ ਵਾਲੇ ਜੋਤਿਸ਼ੀ ਵੀ ਵਿਗਿਆਨੀ ਅਖਵਾਉਣ ਲੱਗ ਪਏ ਹਨ।

ਫ਼ਾਈਨਮੈਨ : ਬਈ ਇਹ ਚਰਚਾ ਅਗਲੀ ਬੈਠਕ ਵਿਚ ਸਹੀ, ਹੁਣ ਅੰਬਾਂ ਦਾ ਮਜ਼ਾ ਲਓ।○○

[2047 Loff Road, Castlegar, B.C., Canada, VIN 4M9]

### ਪੁਸਤਕ ਸੂਚੀ

The Dialogues of Plato, tr. B. Jowett, Random House, New York, 1937.

T. H. Huxley, Thought in Prose, Pp. 305-311, Prentice-Hall Englewood Cliffs N.J., 1959

Richard P. Feynman, The Pleasure of Finding Things, Perseus Publishing, Cambridge, Ma. 2000.



# 'ਨਰੰਜਣ ਮਸ਼ਾਲਚੀ' ਦੀ ਰਚਨਾ ਦਾ ਪਿਛੋਕੜ

ਅਵਤਾਰ ਸਿੰਘ ਬਿਲਿੰਗ

'ਨਰੰਜਣ ਮਸ਼ਾਲਚੀ' ਮੇਰਾ ਪਹਿਲਾ ਨਾਵਲ, ਇਕ ਆਤਮ ਕਥਾਈ ਰਚਨਾ ਹੈ। ਇਸਦੀ ਕਹਾਣੀ ਮੇਰੀ ਨਿੱਜੀ ਜ਼ਿੰਦਗੀ ਵਿਚ 30 ਅਗਸਤ 1983 ਨੂੰ ਵਾਪਰੇ ਪਰਿਵਾਰਕ ਦੁਖਾਂਤ ਉਤੇ ਆਧਾਰਿਤ ਹੈ। ਇਸ ਵਿਚ ਬਿਆਨ ਕੀਤਾ ਜੀਵਨ ਮੇਰੀ ਜ਼ਿੰਦਗੀ ਦਾ ਸੱਚ ਹੈ। ਪਰ ਇਹ ਗਣਿਤ ਜਿਹਾ ਸੱਚ ਨਹੀਂ ਜਿਸ ਵਿਚ ਦੋ ਅਤੇ ਦੋ ਸਦਾ ਹੀ ਚਾਰ ਹੁੰਦੇ ਹਨ। ਗਲਪਨਿਕ ਯਥਾਰਥ ਵਿਚ ਦੋ ਅਤੇ ਦੋ ਕਦੇ ਵੀ ਚਾਰ ਨਹੀਂ ਹੁੰਦੇ, ਤਿੰਨ ਜਾਂ ਪੰਜ ਜ਼ਰੂਰ ਹੋ ਸਕਦੇ ਹਨ।

ਮੇਰੇ ਮਾਪਿਆਂ ਦਾ ਨਿੱਤ ਦਾ ਕਲੇਸ਼ ਮੇਰੇ ਲਈ ਨਾ ਸਹਾਰਨਯੋਗ ਵਰਤਾਰਾ ਸੀ ਜਿਸਨੂੰ ਮੈਂ ਫੇਰ ਵੀ ਸਹਾਰਦਾ ਆਇਆ ਸਾਂ। ਦਿਨੋ ਦਿਨ ਵਧਦੀ ਉਸ ਕੁੜੱਤਣ ਨੂੰ ਮੈਂ ਵੀ ਆਪਣੇ ਜੀਵਨ ਵਿਚ ਜੀਵਿਆ ਸੀ। ਮੇਰੇ ਮਾਪੇ ਆਮ ਇਨਸਾਨਾਂ ਵਰਗੇ ਨੇਕ, ਮਿਹਨਤੀ, ਇੱਜ਼ਤਦਾਰ, ਸਿਰੜੀ ਅਤੇ ਜ਼ਿੰਮੇਵਾਰ ਇਨਸਾਨ ਸਨ। ਉਹ ਆਦਰਸ਼ ਮਾਤਾ ਪਿਤਾ ਸਨ, ਸਾਡੇ ਲਈ ਪੂਜਣਯੋਗ ਸਨ। ਉਚੇ ਆਚਰਣ ਦੇ ਧਾਰਨੀ ਅਤੇ ਸਵੈਮਾਣ ਦੀ ਮੂਰਤ ਸਨ। ਆਪਣੀ ਸੰਤਾਨ ਲਈ ਹਰੇਕ ਕੁਰਬਾਨੀ ਕਰਨ ਲਈ ਤਿਆਰ ਸਨ ਪਰ ਉਹ ਵਧੀਆ ਜੀਵਨ ਸਾਥੀ ਨਹੀਂ ਸਨ। ਖੁਸ਼ੀਆਂ ਖੇੜੇ, ਉਂਜ ਹੀ ਮੱਧ ਵਰਗੀ ਕਿਰਸਾਣਾਂ ਨੂੰ ਘੱਟ ਹੀ ਨਸੀਬ ਹੁੰਦੇ ਹਨ। ਐਪਰ, ਉਹਨਾਂ ਦੀ ਅਣਬਣ ਸੁਭਾਅ ਦੇ ਟਕਰਾਓ ਕਾਰਨ ਸੀ ਜਿਹੜੀ ਪਰਿਵਾਰ ਦੀ ਮਾਇਕ ਹਾਲਤ ਦੇ ਦਿਨੋ ਦਿਨ ਚੰਗੀ ਹੋਣ ਦੇ ਬਾਵਜੂਦ ਹੋਰ ਵਧਦੀ ਗਈ। ਸ਼ਾਇਦ ਇਸ ਖਟਪਟੀ ਦਾ ਕਾਰਨ ਮੇਰੀ ਮਾਂ ਦਾ ਸੰਗਾਊਪਣ, ਸ਼ਰਮਾਕਲ ਬਿਰਤੀ ਜਾਂ ਜ਼ਿਆਦਾ ਜਜ਼ਬਾਤੀ ਹੋਣਾ ਸੀ ਜਿਹੜੀ ਪਿਤਾ ਦੀ ਕੋਈ ਵੀ ਗੱਲ, ਖ਼ਾਸ ਕਰਕੇ ਆਪਣੇ ਪੇਕਿਆਂ ਦੇ ਖਿਲਾਫ਼ ਸਹਾਰ ਨਹੀਂ ਸੀ ਸਕਦੀ। ਦੂਜਿਆਂ ਦੀ ਗੈਰਹਾਜ਼ਰੀ ਵਿਚ ਉਹਨਾਂ ਦਾ ਪੱਖ ਪੂਰਨਾ ਅਤੇ ਬਾਪੂ ਨਾਲ ਲੜ ਝਗੜ ਪੈਣਾ ਉਸਦੀ ਸੁਭਾਵਕ ਕਮਜ਼ੋਰੀ ਸੀ। ਉਹ ਅੰਤਾਂ ਦੀ ਸੱਚੀ ਪੱਕੀ ਅਤੇ ਰੱਬ ਲੱਗਦੀ ਗੱਲ ਆਖਣ ਵਾਲੀ, ਪੁੰਨ ਪਾਪ ਵਿਚ ਵਿਸ਼ਵਾਸ ਕਰਨ ਵਾਲੀ ਹੱਦ ਦਰਜੇ ਦੀ ਈਮਾਨਦਾਰ ਔਰਤ ਸੀ ਜਿਹੜੀ ਔਰਤਾਂ ਵਾਲੇ ਅਖਾਉਤੀ ਚਰਿੱਤਰਾਂ ਤੋਂ ਅਣਜਾਣ ਸੀ, ਅਰਥਾਤ ਸਿਆਸਤੀ ਨਹੀਂ ਸੀ। ਸ਼ਾਇਦ ਏਹੀ ਔਗੁਣ ਕਲੇਸ਼ ਦੀ ਜੜ੍ਹ ਸੀ। ਪਿਤਾ ਭਾਵੇਂ ਗੁਣੀ ਗਿਆਨੀ, ਅੰਤਾਂ ਦਾ ਜਜ਼ਬਾਤੀ, ਮਿਲਣਸਾਰ ਅਤੇ ਰੰਗੀਲੇ ਸੁਭਾਅ ਵਾਲਾ ਵਧੀਆ ਬੰਦਾ ਸੀ ਪਰ ਮਾਂ ਨਾਲ ਉਹ ਵੀ ਸਹਿਣਸ਼ੀਲਤਾ ਨਾ ਦਿਖਾ ਸਕਦਾ। ਇਹ ਸੁਭਾਵਕ ਟਕਰਾਓ ਕਿਉਂ ਸੀ? ਆਪਣੇ ਆਲੇ-ਦੁਆਲੇ ਵਿਚ ਮੈਂ ਕਈ ਚਰਿੱਤਰਹੀਣ ਪਤੀ ਜਾਂ ਆਚਰਣਹੀਣ ਪਤਨੀਆਂ ਵੀ ਦੇਖੀਆਂ ਸਨ। ਪਰ ਉਹਨਾਂ ਦੀ ਵੀ ਚੰਗੀ ਨਿਭਦੀ ਸੀ। ਮੇਰੇ ਮਾਪਿਆਂ ਦਾ ਝਗੜਾ ਕਿਉਂ ਹੁੰਦਾ ਰਿਹਾ ਸੀ? ਇਹੋ ਜਿਹੇ ਸਵਾਲ ਮੈਂ ਸੋਝੀ ਸੰਭਲਣ ਤੋਂ ਮਗਰੋਂ ਲਗਾਤਾਰ ਸੋਚਦਾ ਰਿਹਾ ਸਾਂ ਪਰ ਕੋਈ ਕਾਰਨ ਕਦੇ ਨਹੀਂ ਲੱਭਿਆ? ਇਹ ਨਾਵਲ ਰਚਨਾ ਵੀ ਉਹਨਾਂ ਕਾਰਨਾਂ ਨੂੰ ਲੱਭਣ ਦਾ ਹੀ ਇਕ ਜਤਨ ਹੈ। ਮੈਂ ਆਤਮਕਥਾ ਲਿਖਣੀ ਚਾਹੁੰਦਾ ਸੀ, ਪਰ ਆਤਮਕਥਾ ਲਿਖਣ ਵਾਲੀ ਮੇਰੀ ਉਮਰ ਨਹੀਂ ਸੀ। ਦੂਜੇ, ਗਲਪੀ ਬਿਰਤਾਂਤ ਦੁਆਰਾ ਮੈਂ ਕਰੂਰ ਯਥਾਰਥ ਅਤੇ ਆਪਣੇ ਨਿੱਜ ਵਿਚਕਾਰ ਦੂਰੀ ਸਿਰਜ ਸਕਦਾ ਸਾਂ ਤਾਂਕਿ ਇਹ ਕੌੜਾ ਸੱਚ ਸਹਿਣਯੋਗ ਬਣ ਜਾਵੇ। ਬੇਸ਼ੱਕ ਇਹ ਨਾਵਲ ਪਰਿਵਾਰਕ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਮੁੱਖ ਰੂਪ ਵਿਚ ਚਿਤਰਦਾ ਹੈ, ਭਾਵੇਂ ਉਸ ਟੁੱਟ-ਭੱਜ ਜਾਂ ਟਕਰਾਅ ਦਾ ਕਾਰਨ ਫਰਾਇਡਵਾਦੀ ਸਿਧਾਂਤ ਹਨ (ਫਰਾਇਡ ਦਾ ਕਥਨ ਹੈ ਕਿ ਕਾਮੁਕ ਸੰਤੁਸ਼ਟੀ

ਅਤੇ ਆਪਣੇ ਆਪ ਨੂੰ ਕੁਝ ਖ਼ਾਸ ਸਮਝਣ ਦੀ ਪ੍ਰਵਿਰਤੀ ਹੀ ਜੀਵਨ ਦੇ ਦੋ ਉਦੇਸ਼ ਹਨ ਅਰਥਾਤ Setual gratification ਅਤੇ desire to be important - ਦੋ ਮੁੱਖ ਜਜ਼ਬੇ ਹਨ) ਪਰ ਨਾਵਲ ਕਿਉਂਕਿ ਆਪਣੇ ਸਮੇਂ ਦੇ ਸਮਾਜ ਦਾ ਦਰਪਣ ਹੁੰਦਾ ਹੈ, ਇਸ ਲਈ ਸਮਾਜਕ, ਸਭਿਆਚਾਰਕ, ਸੰਸਕ੍ਰਿਤਕ ਵੇਰਵੇ ਵੀ ਦੇਣੇ ਜ਼ਰੂਰੀ ਸਨ। ਲੋਕ ਮਨ ਉਤੇ ਭਾਰੂ ਸਮੇਂ ਦੀ ਰਾਜਨੀਤੀ, ਆਰਥਿਕਤਾ ਅਤੇ ਧਰਮ ਦੀ ਪੇਸ਼ਕਾਰੀ ਅਸਿੱਧੇ ਰੂਪ ਵਿਚ ਆਪ ਹੀ ਪੇਸ਼ ਹੋ ਜਾਣੀ ਸੀ।

ਜਦੋਂ ਮੈਂ ਇਹ ਨਾਵਲ ਲਿਖਣ ਲਈ ਮਨ ਬਣਾਇਆ ਤਾਂ ਇਹ ਫੈਸਲਾ ਕਰਨਾ ਵੀ ਜ਼ਰੂਰੀ ਸੀ ਕਿ ਕਿਸ ਸ਼ੈਲੀ ਵਿਚ ਆਪਣੇ ਅੰਦਰਲੇ ਭਰਪੂਰ ਭਾਵ ਨੂੰ ਕਾਗਜ਼ ਉਤੇ ਉਤਾਰਿਆ ਜਾਵੇ ? ਸਾਹਿਤ ਦਾ ਸੱਚ ਸਦਾ ਹੀ ਜੀਵਨ ਨੂੰ ਪ੍ਰਭਾਵਤ ਕਰਦਾ ਹੈ ਅਤੇ ਇਹ ਸਦੀਵੀ ਵੀ ਹੁੰਦਾ ਹੈ ਪਰ ਪੇਸ਼ਕਾਰੀ ਲੇਖਕ ਦੀ ਨਿੱਜੀ ਅਤੇ ਹਰ ਸਮੇਂ ਬਦਲਦੀ ਰਹਿੰਦੀ ਹੈ। ਤਕਨੀਕ ਸਦਾ ਹੀ ਲੇਖਕ ਦੀ ਸਮਕਾਲੀਨ ਹੁੰਦੀ ਹੈ। 1991-92 ਵਿਚ ਗੁਰਦਿਆਲ ਸਿੰਘ ਦਾ 'ਪਰਸਾ' ਅਤੇ ਉਸ ਤੋਂ ਕੁਝ ਪਹਿਲਾਂ ਰਾਮ ਸਰੂਪ ਅਣਖੀ ਦਾ 'ਕੋਠੇ ਖੜਕ ਸਿੰਘ' ਅਤਿ ਚਰਚਿਤ ਨਾਵਲ ਸਨ। ਮੈਂ ਇਹ ਦੋਵੇਂ ਨਾਵਲ ਪੜ੍ਹੇ ਅਤੇ ਨਾਲ ਹੀ ਕਰਮਜੀਤ ਕੁੱਸੇ ਦੀਆਂ ਦੋ ਗਲਪ ਰਚਨਾਵਾਂ ਦਾ ਵੀ ਪਾਠ ਕੀਤਾ। ਪਰ ਇਹ ਚਾਰੇ ਨਾਵਲ ਬਿਰਤਾਂਤ ਮੁਖੀ ਸਨ। ਸੁਰਿੰਦਰ ਸਿੰਘ ਨਰੂਲਾ ਦਾ 'ਪਿਉ ਪੁੱਤਰ' ਜੋ ਭਾਵੇਂ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੌਰਾਨ ਲਿਖਿਆ ਗਿਆ ਸੀ, ਮੈਨੂੰ ਤਕਨੀਕ ਪੱਖੋਂ ਜ਼ਿਆਦਾ ਆਧੁਨਿਕ ਅਤੇ ਮੇਰੀ ਸੰਭਾਵੀ ਕਿਰਤ ਲਈ ਜ਼ਿਆਦਾ ਢੁਕਵੀਂ ਸ਼ੈਲੀ ਵਾਲਾ ਜਾਪਿਆ। ਇਹਨਾਂ ਤੋਂ ਇਲਾਵਾ ਅੰਗਰੇਜ਼ੀ ਸਾਹਿਤ ਦੀ ਐਮ. ਏ. ਕਰਦੇ ਸਮੇਂ ਮੈਂ ਹਾਰਡੀ, ਡਿਕਨ-ਜ਼, ਥੈਕਰੇ, ਹੈਨਰੀ ਜੇਮਜ਼ ਆਦਿ ਨੂੰ ਪੜ੍ਹਿਆ ਸੀ। ਚਾਰਲਸ ਡਿਕਨ-ਜ਼ ਦੇ 'ਡੇਵਿਡ ਕੌਪਰਫੀਲਡ' ਤੋਂ ਪ੍ਰੇਰਿਤ ਹੋ ਕੇ ਮੈਂ ਸਵੈਜੀਵਨੀ ਉਤੇ ਆਧਾਰਤ ਨਾਵਲ ਲਿਖਣਾ ਸ਼ੁਰੂ ਕੀਤਾ। ਡਿਕਨ-ਜ਼ ਦਾ ਉਪਰੋਕਤ ਨਾਵਲ ਵੀ ਆਤਮਕਥਾਈ ਹੈ, ਉਸਦਾ ਨਾਂ ਵੀ ਡਿਕਨ-ਜ਼ ਨੇ ਆਪਣੇ ਨਾਂ ਦੇ ਪਹਿਲੇ ਦੋ ਅੱਖਰ ਉਲਟਾ ਕੇ ਰੱਖਿਆ ਸੀ, ਜਿਵੇਂ ਚਾਰਲਸ ਡਿਕਨ-ਜ਼ ਤੋਂ ਡੇਵਿਡ ਕੌਪਰਫੀਲਡ। ਨਰੰਜਣ ਮਸ਼ਾਲਚੀ ਬਿਨਾਂ ਸ਼ੱਕ ਮੇਰੇ ਪਿਤਾ ਨੌਰੰਗ ਸਿੰਘ ਦਾ ਗਲਪੀ ਚਿਤਰਨ ਹੈ ਅਤੇ ਮਾਤਾ ਗੁਰਦੇਵ ਕੌਰ ਵੀ ਗਲਪ ਰਚਨਾ ਵਿਚ ਗੁਰਮੀਤ ਕੌਰ ਬਣਾ ਦਿੱਤੀ ਗਈ। ਮੈਂ ਪਾਤਰ ਮੈਂ ਆਪ ਹਾਂ। ਕਸ਼ਮੀਰਾ ਸਿੰਘ ਮੇਰੇ ਜਨਮ ਤੋਂ ਤੁਰੰਤ ਮਗਰੋਂ ਚੌਕੀਦਾਰ ਪਾਸ ਲਿਖਾਇਆ ਗਿਆ ਮੇਰਾ ਪਹਿਲਾ ਅਸਲੀ ਨਾਮ ਹੈ। ਨਾਵਲ ਦਾ ਸਮਾਂ 1950 ਤੋਂ 1977 ਤਕ ਦਾ ਲਿਆ ਗਿਆ ਹੈ ਜਦੋਂ ਕਿ ਅਸਲ ਜੀਵਨ ਵਿਚ ਇਹ 1952 ਤੋਂ 1983 ਤਕ ਦਾ ਬਣਦਾ ਸੀ। ਇਸਦਾ ਕਾਰਨ ਇਹ ਸੀ ਕਿ ਮੈਂ ਪੁਰਾਣੀ ਖੇਤੀ ਤੋਂ ਹਰੀਕ੍ਰਾਂਤੀ ਦੇ ਸਿਖਰ ਤਕ ਨੂੰ ਚਿਤਰਨਾ ਚਾਹੁੰਦਾ ਸਾਂ।

ਅਸਲੀਅਤ ਵਿਚ ਮੇਰੇ ਪਿਤਾ ਇਕ ਵਧੀਆ ਬੁਲਾਰੇ ਅਤੇ ਚੰਗੇ ਕਵੀਸ਼ਰ ਸਨ ਪਰ ਮੈਂ ਪੁਰਾਤਨਤਾ ਅਤੇ ਯਥਾਰਥੀ ਦੂਰੀ ਦਰਸਾਉਣ ਲਈ ਉਹਨਾਂ ਨੂੰ ਕਵੀਸ਼ਰ ਤੋਂ ਢਾਡੀ ਰਾਗ ਦਾ ਰਸੀਆ ਬਣਾ ਕੇ ਪੇਸ਼ ਕਰਨਾ ਬਿਹਤਰ ਸਮਝਿਆ ਕਿਉਂਕਿ ਅਖਾੜਿਆਂ ਵਾਲਾ ਢਾਡੀ ਰਾਗ, ਕਵੀਸ਼ਰੀ-ਕਾਵਿ ਨਾਲੋਂ ਲੋਕ ਮਨ ਦੇ ਜ਼ਿਆਦਾ ਨਜ਼ਦੀਕ ਹੈ।

ਨਾਵਲ ਵਿਚਲੇ ਬਹੁਤੇ ਪਾਤਰ ਅਸਲ ਜੀਵਨ ਵਿਚੋਂ ਲਏ ਗਏ ਹਨ। ਪੂਰੇ ਨਾਵਲ ਵਿਚ ਸਿਰਫ ਦੋ ਪਾਤਰ ਮਾਸਟਰ ਕਰਤਾਰ ਚੰਦ ਅਤੇ ਜਿੰਦਰੋ ਮੇਰੇ ਮਨ ਦੀ ਸਿਰਜਣਾ ਹਨ। ਮੇਰੇ ਅਸਲ ਜੀਵਨ ਵਿਚ ਇਹ ਪਾਤਰ ਕਿਧਰੇ ਵੀ ਨਹੀਂ ਲੱਭਦੇ। ਹਿੰਦੂ ਰਹੁਰੀਤਾਂ, ਜੀਵਨ ਅਤੇ ਦ੍ਰਿਸ਼ਟੀਕੋਣ



ਨੂੰ ਨਿਰਪੱਖਤਾ ਨਾਲ ਪ੍ਰਗਟਾਉਣ ਲਈ ਮਾਸਟਰ ਕਰਤਾਰ ਚੰਦ ਦੀ ਜ਼ਰੂਰਤ ਸੀ। ਜਿੰਦਰੋ ਜਿਹੇ ਆਦਰਸ਼ ਕਿਰਦਾਰ ਰਾਹੀਂ ਮੈਂ ਆਧੁਨਿਕ ਨਾਰੀ ਦੇ ਭਵਿੱਖ ਲਈ ਸੁਝਾਅ ਦੇਣਾ ਚਾਹੁੰਦਾ ਸੀ।

ਅਰਸਤੂ ਅਨੁਸਾਰ ਸਾਹਿਤਕ ਸੱਚ ਵਾਪਰਿਆ ਹੋਇਆ ਯਥਾਰਥ ਨਹੀਂ ਹੁੰਦਾ ਸਗੋਂ ਉਹ ਅਜਿਹਾ ਸੱਚ ਹੁੰਦਾ ਹੈ ਜੋ ਵਾਪਰ ਸਕਦਾ ਹੈ ਜਾਂ ਸੱਚ ਵਰਗਾ ਜਾਪਦਾ ਹੈ। ਇਸ ਤਰ੍ਹਾਂ 'ਨਰੰਜਣ ਮਸ਼ਾਲਚੀ' ਵਿਚ ਵਾਪਰੀ ਮੁੱਖ ਘਟਨਾ ਹੀ ਅਸਲ ਸੱਚ ਹੈ। ਬਾਕੀ ਸਭ ਸੱਚ ਹੁੰਦਾ ਹੋਇਆ ਵੀ ਮੁੜ ਚਿਤਵਿਆ ਸੱਚ ਹੈ। ਮੁੜ ਚਿਤਵੇ ਸੱਚ ਵਿਚ ਗਲਪ ਜਾਂ ਝੂਠ ਆਪ ਮੁਹਾਰੇ ਹੀ ਪ੍ਰਵੇਸ਼ ਕਰ ਜਾਂਦਾ ਹੈ। ਜਦੋਂ ਮੁੱਖ ਦੁਖਾਂਤ ਵਾਪਰਿਆ ਤਾਂ ਮੇਰੀ ਉਮਰ ਇਕੱਤੀ ਸਾਲ ਸੀ। ਮੈਂ ਐਮ. ਏ. ਬੀ. ਐੱਡ, ਸ਼ਾਦੀਸ਼ੁਦਾ ਸਾਂ ਅਤੇ ਸਰਵਿਸ ਕਰਨ ਲੱਗ ਪਿਆ ਸਾਂ। ਮੇਰੀ ਭੈਣ ਵਿਆਹੀ ਜਾ ਚੁੱਕੀ ਸੀ। ਮੇਰੇ ਦੋ ਭਰਾ ਕੁਆਰੇ ਸਨ। ਪਰ ਨਾਵਲ ਦੇ ਪ੍ਰਭਾਵ ਨੂੰ ਵਧਾਉਣ ਲਈ ਮੈਂ ਕਸ਼ਮੀਰੇ ਦੀ ਉਮਰ 26 ਸਾਲ ਦਰਸਾਈ ਅਤੇ ਪੜ੍ਹਾਈ ਅੱਧ ਵਿਚਕਾਰ ਛੁਡਾ ਦਿੱਤੀ। ਉਸਦੀ ਭੈਣ ਜੀਤੋ ਅਤੇ ਇਕੋ ਇਕ ਭਰਾ ਰਾਏ ਸਿੰਘ ਨੂੰ ਪੜ੍ਹ ਰਹੇ ਦਰਸਾਉਣਾ ਜ਼ਿਆਦਾ ਯੋਗ ਸਮਝਿਆ।

ਨਾਵਲ ਦੀ ਮੁੱਖ ਥੀਮ ਵਿਆਹ ਦੀ ਸੰਸਥਾ ਵਿਚ ਵਿਸ਼ਵਾਸ, ਸੁਭਾਅ ਦੀ ਅਨਜੋੜਤਾ ਅਤੇ ਅੰਦਰੂਨੀ ਗੁਣ ਔਗੁਣਾਂ ਦੇ ਕੁਮੇਲ ਕਾਰਨ ਵਾਪਰਿਆ ਦੁਖਾਂਤ ਹੈ। ਕੋਈ ਵੀ ਵਿਅਕਤੀ ਹਰ ਜਗ੍ਹਾ ਮਿਸਫਿੱਟ ਨਹੀਂ ਹੁੰਦਾ। ਕਾਮ ਭੁੱਖ ਦੀ ਸੰਤੁਸ਼ਟੀ ਨਾ ਹੋਣ ਜਾਂ ਪਤੀ ਜਾਂ ਪਤਨੀ ਦੀ ਹਉਮੈਂ ਨੂੰ ਨਿੱਤ ਦਿਹਾੜੇ ਪਹੁੰਚਦੀ ਭਾਵੁਕ ਠੇਸ ਕਾਰਨ ਸੰਬੰਧਤ ਵਿਅਕਤੀ ਨਰੰਜਣ ਜਿਹੇ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹੋ ਸਕਦਾ ਹੈ। ਇਸ ਥੀਮ ਨੂੰ ਪੇਸ਼ ਕਰਨ ਹਿਤ ਵੱਖੋ ਵੱਖਰੇ ਸੁਭਾਅ, ਗੁਣਾਂ-ਔਗੁਣਾਂ ਵਾਲੀਆਂ ਪੰਜ ਜੋੜੀਆਂ ਚੁਣੀਆਂ ਗਈਆਂ। ਜਿਹਨਾਂ ਵਿਚ ਨਰੰਜਣ ਅਤੇ ਗੁਰਮੀਤੋ ਸਿਰਨਰੜ ਜੋੜੀ ਹੈ। ਜਥੇਦਾਰ ਜਾਗਰ ਸਿੰਘ + ਚਾਚੀ ਪ੍ਰਸਿੰਨੀ ਦੀ ਸਫਲ ਦੰਪਤੀ ਹੈ। ਮਾਸੜ ਸੁਰਮੁਖ ਸਿੰਘ + ਮਾਸੀ ਬਲਵੰਤ ਕੌਰ ਵੀ ਗ੍ਰਹਿਸਤ ਸੁੱਖ ਪੱਖੋਂ ਫੇਲ੍ਹ ਹੋਏ ਨਹੀਂ ਗਿਣੇ ਜਾ ਸਕਦੇ। ਤਾਇਆ ਜੈਮਲ + ਚੰਦ ਕੌਰ ਵਿਚੋਂ ਤਾਈ ਦੇ ਉਲਾਰ-ਚਿੱਤ ਹੋਣ ਦੇ ਬਾਵਜੂਦ ਗ੍ਰਹਿਸਤ ਸਮਝੌਤਾ ਜਾਰੀ ਰਹਿੰਦਾ ਹੈ। ਜਿੰਦਰੋ + ਜਿਊਣ ਸਿੰਘ ਵਿਚੋਂ ਜਿਊਣ ਸਿੰਘ ਵਿਭਚਾਰੀ ਹੈ ਪਰ ਫੇਰ ਵੀ ਜਿੰਦਰੋ ਉਹ ਕੁਝ ਕਰਦੀ ਦਰਸਾਈ ਹੈ ਜੋ ਗੁਰਮੀਤੋ ਨਹੀਂ ਸੀ ਕਰ ਸਕਦੀ। ਕਿਉਂਕਿ ਜਿੰਦਰੋ ਪੜ੍ਹ ਲਿਖ ਜਾਂਦੀ ਹੈ, ਇਸ ਲਈ ਗੁਰਮੀਤੋ ਵਾਂਗ ਤਿਲਤਿਲ ਕਰਕੇ ਮਰਨ ਨਾਲੋਂ ਉਸਦਾ ਆਪਣੇ ਜਿਊਣੇ ਨਾਲੋਂ ਅਲਹਿਦਾ ਹੋ ਜਾਣਾ ਜਾਇਜ਼ ਠਹਿਰਾਇਆ ਗਿਆ ਹੈ। ਨਵਾਂ ਰਾਹ ਚੁਣ ਲੈਣਾ ਕੋਈ ਬੁਰਾਈ ਨਹੀਂ। ਵਿਆਹ ਰੂਪੀ ਹਾਦਸੇ ਦੇ ਵਾਪਰ ਜਾਣ ਮਗਰੋਂ ਵੀ ਬਿਹਤਰੀ ਵਾਲਾ ਜੀਵਨ ਢੰਗ ਅਪਣਾਇਆ ਜਾ ਸਕਦਾ ਹੈ ਜਿਵੇਂ ਕਿ ਜਿੰਦਰੋ ਜੀਵੇਗੀ ਜਿਸ ਦਾ ਇਸ਼ਾਰਾ ਨਾਵਲ ਵਿਚੋਂ ਮਿਲ ਜਾਂਦਾ ਹੈ। ਪਹਿਲੇ ਚਾਰ ਵਿਆਹੁਤਾ ਜੋੜਿਆਂ ਤੋਂ ਇਹ ਵੀ ਸੁਝਾਅ ਮਿਲਦਾ ਹੈ ਕਿ ਜੇ ਕਿਧਰੇ ਗੁਰਮੀਤ ਕੌਰ ਦੇ ਜਥੇਦਾਰ ਜਾਗਰ ਸਿੰਘ ਨਾਲ ਸੰਜੋਗ ਭਿੜ ਗਏ ਹੁੰਦੇ, ਚੰਦ ਕੌਰ ਜਾਂ ਪ੍ਰਸਿੰਨੀ ਵਿਚੋਂ ਇਕ ਰੰਗੀਲੇ ਨਰੰਜਣ ਨਾਲ ਵਿਆਹ ਸੰਬੰਧਾਂ ਵਿਚ ਬੱਝ ਗਈ ਹੁੰਦੀ ਤਾਂ ਮੁੱਖ ਦੁਖਾਂਤ ਕਦੇ ਵੀ ਨਾ ਵਾਪਰਦਾ।

ਨਾਵਲੀ ਬਿਰਤਾਂਤ ਵਿਚ ਰੰਗ ਭਰਨ ਲਈ ਗੁੱਗੇ ਦੀ ਪੂਜਾ, ਮਾਤਾ ਰਾਣੀ ਦੇ ਗੀਤ, ਪੱਤਲ ਪਰੰਪਰਾ, ਸਿੱਠਣੀਆਂ, ਜੰਨ ਬੰਨ੍ਹਣੀ-ਖੋਹਲਣੀ, ਸਾਧਾਂ ਦੀ ਸੇਵਾ, ਜਲਸੇ ਦਾ ਰਿਵਾਜ, ਅਮਲੀਆਂ ਦਾ ਜੀਵਨ, ਲੋਕ ਗੀਤ, ਆਵਾਜ਼ਾਂ, ਟੋਟਕੇ, ਅਜ਼ਰਾਇਤ, ਪੁੱਛਿਆ, ਠਾਕਰਾਂ ਸ਼ਹੀਦਾਂ

ਦੀ ਪੂਜਾ, ਵਿਸ਼ਵਾਸ- ਅੰਧ ਵਿਸ਼ਵਾਸ, ਸੱਟੇ ਅਤੇ ਨਸ਼ੇ ਜਿਹੀਆਂ ਕੁਰੀਤੀਆਂ- ਕਲਾਤਮਕ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਿਛੋਕੜ ਵਿਚ ਸਿੰਘ ਸਭਾ ਲਹਿਰ ਰੱਖਕੇ ਪੰਜਾਬੀ ਸੂਬਾ ਮੋਰਚਾ, ਜ਼ਿਮੀਂਦਾਰਾ ਯੂਨੀਅਨ, ਇਕਹਿਰਾ-ਸਾਂਝਾ ਪਰਿਵਾਰ ਦੀ ਪੇਸ਼ਕਾਰੀ ਵੀ ਗਲਪਨਿਕ ਜੋੜ ਸੀ। ਇਸ ਸਭ ਕਾਸੇ ਲਈ ਮਨ-ਬਚਨੀ ਤਕਨੀਕ ਜਾਂ ਪਿੱਛਲਝਾਤ ਕਥਨ-ਢੰਗ ਅਪਨਾਉਣਾ ਬਣਦਾ ਸੀ ਕਿਉਂਕਿ ਜੇ ਨਾਵਲ ਬਿਰਤਾਂਤ ਵਿਧੀ ਵਿਚ ਲਿਖਿਆ ਜਾਂਦਾ ਤਾਂ ਉਪਰੋਕਤ ਵੇਰਵੇ ਵਾਧੂ ਸਾਬਿਤ ਹੋਣੇ ਸਨ। ਐਪਰ ਚੇਤਨਾ ਪ੍ਰਵਾਹ ਵਿਚ ਵਹਿੰਦਾ ਜਾ ਰਿਹਾ ਪਾਤਰ ਕੁਝ ਵੀ ਸੋਚ ਸਕਦਾ ਹੈ, ਸੋ ਆਪਣੇ ਬਚਪਨ ਨੂੰ ਦੁਬਾਰਾ ਜਿਉਂਦਾ ਹੋਇਆ ਸੀਰਾ ਸਭ ਰਸਮਾਂ-ਰੀਤਾਂ, ਵਹਿਮਾਂ-ਭਰਮਾਂ ਰਵਾਇਤਾਂ ਅਤੇ ਯਾਦਾਂ ਨੂੰ ਮੁੜ ਸਿਰਜਦਾ ਹੈ।

ਨਾਵਲ ਦਾ ਨਾਂ 'ਨਰੰਜਣ ਮਸ਼ਾਲਚੀ' ਵੀ ਪਰੰਪਰਾ ਦੇ ਉਲਟ ਪ੍ਰਤੀਕਾਤਮਕ ਹੁੰਦਾ ਹੋਇਆ ਐਂਟੀ-ਥੀਸਿਸ ਪੈਦਾ ਕਰਨ ਲਈ ਚੁਣਿਆ ਗਿਆ ਹੈ। ਨਰੰਜਣ, ਪਰੰਪਰਕ ਨਾਇਕ ਨਹੀਂ, ਨਿਰਅੰਜਨ ਨਹੀਂ ਸਗੋਂ ਆਮ ਇਨਸਾਨ ਹੈ- ਗੁਣਾਂ ਔਗੁਣਾਂ ਨਾਲ ਭਰਪੂਰ। ਮਸ਼ਾਲਚੀ ਉਸਦੀ ਅੱਲ ਹੈ। ਪਰ ਮਸ਼ਾਲਚੀ ਹੁੰਦਾ ਹੋਇਆ ਵੀ ਉਹ ਮਸ਼ਾਲਚੀ ਨਹੀਂ। ਪੈਰ ਪੈਰ ਉਤੇ ਬਿਗਾਨਿਆਂ ਨੂੰ ਗ੍ਰੰਥਾਕਾਰੀ ਗੱਲਾਂ ਸੁਣਾਉਂਦਾ ਹੋਇਆ ਉਹ ਆਪਣੇ ਲਈ ਪਰਿਵਾਰਕ ਸੂਝ ਤੋਂ ਅਨਜਾਣ ਹੈ। ਮਸ਼ਾਲਚੀ ਹੋ ਕੇ ਵੀ ਆਪ ਹਨੇਰੇ ਵਿਚ ਵਿਚਰਦਾ ਹੈ।

ਗੁਰਮੀਤ ਕੌਰ ਦਾ ਜੀਵਨ ਬੇਸ਼ੱਕ ਕੌਲਾਂ ਭਗਤਣੀ ਵਾਲਾ ਹੈ। ਨਾਵਲ ਦੇ ਦੂਜੇ ਅਧਿਆਏ ਵਿਚਲੀ ਕੌਲਾਂ ਦੀ ਕਲੀ :

*"ਸਤਿਆ ਦੇ ਲੋਕ ਸੀ ਸਤਯੁਗੀ*
*ਉਦੋਂ ਪਬ ਸੀ ਧਰਮ ਦੇ ਚਾਰ...."*

ਬੀਜ ਰੂਪ ਵਿਚ ਇਸ ਗਲਪੀ ਰਚਨਾ ਦੀ ਥੀਮ ਨੂੰ ਸੁਝਾਉਂਦੀ ਹੈ ਜਿਸ ਤੋਂ ਔਰਤ ਦੀ ਵੇਦਨਾ ਦਾ ਕਾਰਨ ਜੁਗਾਂ ਜੁਗਾਂਤਰਾਂ ਤੋਂ ਚਲਿਆ ਆ ਰਿਹਾ ਮਰਦ ਦਾ ਜਗੀਰੂ ਸੁਭਾਅ ਅਤੇ ਸ਼ੱਕ ਦੀ ਪ੍ਰਵਿਰਤੀ ਪਹਿਲਾਂ ਹੀ ਸਪਸ਼ਟ ਹੋ ਜਾਂਦਾ ਹੈ। ਉਦੋਂ ਭਾਵੇਂ ਨਰੰਜਣ ਮਨੋਵਿਕਾਰ ਦਾ ਸ਼ਿਕਾਰ ਹਾਲੇ ਨਹੀਂ ਵੀ ਹੋਇਆ ਹੁੰਦਾ।

ਇੰਜ ਨਾਵਲ ਲਿਖਣ ਦਾ ਇਕ ਉਦੇਸ਼ ਆਪਣੇ ਮਾਪਿਆਂ ਦੇ ਜੀਵਨ ਵਿਚ ਆਏ ਦੰਪਤੀ ਵਿਗਾੜ ਦਾ ਕਾਰਨ ਢੂੰਡਣਾ ਵੀ ਸੀ ਜੋ ਕਿ ਮੈਂ ਪੂਰੀ ਰਚਨਾ ਕਰਨ ਉਪਰੰਤ ਵੀ ਰਚਨਾ ਦੌਰਾਨ ਨਿੱਜੀ ਰੂਪ ਵਿਚ ਨਿਰਪੱਖ ਰਹਿਕੇ ਵੀ ਲੱਭਣ ਤੋਂ ਅਸਮਰੱਥ ਰਿਹਾ ਹਾਂ। ਸਮੱਸਿਆ ਉਥੇ ਹੀ ਖੜ੍ਹੀ ਹੈ: ਕੀ ਪਰਿਵਾਰਕ ਕਲੇਸ਼ ਦਾ ਕਾਰਨ ਗ਼ਰੀਬੀ ਹੈ। ਮਾਨਸਿਕ ਅਤੇ ਭਾਵੁਕ ਕੁਮੇਲ ਹੈ ਜਾਂ ਕੋਈ ਸਰੀਰਕ ਵਿਗਾੜ ? ਨਰੰਜਣ ਅਤੇ ਗੁਰਮੀਤ ਕੌਰ ਦੀ ਅਣਬਣ ਦਾ ਕੀ ਕਾਰਨ ਹੈ ? ਦੁਖਾਂਤ ਦਾ ਕਾਰਨ ਬੇਸ਼ੱਕ, ਮਾਨਸਿਕ ਵਕਾਰ ਜਾਂ ਮਨੋਰੋਗ ਹੈ। ਮੈਂ ਕਿਸੇ ਸਿੱਟੇ ਉਤੇ ਨਹੀਂ ਪਹੁੰਚ ਸਕਿਆ। ਜੇ ਤੁਸੀਂ ਕੋਈ ਕਾਰਨ ਟਟੋਲ ਸਕੋ ਤਾਂ ਜ਼ਰੂਰ ਲਿਖਣਾ। ○○

[ਪਿੰਡ ਤੇ ਡਾ. ਸੇਹ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ]





# ਅੱਜ ਤੋਂ ਆਰੰਭ ਤੱਕ [ਗੁਰਚਰਨ ਰਾਮਪੁਰੀ]

ਚਰਚਾ ਅਧੀਨ ਪੁਸਤਕ ਗੁਰਚਰਨ ਰਾਮਪੁਰੀ ਦੀ ਸਮੁੱਚੀ ਕਵਿਤਾ ਹੈ। ਇਹ ਅੱਜ ਤੋਂ ਸ਼ੁਰੂ ਹੁੰਦੀ ਹੈ ਅਤੇ ਆਰੰਭ 'ਤੇ ਖਤਮ। ਇਹ ਪਿਰਤ ਸਵਿਟਜ਼ਰਲੈਂਡ ਵਿਚ ਵਸਦੇ ਪੰਜਾਬੀ ਕਵੀ ਦੇਵ ਨੇ ਪਾਈ ਹੈ। ਦੇਵ ਕਲਾਕਾਰ ਹੈ। ਕਲਾਕਾਰ ਪੁੱਠੇ ਕੰਮ ਕਰਦੇ ਹੀ ਹੁੰਦੇ ਹਨ। ਬੰਦਾ, ਸ਼ਬਦ, ਅੱਖਰ ਤੇ ਵਣ-ਤਿਣ ਸਭ ਕਾਸੇ ਨੂੰ ਪੁੱਠਾ ਲਟਕਾ ਕੇ ਪੁੱਠੇ ਸਿੱਧੇ ਅਰਥ ਕਢਦੇ ਹਨ। ਦੇਵ ਨੇ ਪਿਛਲੇ ਸਾਲ ਆਪਣੀ ਸਮੁੱਚੀ ਕਵਿਤਾ ਛਾਪੀ। ਨਵੀਆਂ ਕਵਿਤਾਵਾਂ ਤੋਂ ਸ਼ੁਰੂ ਕਰਕੇ ਮੁੱਢਲੀਆਂ ਤਕ। ਮੈਨੂੰ ਸਮੁੱਚੀ ਕਵਿਤਾ ਪਿਛਲੇ ਪਾਸਿਉਂ ਸ਼ੁਰੂ ਕਰਕੇ ਪੜ੍ਹਨੀ ਪਈ। ਹੁਣ ਗੁਰਚਰਨ ਰਾਮਪੁਰੀ ਤੋਂ ਰਿਹਾ ਨਹੀਂ ਗਿਆ- ਅੱਜ ਤੋਂ ਆਰੰਭ ਤਕ। [ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨੇ 538, ਮੁੱਲ 450 ਰੁਪਏ ] ਫੇਰ ਉਹੀਓ ਕਜੀਆ।

ਮੈਂ ਰਾਮਪੁਰੀ ਤੇ ਉਸਦੀ ਕਵਿਤਾ ਨੂੰ ਅੱਧੀ ਸਦੀ ਤੋਂ ਜਾਣਦਾ ਹਾਂ। 1953 ਵਿਚ ਰੋਜ਼ੀ-ਰੋਟੀ ਦੀ ਭਾਲ ਕਰਦਾ ਮੈਂ ਦਿੱਲੀ ਗਿਆ ਤਾਂ ਮੇਰਾ ਵਾਸਾ ਨਵਯੁਗ ਵਾਲਿਆਂ ਦੀ ਪਲੀਅਰ ਗਾਰਡਨ ਮਾਰਕਿਟ ਨੇੜੇ ਦਰੀਬਾ ਕਲਾਂ ਵਿਚ ਸੀ। ਮੈਂ ਆਪਣੇ ਪੁਰਾਣੇ ਸਾਈਕਲ ਵਾਸਤੇ ਪੁਰਾਣੇ ਟਾਇਰ ਲੱਭਦਾ ਪਿਆ ਸਾਂ ਕਿ ਸਾਹਮਣੇ ਨਵਯੁਗ ਦਾ ਫੱਟਾ ਆ ਗਿਆ। ਕਾਲੀ ਦਾੜ੍ਹੀ ਤੇ ਚਿੱਟੇ ਕਪੜਿਆਂ ਵਾਲੇ ਮਾਲਕ ਪ੍ਰੀਤਮ ਸਿੰਘ ਨੂੰ ਆਪਣਾ ਸ਼ੌਕ ਦੱਸਿਆ ਤਾਂ ਉਸਨੇ ਮੈਨੂੰ ਰਾਮਪੁਰੀ ਦਾ ਪਲੇਠੀ ਦਾ ਕਾਵਿ ਸੰਗ੍ਰਹਿ 'ਕਣਕਾਂ ਦੀ ਖੁਸ਼ਬੋ' ਦਿੱਤਾ। ਪਹਿਲੀ ਮਿਲਣੀ ਦੀ ਪ੍ਰਵਾਨਗੀ ਵਜੋਂ ਪੈਸੇ ਨਹੀਂ ਲਏ। ਡੇਢ ਰੁਪਏ। ਉਦੋਂ ਲਾਜਪਤ ਰਾਇ ਮਾਰਕਿਟ ਵਿਚ ਚਾਰ ਆਨੇ ਦੀ ਥਾਲੀ ਖਾਧਿਆਂ ਦਿਨ ਭਰ ਲਈ ਨਿਸ਼ਾ ਹੋ ਜਾਂਦੀ ਸੀ। ਮੈਂ ਹਫਤੇ ਦੀਆਂ ਰੋਟੀਆਂ ਕਮਾ ਕੇ ਨਿਸ਼ਚਿੰਤ ਹੋ ਗਿਆ। ਸਾਈਕਲ ਦੇ ਟਾਇਰ ਵੀ ਰੋਟੀ ਲਈ ਹੀ ਚਾਹੀਦੇ ਸਨ।

'ਕਣਕਾਂ ਦੀ ਖੁਸ਼ਬੋ' ਵਿਚ ਰੂਹ ਦੀ ਖੁਰਾਕ ਵੀ ਸੀ। ਨਹਿਰਾਂ, ਖੇਤ, ਕਣਕਾਂ ਤੇ ਚਾਨਣ ਭਰਿਆ ਰੇਤਾ। ਪਿੰਡ ਦੀ ਹਸੀਨਾ ਕਣਕ ਵਰਗੀ ਗੋਰੀ। ਮੈਨੂੰ ਪੁਸਤਕ ਵਿਚੋਂ ਆਪਣੇ ਪਿੰਡ ਦੀ ਕਣਕ ਵਰਗੀ ਖੁਸ਼ਬੋਈ ਆਉਣ ਲੱਗੀ। ਮੈਨੂੰ ਖੇਤ ਵੇਖਿਆਂ ਛੇ ਮਹੀਨੇ ਹੋ ਗਏ ਸਨ। ਪੁਸਤਕ ਰਾਹੀਂ ਖੇਤੀਂ ਜਾ ਵੜਿਆ ਤੇ ਰਾਤ ਨੂੰ ਖੇਤਾਂ ਦਾ ਸਰ੍ਹਾਣਾ ਲੈ ਰੱਜ ਕੇ ਸੁੱਤਾ।

ਇਸ ਰੱਜ ਦਾ ਇਕ ਕਾਰਨ ਇਹ ਵੀ ਸੀ ਕਿ ਮੈਂ ਪੁਸਤਕ ਦਾ ਮੁੱਖ-ਬੰਦ ਲਿਖਣ ਵਾਲੇ ਸੰਤੋਖ ਸਿੰਘ ਧੀਰ ਨੂੰ ਮਿਲਿਆ ਹੋਇਆ ਸਾਂ- ਖੰਨੇ ਦੇ ਨੇੜਲੇ ਪਿੰਡ ਨਿਊਂਹਾਂ ਵਿਚ ਇਕ ਕਵੀ ਦਰਬਾਰ ਤੋਂ ਪਿੱਛੋਂ। ਇਹ ਪੁਸਤਕ ਮੈਨੂੰ ਦਿੱਲੀ ਦੇ ਚਾਂਦਨੀ ਚੌਕ ਦੀ ਘੁਟਣ ਵਿਚੋਂ ਉੜਾ ਕੇ ਮੇਰੇ ਆਪਣੇ ਖੇਤਾਂ ਵਿਚ ਲੈ ਗਈ। ਆਪਣੇ ਪਿੰਡ ਦੀਆਂ ਕੁੜੀਆਂ ਵਿਚ :

1. *ਝਨਾਂ ਦੀ ਕਾਂਗ ਦੇ ਵਾਂਗੂ ਜਵਾਨੀ ਚੜ੍ਹੀ ਹੈ ਤੈਨੂੰ,*
   *ਦੁਪਹਿਰਾ ਸਿਖਰ 'ਤੇ ਆਏ ਜਿਹਾ ਅੱਜ ਰੂਪ ਹੈ ਤੇਰਾ*
2. *ਇਹ ਅੱਖੀਆਂ ਤੇਰੀਆਂ ਅੱਜ ਹਿਰਨੀਆਂ ਦੀ ਈਰਖਾ ਬਣੀਆਂ*
3. *ਕਪਾਹ ਦੀਆਂ ਫੁੱਟੀਆਂ ਨੂੰ ਰਸ਼ਕ/ਅੱਜ ਤੇਰੇ ਖਿੜਨ 'ਤੇ ਹੈ*
4. *ਮਮੋਲੇ ਨੈਣ ਬਾਤਾਂ ਪਾਉਂਦੇ/ਮੈਂ ਸਾਰੀਆਂ ਸੁਣੀਆਂ।*

ਨੈਣਾਂ ਦੀਆਂ ਬਾਤਾਂ ਠੀਕ ਸਨ ਪਰ ਸਾਰੀਆਂ ਸੁਣਨ ਵਿਚਲੀ ਕਾਵਿਕ ਛੁਹ ਬਹੁਤ ਚੰਗੀ ਲੱਗੀ। ਪਾਬਲੋ ਪਿਕਾਸੋ, ਤਿਲੰਗਨਾ, ਕੋਰੀਆ, ਲੋਕ ਚੀਨ, ਸ਼ਾਂਤੀ, ਕ੍ਰਾਂਤੀ ਤੇ ਮਾਰਕਸ ਦਾ ਛੱਟਾ

ਇਨ੍ਹਾਂ ਕਵਿਤਾਵਾਂ ਨੂੰ ਮੇਰੀ ਰੂਹ ਦੇ ਧੁਰ ਅੰਦਰ ਲੈ ਵੜਿਆ। ਗੋਰੀ ਦੇ ਪੈਰ ਵਿਚ ਰਾਹਾਂ ਦੀ ਧੂੜ, ਜਿਸਮ ਵਿਚ ਕਣਕਾਂ ਦੀ ਖੁਸ਼ਬੋ ਤੇ ਮਸਤਕ ਉਤੇ ਚੀਨੋ-ਚੀਨ ਅਮਨ ਲਹਿਰ।

ਦੇਵ ਦੀ ਸਮੁੱਚੀ ਕਵਿਤਾ ਨੂੰ ਪਿਛਾਂਹ ਤੋਂ ਅਗਾਂਹ ਨੂੰ ਪੜ੍ਹਨ ਦੇ ਅਭਿਆਸ ਨੇ ਮੈਨੂੰ ਪੁੱਠ-ਪੈਰੇ ਰਾਮਪੁਰੀ ਦੀ 'ਅੱਜ ਤੋਂ ਆਰੰਭ ਤਕ' ਪੜ੍ਹਨ ਦੇ ਯੋਗ ਬਣਾ ਦਿੱਤਾ ਸੀ। ਕਣਕਾਂ ਤੋਂ 'ਕੌਲ ਕਰਾਰ' 'ਤੇ ਆ ਜਾਂਦਾ ਹਾਂ। 'ਕਦੇ ਨਾਚ ਆਦਮ ਦੇ ਅੰਗੀਂ ਨਾ ਰਚਦਾ/ਜੇ ਕਣਕਾਂ ਦੇ ਲੱਕੀਂ ਹੁਲਾਰੇ ਨਾ ਹੁੰਦੇ' ਤੇ 'ਕਲਮਾਂ ਜੁੜਦੀਆਂ ਜੁਗ ਪਲਟਾਉਂਦੀਆਂ ਨੇ' ਵਿਚੋਂ ਹੁੰਦਾ ਹੋਇਆ :

*ਇਸ਼ਕ ਠੋਕਰ 'ਤੇ ਮੁਸਕਰਾਉਂਦਾ ਹੈ/ਤਾਰਾ ਡੁਬਦਾ ਵੀ ਜਗਮਗਾਉਂਦਾ ਹੈ*
*ਮੋਰ ਨੱਚਦੇ ਵੀ ਰੋਈ ਜਾਂਦੇ ਨੇ/ਹੰਸ ਮਰਦੇ ਸਮੇਂ ਵੀ ਗਾਉਂਦਾ ਹੈ*

ਵਰਗੇ ਸੱਚਾਂ ਨੂੰ ਮਾਣਦਾ ਮੈਂ ਸ਼ਾਇਰ ਦੇ ਅੰਤਰੀਵ ਮਨ ਦੀ ਗੱਲ ਸੁਣਦਾ ਹਾਂ ਤੇ ਖੇਤਾਂ ਵਿਚ ਸਰ੍ਹੋਂ ਵੱਲੋਂ ਕੇਰੇ ਹੋਏ ਸੋਨੇ ਵਿਚੋਂ ਲੰਘਦਾ ਰਾਮਪੁਰੀ ਦੇ ਅਸਲ ਤੋੜੇ ਉਤੇ ਪਹੁੰਚ ਜਾਂਦਾ ਹਾਂ :

*ਕਦੇ ਨਾਚ ਆਦਮ ਦੇ ਅੰਗੀਂ ਨਾ ਰਚਦਾ*
*ਜੇ ਕਣਕਾਂ ਦੇ ਲੱਕੀਂ ਹੁਲਾਰੇ ਨਾ ਹੁੰਦੇ*

'ਕੌਲ ਕਰਾਰ' ਵਿਚ ਰਾਮਪੁਰੀ ਦੀਆਂ ਇਨਕਲਾਬੀ ਸੁਰਾਂ ਦੀ ਥਾਂ ਸਹਿਜ ਸੂਝ ਤੇ ਸਰੋਦ ਨੇ ਲੈ ਲਈ ਸੀ। ਜੋਸ਼ ਦੀ ਥਾਂ ਠਰ੍ਹੰਮਾ ਤੇ ਜਿਸਮ ਦੇ ਬਾਹਰੀ ਕਲੋਲਾਂ ਦੀ ਥਾਂ ਅੰਦਰ ਦੇ ਬੋਲ। ਇਹ ਸਹਿਜ ਤੇ ਸੂਝ 'ਕਿਰਨਾਂ ਦਾ ਆਲ੍ਹਣਾ', 'ਅੰਨ੍ਹੀ ਗਲੀ', 'ਕੰਚਨੀ' ਤੇ 'ਅਗਨਾਰ' ਵਿਚ ਵੀ ਕਾਇਮ ਹੈ। ਏਥੇ ਸੂਝ ਤੇ ਸੁਹਜ ਜਿਨ੍ਹਾਂ ਰੰਗਾਂ ਰਾਹੀਂ ਵਿਚਰਦਾ ਹੈ, ਉਹ ਕੁਝ ਏਸ ਤਰ੍ਹਾਂ ਦੇ ਹਨ :

*ਪਹਿਲਾ-* *ਦੇਸ਼ ਮੇਰੇ ਸੰਧਿਆ ਊਸ਼ਾ ਨੇ ਦੋਵੇਂ ਹਾਨਣਾਂ*
*ਦੋਏ ਮੁਟਿਆਰਾਂ ਲੋਓੜਕ ਹੀ ਸ਼ੁਕੀਨ*
*ਵਿਦਾ ਵੇਲੇ ਸੰਧਿਆ ਲਾਲ ਫੁਲਕਾਰੀ ਨੈ ਕਢ ਕੇ ਓਢਦੀ*
*ਕਲ੍ਹ ਨੂੰ ਆ ਕੇ ਮਿਲਾਂਗੇ ਅੱਜ ਨਾਲੋਂ ਵੀ ਜਵਾਨ*
*ਬਿਰਹਾ ਬਾਝੋਂ ਮਿਲਣੀਆਂ ਦਾ ਮੁੱਲ ਅੱਧਾ*

*ਦੂਜਾ* 1. *ਇਕ ਖੂੰਜੇ ਮੇਰੇ ਮਿੱਤਰਾਂ ਦੇ ਹੱਥ ਉਦਾਸੇ ਹਿੱਲ ਰਹੇ ਨੇ*
*ਜੋ ਪਰਦੇਸ ਜਾਵਣ 'ਤੇ ਮੈਨੂੰ ਛੱਡਣ ਆਏ*
*ਹੋਰ ਅਨੇਕਾਂ ਚੀਜ਼ਾਂ ਥਾਵਾਂ ਰੰਗ-ਟਿਮਕਣੇ ਬਣੀਆਂ*
*ਜਿਨ੍ਹਾਂ ਨਾਲ ਮੇਰਾ ਮੋਹ ਜੁੜਿਆ ਨਹੀਂ*
*ਇਸ ਤਸਵੀਰ 'ਚ ਮੇਰੀ ਮਾਂ ਦਾ ਡੌਰ-ਭੌਰ ਮੁਰਝਾਇਆ ਚਿਹਰਾ*
*ਸਭ ਤੋਂ ਵੱਧ ਗੂੜ੍ਹਾ ਹੈ*

---

2. *ਮੋਹ ਮੁਸਕਾਹਟ, ਲਾਲਚ ਵਿਚ ਕੋਈ ਲੀਕ ਨਾ ਉਭਰੇ,*
*ਅਪਣੀ ਮਿੱਟੀ, ਧੁੱਪ ਤੇ ਸਰਲ ਵਫਾ ਦੀ*
*ਨਿੱਘੀ ਵਾ ਨੂੰ ਤਰਸ ਰਿਹਾ ਹਾਂ*

---

3. *ਸਾਗਰ ਵਿਚ ਬੇੜੀ ਠੇਲ੍ਹਣ ਲਈ*
*ਜੋ ਤੂਫਾਨ ਗੁਜ਼ਰ ਜਾਵਣ ਨੂੰ ਪਏ ਉਡੀਕਣ*
*ਉਹ ਕੰਢੇ ਹੀ ਬੈਠੇ ਰਹਿੰਦੇ*



*ਤੀਜਾ* 1. *ਹੁਣ ਸੋਚਦਾ ਹਾਂ ਕਿ ਇਹ ਝੰਡੇ ਸਿਧਾਂਤ ਨਾਅਰੇ*
*ਕਿੰਨਾ ਕੁ ਹੈਨ ਉਹਲਾ ਸੱਤਾ ਦੀ ਭੁਖ ਦਾ ਹੀ*

2. *ਚੰਨ ਉੱਤੇ ਘੁੰਮ ਆਇਆ ਆਦਮੀ*
*ਲੀਕ ਦੇਸ਼ਾਂ ਦੀ ਅਜੇ ਨਾ ਟੱਪਿਆ*

3. *ਯੁਗ ਪੁਰਖ ਫਲਸਫੀ ਜੋ ਆਦਰਸ਼ ਕਲਪਦੇ ਰਹੇ*
*ਬਣਿਆ ਹੈ ਕੀ ਉਨ੍ਹਾਂ ਦਾ ?*

4. *ਜੀਵਨ 'ਚ ਨ੍ਹੇਰ ਜੇ ਹੈ*
*ਕਿਸ ਕੰਮ ਫਲਸਫਾ ਹੈ*

ਸਮੇਂ ਨਾਲ ਰੰਗਾਂ ਦਾ ਅਜਿਹਾ ਹੇਰ ਫੇਰ ਸਮੇਂ ਦੀ ਧੂੜ ਹੰਗਾਲਣ ਵਾਲਿਆਂ ਦੀ ਸੋਚ ਵਿਚ ਆ ਜਾਣਾ ਕੁਦਰਤੀ ਅਮਲ ਹੈ। ਸੰਤੋਖ ਸਿੰਘ ਧੀਰ ਨਾਲੋਂ ਅੱਠ ਦਸ ਵਰ੍ਹੇ ਛੋਟਾ ਤੇ ਮੇਰੇ ਨਾਲੋਂ ਏਨਾ ਕੁ ਵੱਡਾ ਗੁਰਚਰਨ ਰਾਮਪੁਰੀ ਸਾਡੇ ਸਮਿਆਂ ਦੇ ਸੱਚ ਨੂੰ ਉਲੀਕਦਾ ਅਪਣੇ ਸਹਿਜ ਕਾਵਿ ਰਾਹੀਂ ਅਪਣੇ ਸਮਕਾਲੀਆਂ ਦੀ ਸੋਚ ਦੀ ਹੀ ਤਰਜਮਾਨੀ ਕਰ ਰਿਹਾ ਹੈ। ਉਨ੍ਹਾਂ ਵਿਚ ਮੈਂ ਵੀ ਸ਼ਾਮਲ ਹਾਂ। ਮੈਂ ਜੋ ਪੰਜਾਹਵਿਆਂ ਵਿਚ ਧੀਰ ਦੀ ਖੜ੍ਹੀ ਉਂਗਲ ਤੇ ਰਾਮਪੁਰੀ ਦੀ ਸੰਗੀਤਕ ਸੁਰ ਵਾਲੀ ਕਵੀ ਦਰਬਾਰੀ ਕਵਿਤਾ ਤੋਂ ਬੇਹੱਦ ਮੁਤਾਸਰ ਸਾਂ। ਹੁਣ ਅਸੀਂ ਸਾਰੇ ਹੀ ਇਹ ਪੜਾਅ ਲੰਘ ਆਏ ਹਾਂ। ਮੈਂ ਉਸ ਰੰਗ ਦੀ ਕਵਿਤਾ ਨੂੰ ਮੁਹੰਮਦ ਇਕਬਾਲ ਦੇ ਰੰਗ ਦੀ ਕਵਿਤਾ ਕਹਿੰਦਾ ਹਾਂ ਤੇ ਇਨ੍ਹਾਂ ਕਵੀਆਂ ਦੀ ਪਿੱਛੋਂ ਵਾਲੇ ਰੰਗ ਦੀ ਕਵਿਤਾ ਨੂੰ ਫੈਜ਼ ਦੇ ਰੰਗ ਦੀ ਕਵਿਤਾ। ਇਥੇ ਇਕਬਾਲ ਤੇ ਫੈਜ਼ ਦਾ ਨਾਂ ਮੈਂ ਨੁਕਤਾ ਸਮਝਾਉਣ ਲਈ ਵਰਤਿਆ ਹੈ ਕਿਉਂਕਿ ਅੱਜ ਮੈਨੂੰ ਉਚੀ ਸੁਰ ਵਾਲੀ ਕਵਿਤਾ ਸਿਰਫ਼ ਵੰਗਾਰ ਦਿਖਾਈ ਦਿੰਦੀ ਹੈ ਤੇ ਧੀਮੀ ਸੁਰ ਵਾਲੀ ਸਹੀ ਕਵਿਤਾ। ਧੀਰ ਤੇ ਰਾਮਪੁਰੀ ਦੋਵੇਂ ਕਵਿਤਾ ਦੇ ਨੇੜੇ ਆ ਗਏ ਹਨ। ਧੀਰ ਥੋੜ੍ਹਾ ਘੱਟ ਤੇ ਰਾਮਪੁਰੀ ਵੱਧ।

ਇਸਦਾ ਭਾਵ ਇਹ ਬਿਲਕੁਲ ਨਹੀਂ ਕਿ ਨਵੀਂ ਸੁਰ ਵਿਚ ਇਹ ਕਵੀ ਅਹਿਮ ਮਸਲਿਆਂ ਤੋਂ ਅਵੇਸਲੇ ਹੋ ਗਏ ਹਨ। ਉੱਕਾ ਹੀ ਨਹੀਂ। ਉਨ੍ਹਾਂ ਵਿਚ ਜਾਗ੍ਰਤੀ ਵਧੀ ਹੈ। ਰਾਮਪੁਰੀ ਦੀ ਉਦਾਹਰਣ ਦੇਣੀ ਹੋਵੇ ਤਾਂ ਉਹ ਦੱਖਣੀ ਅਮਰੀਕਾ, ਕਿਊਬਾ, ਵੀਅਤਨਾਮ, ਚੈਕੋਸਲੋਵਾਕੀਆ ਤੇ ਫਲਸਤੀਨੀ ਗੁਰੀਲਿਆਂ ਦੇ ਚਿੰਨ੍ਹਾਂ ਦੀ ਸ਼ਰਨ ਲੈ ਕੇ ਹੀ ਪਹਿਲਾਂ ਵਾਂਗ ਗੱਲ ਕਰਦਾ ਹੈ :

*ਹਰ ਮਿੱਟੀ ਤੇ ਰੁੱਤ ਆਪਣੀ ਮਹਿਕ ਸਿਰਜਦੀ*
*ਹਰ ਫੁੱਲ ਅਪਣੀ ਰੁੱਤ ਚੁਣਦਾ ਹੈ*
*ਹਰ ਯੁੱਗ ਅਪਣਾ ਝੂਠ ਘੜੇਂਦਾ*
*ਫੇਰ ਸੱਚ ਦੀ ਭਾਲ 'ਚ ਲੰਮੇ ਸਫਰ ਕਰੇਂਦਾ*

---

*ਮਿਰੇ ਅੱਗੇ ਭਵਿੱਖ ਮੇਰਾ- ਮਿਰੇ ਅੱਬਾ ਦੀਆਂ ਪੈੜਾਂ*
*ਜਿਨ੍ਹਾਂ ਨੇ ਸਵਰਗ ਦੇ ਰਾਹਾਂ 'ਤੇ ਮੈਨੂੰ ਤੋਰ ਦਿੱਤਾ ਹੈ*
*ਇਨ੍ਹਾਂ ਰਾਹਾਂ 'ਚ ਫੁੱਲਾਂ ਦੀ ਜਗ੍ਹਾ ਬਾਰੂਦ ਦੀ ਬੂ ਹੈ*
*ਇਨ੍ਹਾਂ ਰਾਹਾਂ 'ਤੇ ਲੱਖਾਂ ਸੂਲੀਆਂ ਹਨ ਤੇ ਸਲੀਬਾਂ ਹਨ*
*ਜਿਨ੍ਹਾਂ ਇਹ ਗੱਡੀਆਂ ਹਨ ਉਹ ਨਵੇਂ ਦੁਸ਼ਮਣ ਨਹੀਂ ਕੋਈ*

*ਉਹੀ ਈਸਾ ਅਤੇ ਮਨਸੂਰ ਦੇ ਕਾਤਲ ਪੁਰਾਣੇ ਹਨ*
*ਇਨ੍ਹਾਂ ਉਹ ਫੱਟ ਲਾਏ ਜੋ ਕਿ ਹੁਣ ਨਾਸੂਰ ਬਣ ਚੁੱਕੇ*
*ਕਿਤੇ ਪੰਜਾਬ, ਵੀਅਤਨਾਮ, ਕਿਧਰੇ ਕੋਰੀਆ ਰਿਸਦਾ*
*ਹੈ ਅਫਰੀਕਾ ਦਾ ਲਹੂ ਰੋਂਦਾ।*

ਰਾਮਪੁਰੀ ਕਾਵਿ ਦੀ ਵੱਡੀ ਖ਼ੂਬੀ ਪਹਿਚਾਣੀਆਂ ਹੋਈਆਂ ਪੈੜਾਂ ਨੱਪਣ 'ਚ ਹੈ। ਪਿਛਲੀ ਅੱਧੀ ਸਦੀ ਤੋਂ ਉਹ ਪਹਿਚਾਣੇ ਹੋਏ ਮਾਪ ਢੰਡ ਤੇ ਸੰਦ ਹੀ ਵਰਤ ਰਿਹਾ ਹੈ। ਉਸਦੀ ਕਵਿਤਾ ਵਿਚ ਤੋਲ ਵੀ ਕਾਇਮ ਹੈ, ਤੁਕਾਂਤ ਵੀ ਤੇ ਤਾਲ ਵੀ। ਇਹ ਵਿਧੀ ਕਵੀ ਦਰਬਾਰਾਂ ਦੀ ਦੇਣ ਹੈ। ਚੰਨ, ਸੂਰਜ, ਤਾਰਿਆਂ ਦੇ ਅਲੰਕਾਰ ਆਮ ਹੀ ਵਰਤੇ ਗਏ ਹਨ। ਕ੍ਰਾਂਤੀ ਲਈ ਜੂਝਦੇ ਮੁਲਕਾਂ, ਸ਼ਖ਼ਸਾਂ ਤੇ ਸਥਾਨਾਂ ਦੀ ਸ਼ਰਨ ਵੀ ਇਸੇ ਆਸ਼ੇ ਨਾਲ ਲਈ ਗਈ ਹੈ। ਸਾਮਰਾਜ ਨੂੰ ਸਰਬ ਰੋਗ ਦੀ ਜੜ੍ਹ ਠਹਿਰਾਉਣਾ ਵੀ ਇਸੇ ਧਾਰਨਾ ਦਾ ਅੰਗ ਹੈ। ਅਪਨੀ ਕਾਵਿਕ ਯਾਤਰਾ ਦਾ ਅੱਧੇ ਤੋਂ ਵੱਧ ਸਫਰ ਉਸਨੇ ਕੈਨੇਡਾ ਵਿਚ ਰਹਿੰਦਿਆਂ ਕੀਤਾ ਹੈ। ਪਰ ਕੈਨੇਡਾ ਦੇ ਵਾਸ ਨੇ ਵੀ ਉਸਨੂੰ ਦੰਭੀ ਤੇ ਸੁਆਰਥੀ ਰਾਜਨੀਤੀ ਦੇ ਸਿਰਜਕਾਂ ਤੇ ਚਾਲਕਾਂ ਦੇ ਨੇੜੇ ਨਹੀਂ ਲਿਆਂਦਾ:

*ਤਾਜਾਂ ਤਖਤਾਂ ਤੋਂ ਕੀ ਲੈਣਾ*
*ਮੈਨੂੰ ਤਾਂ ਅੱਜ ਦੋ ਪਾਸੇ ਦੇ ਕੁਰਸੀਬਾਜ਼ਾਂ*
*ਰਲ ਕੇ ਬੇਘਰ ਤੋਂ ਘਸਿਆਰਾ ਕਰ ਦਿੱਤਾ ਹੈ*
*ਤੱਤੀਆਂ ਗੱਲਾਂ ਹੋਰ ਨਾ ਵੰਡੋ*
*ਮੈਂ ਤਾਂ ਰੋਟੀ ਲੱਭ ਰਿਹਾ ਹਾਂ*

ਕਵੀ ਦੀ ਨਜ਼ਰ ਵਿਚ ਸੁਆਰਥੀ ਰਾਜਨੀਤੀ ਦੀ ਜੜ੍ਹ ਪੰਥ, ਉਮੱਤ ਧਰਮ ਤੇ ਧਰਤੀ ਨਹੀਂ ਸਗੋਂ ਆਮ ਲੋਕਾਂ ਦੀ ਚਮੜੀ ਹੈ। ਉਹ ਲੋਕਾਂ ਨੂੰ ਭੇਡਾਂ ਤੇ ਚਮੜੀ ਨੂੰ ਉਨ ਕਹਿ ਕੇ ਲਿਖਦਾ ਹੈ:

*ਇਹ ਰੌਲਾ ਪੰਥ, ਉਮੱਤ, ਧਰਮ ਦਾ ਰੌਲਾ ਨਹੀਂ ਹੈ/ਮੇਰੀ ਉਨ ਦਾ ਹੈ*
*ਪ੍ਰਸ਼ਨ ਤਾਂ ਸਿਰਫ ਏਨਾ ਹੈ/ਕਿ ਮੈਨੂੰ ਕੌਣ ਮੁੰਨਦਾ ਹੈ*

ਏਥੇ ਆ ਕੇ ਰਾਮਪੁਰੀ ਨੇ ਉਚੀ ਸੁਰ ਨੂੰ ਤਿਆਗ ਕੇ ਨੀਵੀਂ ਤੇ ਧੀਮੀ ਸੁਰ ਵਿਚੋਂ ਅਰਥ-ਯਥਾਰਥ ਪੈਦਾ ਕੀਤਾ ਹੈ। ਉਸਦੀ ਇਹ ਪਹੁੰਚ ਅੱਸੀਵਿਆਂ ਦੇ ਅੰਤਲੇ ਵਰ੍ਹਿਆਂ ਵਿਚ ਪਰਿਪੱਕ ਤੇ ਸਪਸ਼ਟ ਕਵਿਤਾ ਲੈ ਕੇ ਆਈ ਹੈ।

ਗੁਰਚਰਨ ਰਾਮਪੁਰੀ ਦਾ 'ਅੱਜ ਤੋਂ ਆਰੰਭ ਤੱਕ' ਦਾ ਸਫਰ ਬਹੁਤਾ ਗੁੰਝਲਦਾਰ ਨਹੀਂ। ਜੇ ਵਾਸਤਵ ਵਿਚ ਹੈ ਵੀ ਤਾਂ ਉਸਨੇ ਇਹ ਗੁੰਝਲ ਆਪਣੀ ਕਵਿਤਾ ਵਿਚ ਨਹੀਂ ਆਉਣ ਦਿੱਤੀ। ਇਨ੍ਹਾਂ ਪੰਨਿਆਂ ਵਿਚ ਹੀ ਉਸਨੇ ਕਿਧਰੇ 1950 ਦੀ ਘਟਨਾ ਦਾ ਜ਼ਿਕਰ ਕੀਤਾ ਹੈ। ਉਹ ਅਪਨੀ ਘਰਵਾਲੀ ਨੂੰ ਲੈਣ ਸਹੁਰਿਆਂ ਨੂੰ ਤੁਰਿਆ ਤਾਂ ਜਲੰਧਰ ਜਾ ਵੜਿਆ ਜਿਥੇ ਅਮਨ ਕਾਨਫਰੰਸ ਹੋ ਰਹੀ ਸੀ। ਅਲੀ ਸਰਦਾਰ ਜਾਫਰੀ, ਬਲਵੰਤ ਗਾਰਗੀ, ਨਵਤੇਜ, ਧੀਰ, ਤੇਰਾ ਸਿੰਘ ਚੰਨ, ਉਰਮਿਲਾ ਤੇ ਜਗਜੀਤ ਆਨੰਦ। ਹੋਸ਼ ਆਈ ਤਾਂ ਪਿਉ ਦੀਆਂ ਗਾਲ੍ਹਾਂ ਤੇ ਘਰਵਾਲੀ ਦਾ ਪਾਰਾ। ਪਰ ਅਮਨ ਦੀ ਘੁੱਗੀ ਦੇ ਨਾਲ ਉੜਦਾ ਰਾਮਪੁਰੀ ਸਭ ਕੁਝ ਹੀ ਜਰ ਗਿਆ। ਆਪੋ ਆਪਣੀ ਥਾਂ ਤਿੰਨੇ ਦੇ ਤਿੰਨੇ ਸੱਚ। ਉਹ ਸੱਚ ਹੀ ਕੁਝ ਏਸ ਤਰ੍ਹਾਂ ਦਾ ਸੀ।

ਕੈਨੇਡਾ ਵਿਚ ਕਾਨਫਰੰਸਾਂ ਤੇ ਕਵੀ ਦਰਬਾਰਾਂ ਦਾ ਰੰਗ ਇਹ ਨਹੀਂ। ਉਮਰਾ ਵੀ ਆਖਰੀ ਪਹਿਰ ਦੇ ਨੇੜੇ ਹੈ। ਪਿਛਲੇ ਸਾਲ ਮੈਂ ਕੈਨੇਡਾ ਗਿਆ ਤਾਂ ਬਾਂਹ ਤੁੜਵਾਈ ਫਿਰਦਾ ਸੀ। ਚਿਹਰਾ



ਸ਼ਾਂਤ ਸੀ। ਹੱਥਲੀ ਪੁਸਤਕ ਤੋਂ ਪਤਾ ਲੱਗਿਆ ਕਿ ਸ਼ਾਂਤੀ ਦਾ ਰਾਜ਼ ਕੀ ਸੀ। ਪਿਛਲੇ ਦਸਾਂ ਵਰ੍ਹਿਆਂ ਦੀ ਕੋਈ ਕਵਿਤਾ ਨਹੀਂ। ਹਲੂਣਾ ਵੀ ਨਹੀਂ। ਵੇਖਿਆ ਸੁਰਿੰਦਰ ਕੌਰ, ਡੌਲੀ ਗੁਲੇਰੀਆ, ਜਗਜੀਤ ਜ਼ੀਰਵੀ ਤੇ ਘਨਸ਼ਾਮ ਦੇ ਗਾਏ ਗੀਤਾਂ/ਗ਼ਜ਼ਲਾਂ ਦੀ ਕੈਸਟ ਬਣ ਚੁੱਕੀ ਹੈ। 'ਮ੍ਰਿਗ ਨੈਣੀ ਤੂੰ ਅਜੇ ਨਾ ਆਈ', 'ਇਸ਼ਕ ਠੋਕਰ 'ਤੇ ਮੁਸਕਰਾਉਂਦਾ ਹੈ' ਤੇ 'ਚੀਸ ਘਟ ਜਾਏ ਤਾਂ ਘਬਰਾਂਦਾ ਹਾਂ ਮੈਂ'। ਹੁਣ ਰਾਮਪੁਰੀ ਆਪਣੇ ਹੀ ਬੋਲ ਸੁਣ ਕੇ ਮਸਤ ਹੋ ਰਹਿੰਦਾ ਹੈ।

ਸੱਚ ਹੀ ਹੈ। ਸਾਹਿਤ ਪੜ੍ਹਿਆ ਨਹੀਂ ਜਾ ਰਿਹਾ। ਕਿਤਾਬਾਂ ਕੋਈ ਨਹੀਂ ਚੁੱਕਦਾ। ਲਾਇਬਰੇਰੀਆਂ ਵਿਚ ਪਈਆਂ ਹਨ ਜਾਂ ਪ੍ਰਕਾਸ਼ਕਾਂ ਦੇ ਤਹਿ ਖਾਨਿਆਂ ਵਿਚ। ਅਖਬਾਰਾਂ, ਰਸਾਲੇ, ਕੈਸਟਾਂ, ਰੇਡੀਓ, ਟੀ.ਵੀ. ਤੇ ਇੰਟਰਨੈਟ ਨੇ ਚਾਰੇ ਪਾਸੇ ਮੱਲੇ ਹੋਏ ਹਨ। ਉਂਝ ਰਾਮਪੁਰੀ ਦੀ ਸਮੁੱਚੀ ਕਾਵਿ ਯਾਤਰਾ ਚੰਗੀ ਛਪੀ ਹੈ। ਮਾਪੇ, ਭੈਣਾਂ ਭਰਾਵਾਂ ਤੇ ਬਾਲ ਪਰਿਵਾਰ ਦੀਆਂ ਤਸਵੀਰਾਂ ਨਾਲ ਲੈਸ। ਗੁਰਬਖਸ਼ ਸਿੰਘ, ਸੇਖੋਂ, ਸਹਿਰਾਈ, ਬੇਦੀ, ਅਮੋਲ, ਗਾਰਗੀ, ਗੁਰਦਿਆਲ, ਅਜੀਤ, ਅੰਮ੍ਰਿਤਾ, ਅਰਪਨਾ, ਅਜਾਇਬ ਤੇ ਅਦੀਬ ਦੇ ਅੰਗ ਸੰਗ। ਇਨ੍ਹਾਂ ਤਸਵੀਰਾਂ ਵਿਚ ਇਕ ਤਸਵੀਰ ਨਹੀਂ ਵੀ ਹੈ। ਗਲ ਵਿਚ ਕਵਿਤਾਵਾਂ ਵਾਲਾ ਝੋਲਾ ਲਟਕਾ ਕੇ ਅਮਨ ਲਹਿਰ ਲਈ ਕਵਿਤਾ ਪੜ੍ਹਨ ਜਾਂਦੇ ਦੀ। ਹੋ ਸਕਦਾ ਹੈ ਉਹ ਅਪਨੀ ਸਮੁੱਚੀ ਕਵਿਤਾ ਦੇ ਅਗਲੇ ਐਡੀਸ਼ਨ ਵਿਚ ਇਸਦੇ ਬਦਲ ਵਜੋਂ ਨਵੀਂ ਤਸਵੀਰ ਦੇਵੇ। ਇਕ ਹੱਥ ਕੈਸਟ ਤੇ ਇਕ ਹੱਥ ਸਮੁੱਚੀ ਕਵਿਤਾ। ਇਹ ਪੱਕਾ ਕਰਨ ਲਈ ਕਿ ਉਹ ਸਿਖਰਾਂ ਛੂਹ ਬੈਠਾ ਹੈ। ਜੇ ਇੰਝ ਹੋਇਆ ਤਾਂ ਉਸਦੀ ਕਵਿਤਾ ਦੇ ਚਾਹਵਾਨਾਂ ਨੂੰ ਦੁੱਖ ਹੋਵੇਗਾ। ਮੇਰਾ ਮੱਤ ਹੈ ਕਿ ਸਾਹਿਤਕ ਕਵਿਤਾ ਉਸ ਪੜਾਅ ਤੋਂ ਸ਼ੁਰੂ ਹੁੰਦੀ ਹੈ ਜਿਥੇ ਕਵੀ ਦਰਬਾਰੀ ਕਵਿਤਾ ਖਤਮ ਹੁੰਦੀ ਹੈ। ਰਾਮਪੁਰੀ ਦੀ ਕਵਿਤਾ ਇਨ੍ਹਾਂ ਦੋਹਾਂ ਦੇ ਐਨ ਵਿਚਕਾਰ ਇਕ ਤਕੜੀ ਕੜੀ ਹੈ। ਉਸਨੇ ਦੋਹਾਂ ਨੂੰ ਇਕ ਦੂਜੀ ਨਾਲੋਂ ਟੁੱਟਣ ਨਹੀਂ ਦਿੱਤਾ। ਉਸਦੇ 'ਅੱਜ ਤੋਂ ਆਰੰਭ ਤਕ' ਦਾ ਵੀ ਇਹੀਓ ਹਾਸਲ ਹੈ।

[ਗੁਲਜ਼ਾਰ ਸਿੰਘ ਸੰਧੂ]

## ਪਰਦੇਸੀ ਪੰਜਾਬ [ਵਰਿਆਮ ਸਿੰਘ ਸੰਧੂ]

ਵਰਿਆਮ ਸਿੰਘ ਸੰਧੂ ਦਾ ਯਾਤਰਾ ਪ੍ਰਸੰਗ 'ਪਰਦੇਸੀ ਪੰਜਾਬ' [ਪੰਨੇ 272, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ] ਪਰਦੇਸੀ ਪੰਜਾਬ ਦੇ ਬਹਾਨੇ ਅਤਿ-ਆਧੁਨਿਕ, ਨਹੀਂ ਸੱਚ, ਮਾਰੋ-ਮਾਰ ਕਰਦੇ ਵਕਤ ਵਿਚ ਵਿਚਰਦੇ ਪੰਜਾਬੀਆਂ ਦੇ ਵੱਖ-ਵੱਖ ਸਰੋਕਾਰਾਂ ਦਾ ਦਸਤਾਵੇਜ਼ ਹੈ। ਇਸ ਯਾਤਰਾ ਪ੍ਰਸੰਗ ਦੇ ਸ਼ੁਰੂ ਵਿਚ ਹੀ ਉਹ ਆਖਦਾ ਹੈ ਕਿ ਇਹ ਕੋਈ ਰਵਾਇਤੀ ਸਫ਼ਰਨਾਮਾ ਨਹੀਂ। ਉਂਝ ਵੀ ਵੇਖਿਆ ਜਾਵੇ ਤਾਂ ਉਹ ਰਵਾਇਤ ਨੂੰ ਵੱਢ ਮਾਰ ਕੇ 'ਹੀਰ ਗੁੱਝੀ ਨਾ ਰਹੇ ਹਜ਼ਾਰ ਵਿਚੋਂ' ਵਾਂਗ ਪੰਜਾਬੀ ਸਾਹਿਤ ਵਿਚ ਇਕ ਵਿੱਥ 'ਤੇ ਖੜ੍ਹਾ ਹੈ। ਪੰਜਾਬੀ ਨਿੱਕੀ ਕਹਾਣੀ ਦੇ ਆਦਿ, ਮੱਧ ਅਤੇ ਅੰਤ ਵਾਲੇ ਰੂਪ ਨੂੰ ਤਿਆਗ ਕੇ ਉਸ ਨੇ ਕਹਾਣੀ ਦਾ ਨਵਾਂ ਸਰੂਪ ਸਿਰਜਿਆ। ਇਸ ਤਬਦੀਲੀ ਨੂੰ ਭਾਵੇਂ ਉਹ ਅਚੇਤ ਆਈ ਹੀ ਕਹਿੰਦਾ ਹੈ ਪਰ ਆਪਣੀਆਂ ਵਾਰਤਕ ਪੁਸਤਕਾਂ- 'ਪਰਦੇਸੀ ਪੰਜਾਬੀ' ਅਤੇ ਇਸ ਤੋਂ ਪਹਿਲਾਂ 'ਕੁਸ਼ਤੀ ਦਾ ਧਰੂ-ਤਾਰਾ ਕਰਤਾਰ ਸਿੰਘ' ਵਿਚ ਉਹ ਇਸ ਤਬਦੀਲੀ ਲਈ ਸੁਚੇਤ ਯਤਨ ਕਰਦਾ ਪ੍ਰਤੀਤ ਹੁੰਦਾ ਹੈ। ਇਸ ਸਫ਼ਰਨਾਮੇ ਵਿਚ ਜੀਵਨੀ, ਸਵੈਜੀਵਨੀ, ਰੇਖਾ-ਚਿਤਰ, ਗਲਪ, ਲੇਖ, ਯਾਦਾਂ ਅਤੇ ਡਾਇਰੀ ਜਿਹੀਆਂ ਵਿਧਾਵਾਂ ਘੁਲ-ਮਿਲ ਕੇ ਪੇਸ਼ ਹੋਈਆਂ ਹਨ। ਇਨ੍ਹਾਂ ਦਾ ਚਿਤਰਣ ਬੇਹੱਦ ਸਹਿਜ ਹੈ ਅਤੇ ਲੜੀ

ਅਗਾਂਹ ਦੀ ਅਗਾਂਹ ਜੁੜਦੀ ਚਲੀ ਜਾਂਦੀ ਹੈ। ਇਕ ਥਾਂ ਜ਼ਿਕਰ ਹੈ: 'ਅਸੀਂ ਸੁਰ ਸਿੰਘੀਏ, ਮੈਂ, ਕਰਤਾਰ, ਗੁਰਚਰਨ, ਗੁਰਬਚਨ, ਜਗਦੀਸ਼ ਤੇ ਹਰਦਿਆਲ ਇਕੋ ਮੇਜ਼ ਉਪਰ ਜੁੜ ਬੈਠੇ। ਦਿਲਬਾਗ ਤੇ ਨਿੰਦੀ ਵੀ ਸਾਡੇ ਨਾਲ ਸਨ।' ਅਜਿਹੀ ਚਿਤਰਕਾਰੀ ਕਰਦਾ ਉਹ ਪਰਦੇਸੀ ਪੰਜਾਬੀਆਂ ਅਤੇ ਪੰਜਾਬੀਆਂ ਦੇ ਬਿਰਤਾਂਤ ਛੋਹ ਲੈਂਦਾ ਹੈ। ਇਸ ਬਿਰਤਾਂਤ-ਸਿਰਜਣਾ ਵਿਚ ਉਸ ਦੀ ਚੋਣ ਮੂਲੋਂ ਹੀ ਨਿਵੇਕਲੀ ਹੈ। ਉਂਝ ਕੋਈ ਵੀ ਵਿਅਕਤੀ ਅਜਿਹੀ ਚੋਣ ਆਪਣੇ ਅੰਦਰ ਖੌਰੂ ਪਾਉਂਦੀਆਂ ਅਤੇ ਜ਼ਿਹਨ ਨੂੰ ਤਪਾ ਕੇ ਰੱਖਦੀਆਂ ਬੇਚੈਨੀਆਂ ਮੁਤਾਬਕ ਹੀ ਕਰ ਸਕਦਾ ਹੁੰਦਾ ਹੈ। ਉਡਣ ਲਈ ਦੌੜ ਰਹੇ ਜਹਾਜ਼ ਵਿਚ ਬੈਠੇ ਸਾਥੀ ਹਰਦਿਲਜੀਤ ਗੋਸਲ ਦੀ ਇਕੋ ਸਤਰ, 'ਉਡ ਪੌ ਪੁੱਤਰਾ! ਚੜ੍ਹ ਜਾ ਦਿੱਲੀ 'ਤੇ... ਜਿਹੜੀ ਸਦਾ ਸਾਰਿਆਂ 'ਤੇ ਚੜ੍ਹੀ ਰਹਿੰਦੀ ਆ' ਦਾ ਚਿਤਰਣ ਇਨ੍ਹਾਂ ਬੇਚੈਨੀਆਂ ਦਾ ਪ੍ਰਗਟਾ ਰੂਪ ਹੀ ਹੈ। ਇਹ ਉਸ ਦੇ ਅੰਦਰ ਬੈਠ ਕੇ ਸ਼ਾਸਕ ਵਰਗ ਬਾਰੇ ਲਗਾਤਾਰ ਸੋਚ ਰਹੇ ਅਤੇ ਭੰਨ-ਤੋੜ ਕਰ ਰਹੇ ਬੰਦੇ ਦਾ ਹੀ ਇਕ ਜ਼ਾਵੀਆ ਹੈ। ਇਸੇ ਤਰ੍ਹਾਂ ਜਦੋਂ ਕਹਾਣੀਕਾਰ ਵੀਨਾ ਵਰਮਾ ਦੀ 'ਖਸਤਾ-ਕਰਾਰੀ' ਲਿਖਤ ਦਾ ਜ਼ਿਕਰ ਛਿੜਦਾ ਹੈ ਤਾਂ ਬਲਵੰਤ ਗਾਰਗੀ ਦੀ ਚਰਚਾ ਤੁਰਨ 'ਤੇ ਉਹ ਗਾਰਗੀ ਦੇ 'ਮੁਹੱਬਤੀ ਸਾਹਿਤ' ਦੀ ਗੱਲ ਨਹੀਂ ਕਰਦਾ ਸਗੋਂ ਗਾਰਗੀ ਵਲੋਂ ਇੰਗਲੈਂਡ ਵਿਚ ਅਧਿਆਪਕ ਲੱਗੇ ਸ਼ਿਵਚਰਨ ਗਿੱਲ ਬਾਰੇ ਕਾਤੀ ਟਿੱਪਣੀ ਨੂੰ ਅੱਗੇ ਲੈ ਆਉਂਦਾ ਹੈ, "ਸ਼ਿਵਚਰਨ ਗਿੱਲ ਦਾ ਚੰਗਾ ਦਾਅ ਲੱਗਿਆ ਹੈ। ਨਾਲੇ ਅੰਗਰੇਜ਼ਾਂ ਦੇ ਮੁੰਡਿਆਂ ਤੋਂ ਸਕੂਲ ਵਿਚ ਅੰਗਰੇਜ਼ੀ ਸਿੱਖੀ ਜਾਂਦਾ ਹੈ ਤੇ ਨਾਲੇ ਤਨਖਾਹ ਕੁੱਟੀ ਜਾਂਦੇ।" ਇਹੀ ਗੱਲਾਂ ਅਤੇ ਇਨ੍ਹਾਂ ਦਾ ਬਿਰਤਾਂਤ ਹੀ ਉਸ ਨੂੰ ਸਮਕਾਲੀ ਲੇਖਕਾਂ ਨਾਲੋਂ ਨਿਖੇੜਦਾ ਹੈ।

ਇਹ ਸਫ਼ਰਨਾਮਾ ਭਾਰਤੀ ਢਾਂਚੇ ਅੰਦਰ ਦਰਪੇਸ਼ ਕਾਰੋਬਾਰੀ ਔਕੜਾਂ ਅਤੇ ਦੁਸ਼ਵਾਰੀਆਂ ਦੀ ਚਰਚਾ ਨਾਲ ਸ਼ੁਰੂ ਹੁੰਦਾ ਹੈ ਅਤੇ ਇਨ੍ਹਾਂ ਦੁਸ਼ਵਾਰੀਆਂ ਤੇ ਖਿੱਚ-ਧੂਹ ਬਾਰੇ ਮਨ 'ਚ ਗਿੜਦੇ ਖੂਹ, ਤੇ ਸੀ.ਡੀ. ਦੇਸ਼ ਲਿਜਾਣ ਦੀ ਸੋਚ ਨਾਲ ਸਮਾਪਤੀ ਵੱਲ ਵਧਦਾ ਹੈ। ਇਸ ਚਰਚਾ ਦੇ ਐਨ ਵਿਚਕਾਰ ਪਰਦੇਸੀ ਪੰਜਾਬੀਆਂ ਅਤੇ ਉਨ੍ਹਾਂ ਦੇ ਜੀਵਨ-ਸੋਰਕਾਰਾਂ ਬਾਰੇ ਕਿੰਨੇ ਹੀ ਨਿੱਕੇ ਨਿੱਕੇ ਵੇਰਵੇ ਦਰਜ ਹਨ। ਇਨ੍ਹਾਂ ਵੇਰਵਿਆਂ ਵਿਚ ਉਹ ਰੂਹ ਨਾਲ ਰੰਗ ਭਰਦਾ ਹੈ। ਇਸ ਰੰਗ ਵਿਚ ਇਧਰਲੇ ਪੰਜਾਬ ਅਤੇ ਪੱਛਮੀ ਲੋਕਾਂ ਦਾ ਜ਼ਿਕਰ-ਜ਼ਕਾਰ ਵੀ ਨਾਲੋ-ਨਾਲ ਚਲਦਾ ਹੈ। ਇਸ ਜ਼ਿਕਰ ਦੌਰਾਨ ਉਹ ਪੱਛਮੀ ਮੁਲਕਾਂ ਅਤੇ ਆਪਣੇ ਦੇਸ਼ ਦੇ ਢਾਂਚੇ ਨੂੰ ਬਰੋ-ਬਰਾਬਰ ਰੱਖ ਕੇ ਗੱਲਾਂ ਕਰਦਾ ਹੈ ਜਿਨ੍ਹਾਂ ਵਿਚੋਂ ਦੋਹਾਂ ਪਾਸਿਆਂ ਦੇ ਟਰੱਕ ਡਰਾਈਵਰਾਂ, ਖੇਤੀ, ਸਫਾਈ, ਲੇਖਕਾਂ ਦੀਆਂ ਯਾਦਗਾਰਾਂ ਬਾਰੇ ਅਤੇ ਹੋਰ ਫ਼ਰਕ ਸਪਸ਼ਟ ਉਭਰਦੇ ਹਨ। ਪੱਛਮ ਦੇ ਇਸ 'ਉਪਰਲੇ ਹੱਥ' ਦਾ ਬਿਆਨ ਕਰਦਾ ਕਰਦਾ ਉਹ ਬਜ਼ੁਰਗ ਸੂ ਰਤਾ ਸਿੰਘ ਦੇ ਬੋਲ, "ਜ਼ਿੰਦਗੀ ਤਾਂ ਦਿੱਤੀ ਹੈ ਅਮਰੀਕਾ ਨੇ... ਪਰ ਖੁਸ਼ੀ ਖੋਹ ਲਈ ਹੈ..." ਨਾਲ ਇਨ੍ਹਾਂ ਫ਼ਰਕਾਂ ਨੂੰ ਹੋਰ ਜ਼ਰਬ ਦਿੰਦਾ ਹੈ। ਮਸ਼ੀਨੀ ਯੁਗ ਵਿਚ ਸਮੇਂ ਦੇ ਗੇੜ ਵਿਚ ਗਿੜਦੀਆਂ ਜਿੰਦਾਂ ਦੇ ਦਰਦ ਨੂੰ ਉਹ ਹਮਦਰਦੀ ਨਾਲ ਪੇਸ਼ ਕਰਦਾ ਹੈ। ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਦਾ ਧਿਆਨ ਰੱਖਦਾ ਹੈ। ਅਮਰੀਕਾ ਵਿਚ ਰੇਲ ਦੀ ਸਵਾਰੀ ਉਹ ਪਹਿਲਾਂ ਹੀ ਕਰ ਚੁੱਕਾ ਹੁੰਦਾ ਹੈ, ਪਰ ਉਥੇ ਵਸਦੇ ਆਪਣੇ ਸਾਥੀ ਸੂਰਤਾ ਸਿੰਘ ਦਾ ਅਨੋਭੜ ਲੇਖਕ ਨੂੰ ਜਾਣਕਾਰੀ ਦੇਣ ਦਾ ਉਤਸ਼ਾਹ ਦੇਖ ਕੇ ਉਹ ਚੁੱਪ ਕਰ ਰਹਿੰਦਾ ਹੈ। ਉਹ ਨਹੀਂ ਚਾਹੁੰਦਾ ਕਿ ਉਸ ਦੇ ਸਾਥੀ ਦਾ ਉਤਸ਼ਾਹ ਮਾਰਿਆ ਜਾਵੇ।

ਭਾਰਤੀ ਲੋਕ ਸਭ ਤੋਂ ਵੱਧ ਖੁਸ਼ ਤੇ ਖੀਵੇ ਸੈਕਸ ਦੀਆਂ ਗੱਲਾਂ ਕਰਕੇ ਹੁੰਦੇ ਹਨ। ਇਸ ਦੇ ਸਮਾਜਕ ਤੇ ਹੋਰ ਪ੍ਰਸੰਗ ਹਨ। ਸਭ ਤੋਂ ਵੱਧ ਗੰਭੀਰ ਤੇ ਖ਼ੂੰਖਾਰ ਇਹ ਜਾਤ-ਪਾਤ ਤੇ ਧਰਮ ਦੇ ਮਾਮਲੇ 'ਤੇ ਹੁੰਦੇ ਹਨ। ਪੰਜਾਬੀਆਂ ਬਾਰੇ ਵੀ ਇਹ ਤੱਥ ਉਨੇ ਹੀ ਸਹੀ ਹਨ। ਸਫ਼ਰਨਾਮੇ ਵਿਚ ਬੀਚ 'ਤੇ



ਘੁੰਮਦੇ ਅਰਧ ਨਗਨ ਮਾਦਾ ਜਿਸਮਾਂ ਅਤੇ ਨਗਨ ਸ਼ੋਆਂ ਦਾ ਜ਼ਿਕਰ ਕਈ ਥਾਂ ਆਉਂਦਾ ਹੈ, ਭਾਵੇਂ ਲੇਖਕ ਇਨ੍ਹਾਂ ਨੂੰ ਹੋਰ ਪ੍ਰਸੰਗਾਂ ਅਨੁਸਾਰ ਲੈਣ ਦਾ ਯਤਨ ਕਰਦਾ ਹੈ। ਇਸੇ ਕਰਕੇ ਉਸ ਦੇ ਜ਼ਿਹਨ ਵਿਚ 'ਨਾਨਕ ਸਿੰਘ! ਜ਼ਿੰਦਾਬਾਦ!!' ਦਾ ਨਾਅਰਾ ਬੁਲੰਦ ਹੁੰਦਾ ਹੈ ਜਿਸ ਨੇ ਕਦੀ ਕਿਹਾ ਸੀ, "ਮੇਰੀ ਧਰਤੀ ਦੀਆਂ ਧੀਆਂ ਨੂੰ ਪੈਸੇ ਖ਼ਾਤਰ ਕਿਉਂ ਨੰਗਿਆ ਹੋਣਾ ਪੈਂਦਾ ਹੈ। ਇਹ ਇੰਜ ਨਹੀਂ ਹੋਣਾ ਚਾਹੀਦਾ।" ਧਰਮ ਦੇ ਨਾਂ ਉਤੇ ਮਾਰੋ-ਮਾਰ ਮਚਾਉਣ ਦੀ ਗੱਲ ਤਾਂ ਗੁਰਦਵਾਰਿਆਂ ਉਤੇ ਕਬਜ਼ੇ ਲਈ ਹੁੰਦੀਆਂ ਲੜਾਈਆਂ ਤੋਂ ਹੀ ਸਪਸ਼ਟ ਹੋ ਜਾਂਦੀ ਹੈ। ਨਾਲ ਦੀ ਨਾਲ ਲੇਖਕ ਗੁਰਦਵਾਰਿਆਂ ਦੀਆਂ ਇਨ੍ਹਾਂ ਲੜਾਈਆਂ ਪਿੱਛੇ ਕਾਰਜਸ਼ੀਲ ਸਿਆਸਤ ਵੱਲ ਇਸ਼ਾਰਾ ਕਰ ਜਾਂਦਾ ਹੈ। ਪਰ ਗੱਲ ਤਾਂ ਲੋਕ-ਮਾਨਸਿਕਤਾ ਦੀ ਹੈ ਜਿਸ ਨੂੰ ਜਨੂੰਨੀ ਆਗੂ ਹਰ ਵਾਰ ਆਪਣੇ ਹੱਕ ਵਿਚ ਭੁਗਤਾ ਲੈਂਦੇ ਹਨ। ਇਸੇ ਜਨੂੰਨ ਕਾਰਨ ਹੀ ਗ਼ਦਰੀ ਸੂਰਬੀਰਾਂ ਵੱਲੋਂ ਬਣਾਏ ਗੁਰਦਵਾਰੇ ਦੀਆਂ ਕੰਧਾਂ ਉਤੇ ਉਨ੍ਹਾਂ ਦੀਆਂ ਤਸਵੀਰਾਂ ਦੀ ਥਾਂ ਪੰਜਾਹ-ਪੰਜਾਹ ਮਾਸੂਮਾਂ ਦੇ ਕਾਤਲਾਂ ਦੀਆਂ ਤਸਵੀਰਾਂ ਸਜ ਗਈਆਂ ਹਨ। ਲਾਲਾ ਹਰਦਿਆਲ ਨੂੰ ਹਿੰਦੂ ਮਿਥ ਕੇ ਗੱਦਾਰ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਨੂੰ ਵੀ ਉਹ ਇਸੇ ਨੁਕਤੇ ਤੋਂ ਉਭਾਰਦਾ ਹੈ।

ਜਿਹਾ ਕਿ ਲੇਖਕ ਆਖਦਾ ਹੈ, ਉਸ ਨੇ ਰਵਾਇਤੀ ਸਫ਼ਰਨਾਮੇ ਵਾਂਗ ਕਿਸੇ ਵਿਸ਼ੇਸ਼ ਖਿੱਤੇ ਦੀ ਪਰੰਪਰਾ, ਇਤਿਹਾਸ, ਮਿਥਿਹਾਸ, ਸਭਿਆਚਾਰ ਜਾਂ ਦਰਸ਼ਨੀ ਇਮਾਰਤਾਂ ਦੀ ਥਾਂ ਪਰਦੇਸੀ ਪੰਜਾਬੀਆਂ ਦੇ ਜੀਵਨ ਅਤੇ ਮਨ ਉਤੇ ਝਾਤ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਇਨ੍ਹਾਂ ਲੋਕਾਂ ਦੇ ਮਿਹਨਤ, ਮਨ 'ਚ ਬਲਦੀ ਈਰਖਾ, ਜੜ੍ਹ ਹੋਏ ਸੰਸਕਾਰਾਂ ਨੂੰ ਪੇਸ਼ ਕਰਦਾ ਹੈ। ਅਤਿ-ਆਧੁਨਿਕ ਸਮਾਜ ਵਿਚ ਪਦਾਰਥਕ ਸਹੂਲਤਾਂ ਹਾਸਲ ਕਰਨ ਦੇ ਬਾਵਜੂਦ ਪੁਰਾਣਾ ਪੰਜਾਬ ਉਨ੍ਹਾਂ ਦੇ ਜ਼ਿਹਨ ਵਿਚ ਕੁੰਡੀ ਮਾਰੀ ਬੈਠਾ ਹੈ ਜੋ ਉਨ੍ਹਾਂ ਦੇ ਨਿੱਤ ਦਿਨ ਦੇ ਵਿਹਾਰ ਤੋਂ ਸਾਫ਼ ਝਲਕਦਾ ਹੈ। ਆਪਣੇ ਬੱਚਿਆਂ ਨੂੰ ਵੀ ਉਹ ਇਸੇ ਨੁਕਤੇ ਤੋਂ ਦੇਖਦੇ ਹਨ ਜਦਕਿ ਯਥਾਰਥ ਇਸ ਤੋਂ ਐਨ ਉਲਟ ਹੈ। ਇਸੇ ਕਰਕੇ ਉਨ੍ਹਾਂ ਦੇ ਦੁੱਖ ਅਤੇ ਤਕਲੀਫਾਂ ਲਗਾਤਾਰ ਵਿਸਥਾਰਦੇ ਚਲੇ ਜਾਂਦੇ ਹਨ। ਬੇਵਿਸਾਹੀ ਏਨੀ ਕਿ ਮੁੰਡੇ-ਕੁੜੀਆਂ ਦੇ ਵਿਆਹ ਉਹ ਪੰਜਾਬ ਵਿਚੋਂ ਮੁੰਡੇ-ਕੁੜੀਆਂ ਲੱਭ ਕੇ ਕਰਨ ਨੂੰ ਹੀ ਪਹਿਲ ਦਿੰਦੇ ਹਨ। ਪੱਛਮੀ ਲੋਕਾਂ ਨਾਲ ਇਨ੍ਹਾਂ ਦੀ ਕੋਈ ਖਾਸ ਸਾਂਝ ਨਹੀਂ। ਉਹ ਤਾਂ ਸਗੋਂ ਆਪਣੇ ਬੱਚਿਆਂ ਦੇ ਰਿਸ਼ਤੇ ਵੀ ਉਥੋਂ ਦੇ ਮਾਹੌਲ ਵਿਚ ਪੜ੍ਹੇ-ਪਲੇ ਮੁੰਡੇ ਕੁੜੀਆਂ ਨਾਲ ਕਰਨ ਤੋਂ ਝਿਜਕਦੇ ਹਨ। ਔਰਤ ਨੂੰ ਉਹ ਅਜੇ ਵੀ ਕਬਜ਼ੇ ਵਾਲੀ ਵਸਤ ਹੀ ਤਸੱਵਰ ਕਰਦੇ ਹਨ। ਔਰਤ ਦੀ ਹਾਲਤ ਬਾਰੇ ਲੇਖਕ ਸਫ਼ਰਨਾਮੇ ਵਿਚ ਬੇਹੱਦ ਭਾਵ ਪੂਰਤ ਟਿੱਪਣੀਆਂ ਕਰਦਾ ਹੈ। ਆਮ ਕਰਕੇ 'ਸੋ ਕਿਉਂ ਮੰਦਾ ਆਖੀਐ ਜਿਤ ਜੰਮੈ ਰਾਜਾਨ' ਅਤੇ ਹੋਰ ਟੂਕਾਂ ਦੇ ਕੇ ਇਹ ਦਰਸਾਇਆ ਜਾਂਦਾ ਹੈ ਕਿ ਸਿੱਖ ਧਰਮ ਨੇ ਪਹਿਲੀ ਵਾਰ ਔਰਤ ਨੂੰ ਬਰਾਬਰੀ ਦਾ ਮਾਣ ਬਖ਼ਸ਼ਿਆ ਪਰ ਲੋਕ ਮਨਾਂ ਵਿਚ ਡੂੰਘੇ ਲੱਥ ਚੁੱਕੇ ਸੰਸਕਾਰਾਂ ਬਾਰੇ ਉਹ ਆਖਦਾ ਹੈ: "ਸਾਡੇ ਸਾਰੇ ਅਧਿਆਤਮਕ ਸਾਹਿਤ ਵਿਚ ਆਤਮਾ ਤੇ ਪਰਮਾਤਮਾ ਦੇ ਆਪਸੀ ਸਬੰਧਾਂ ਨੂੰ ਪ੍ਰਗਟਾਉਣ ਲਈ ਔਰਤ ਮਰਦ ਜਾਂ ਖਸਮ ਤੇ ਪਤਨੀ ਦੇ ਰੂਪਕ ਦੀ ਵਰਤੋਂ ਕੀਤੀ ਗਈ ਹੈ। ਗੱਲ ਤਾਂ ਭਾਵੇਂ ਆਤਮਾ ਪਰਮਾਤਮਾ ਦੇ ਪ੍ਰਸੰਗ ਵਿਚ ਹੀ ਕੀਤੀ ਗਈ ਹੈ, ਪਰ ਇਸ ਵਿਚ ਵੀ ਔਰਤ ਦੀ ਗੌਣ ਤੇ ਹੀਣ ਸਥਿਤੀ ਦਾ ਸਹਿਜ ਪ੍ਰਗਟਾਵਾ ਹੋ ਜਾਂਦਾ ਹੈ। ਇੱਥੇ ਔਰਤ (ਆਤਮਾ) ਦਾ ਹੀ ਫਰਜ਼ ਹੈ ਕਿ ਉਸ ਆਪਣੇ ਕੰਤ (ਪਰਮਾਤਮਾ) ਨੂੰ ਕਿਵੇਂ ਰਿਝਾਉਣਾ ਤੇ ਪਾਉਣਾ ਹੈ। ਉਸ ਨੂੰ ਕਿਵੇਂ ਖੁਸ਼ ਕਰਨਾ ਹੈ। ਉਹਨੇ ਹੀ ਸਿੱਖਣਾ ਹੈ- ਕਿਹੜਾ ਬੋਲ, ਕਿਹੜਾ ਮੰਤਰ, ਕਿਹੜਾ ਗੁਣ ਹੈ- ਜਿਸ ਨਾਲ ਉਹ ਆਪਣੇ 'ਖਸਮ' ਨੂੰ ਵਸ ਕਰ ਸਕੇ। ਜੇ ਉਹ 'ਦਾਜ ਵਿਹੂਣੀ' ਜਾਵੇਗੀ ਤਾਂ 'ਸ਼ਹੁ' ਨੂੰ ਪਸੰਦ ਨਹੀਂ ਆਵੇਗੀ। ਅਧਿਆਤਮਕ ਪੱਧਰ 'ਤੇ ਤਾਂ ਇਸਦੀ ਵੱਖਰੀ ਵਿਆਖਿਆ

ਹੁੰਦੀ ਹੈ, ਪਰ ਇਹ ਵਿਆਖਿਆ ਕਰਦਿਆਂ ਵੀ ਅਚੇਤ ਹੀ ਤਤਕਾਲੀਨ ਸਮਾਜ ਵਿਚ ਔਰਤ ਦੀ ਸਥਿਤੀ ਦਾ ਚਿੱਤਰ ਸਾਡੇ ਸਾਹਮਣੇ ਪ੍ਰਗਟ ਹੋ ਜਾਂਦਾ ਹੈ।" ਅਗਾਂਹ ਜਾ ਕੇ ਉਹ ਵਿਦੇਸ਼ ਪੁੱਜੀ ਆਪਣੀ ਕੁਲੀਗ ਦੀ ਗੱਲ ਕਰਦਾ ਹੈ ਜੋ ਪੂਰੇ ਸੋਲਾਂ-ਸਤਾਰਾਂ ਸਾਲ ਇਕ ਅਤਿ-ਆਧੁਨਿਕ ਸਮਾਜ ਵਿਚ ਵਿਚਰਦੀ ਹੋਈ ਵੀ ਆਪਣੇ ਵਿਚ ਏਨਾ ਹੌਸਲਾ ਨਹੀਂ ਸੀ ਪੈਦਾ ਕਰ ਸਕੀ ਕਿ ਆਪਣੇ ਕਿਸੇ ਪੁਰਾਣੇ ਜਾਣ-ਪਛਾਣ ਤੇ ਹਮਦਰਦ ਵਿਅਕਤੀ ਨੂੰ ਮਰਜ਼ੀ ਨਾਲ ਮਿਲ ਸਕੇ। ਪਰ ਉਹ ਅਖੌਤੀ ਨਾਰੀਵਾਦ ਨਾਲ ਵੀ ਸਹਿਮਤੀ ਨਹੀਂ ਪ੍ਰਗਟਾਉਂਦਾ ਜਿਹੜਾ ਹਰ ਗੱਲ ਨੂੰ ਮਰਦ ਦੇ ਵਿਰੋਧ ਵਿਚ ਖੜ੍ਹਾ ਕਰਨ ਦਾ ਪੈਂਤੜਾ ਅਪਣਾਉਂਦਾ ਹੈ। ਸਾਹਿਤ, ਦਲਿਤ ਸਾਹਿਤ, ਸਾਹਿਤਕ ਇਨਾਮਾਂ, ਲੇਖਕਾਂ ਵੱਲੋਂ ਵਿਦੇਸ਼ ਜਾ ਕੇ ਮੰਗਤੇ ਬਣਨ ਆਦਿ ਬਾਰੇ ਵਿਸਥਾਰ ਸਹਿਤ ਟਿਪਣੀਆਂ ਸਫ਼ਰਨਾਮੇ ਵਿਚ ਦਰਜ ਹਨ ਜਿਹੜੀਆਂ ਬਹਿਸ ਨੂੰ ਤਾਂ ਸੱਦਾ ਦਿੰਦੀਆਂ ਹੀ ਹਨ, ਪਰਦੇਸੀ ਪੰਜਾਬ ਨੂੰ ਪੰਜਾਬ ਨਾਲ ਬਹੁਤ ਸਹਿਜ ਨਾਲ ਜੋੜ ਦਿੰਦੀਆਂ ਹਨ।

[ਤਸਬੀਰ]

## ਪੌਣਾਂ ਦੇ ਰੰਗ [ਦਰਸ਼ਨ ਗਿੱਲ]

ਪ੍ਰਗਤੀਵਾਦੀ ਦਿੱਖ ਵਾਲੇ ਸ਼ਾਇਰਾਂ ਵਿਚ ਵੀ ਉਹ ਉਘੜਵਾਂ ਨਾਓਂ ਹੈ, ਪਰ ਕੈਨੇਡਾ ਨਿਵਾਸੀ ਹੋਣ ਕਰਕੇ ਡਾ. ਦਰਸ਼ਨ ਗਿੱਲ ਦੀ ਕੈਨੇਡੀਅਨ ਪੰਜਾਬੀ ਕਵੀ ਵਜੋਂ ਵਿਸ਼ੇਸ਼ ਪਛਾਣ ਬਣ ਚੁੱਕੀ ਹੈ। ਉਸਦੀ ਸਮੁੱਚੀ ਕਵਿਤਾ ਵਿਚ ਜਿੱਥੇ ਕੈਨੇਡੀਅਨ ਪੰਜਾਬੀ ਜਨ-ਸਾਧਾਰਨ ਦੀਆਂ ਠੋਸ ਹਕੀਕਤਾਂ ਵਿਚੋਂ ਪੈਦਾ ਹੋਈ ਉਪਰਾਮਤਾ ਦੀ ਅਭਿਵਿਅਕਤੀ ਹੋਈ ਮਿਲਦੀ ਹੈ ਉਥੇ ਇਸ ਅਭਿਵਿਅਕਤੀ ਵਿਚ ਪੰਜਾਬ ਦੇ ਦੇਸੀ ਪੰਜਾਬੀ ਸਭਿਆਚਾਰ ਦੀ ਤਿੱਖੀ ਤੇ ਤੇਜ਼ ਯਾਦ ਦੇ ਨੈਣ-ਨਕਸ਼ ਵੀ ਉਭਰ ਕੇ ਸਾਹਮਣੇ ਆਉਂਦੇ ਹਨ। ਉਸਦੇ ਅੱਠਵੇਂ ਗ਼ਜ਼ਲ-ਸੰਗ੍ਰਹਿ 'ਪੌਣਾਂ ਦੇ ਰੰਗ' [ਪੰਨੇ 79, ਮੁੱਲ ਅੱਸੀ ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ] ਵਿਚ ਵੀ ਅਜਿਹੀ ਹੀ ਅਭਿਵਿਅਕਤੀ ਦਾ ਪ੍ਰਮਾਣ ਮਿਲਦਾ ਹੈ।

ਦਰਸ਼ਨ ਗਿੱਲ ਨੇ ਇਸ ਗ਼ਜ਼ਲ ਸੰਗ੍ਰਹਿ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਅਪਨਾਉਂਦਿਆਂ ਹੋਇਆਂ ਇਸੇ ਆਧਾਰ ਉਪਰ ਹੀ ਆਪਣੀਆਂ ਗ਼ਜ਼ਲਾਂ ਰਚੀਆਂ ਹਨ। ਪ੍ਰਗਤੀਵਾਦੀ ਵਿਚਾਰਧਾਰਾ ਦੇ ਆਧਾਰ ਮਾਰਕਸਵਾਦ ਦੀ ਵਰਤਮਾਨ ਸਦੀ ਵਿਚ ਸਾਰਥਕਤਾ ਨੂੰ ਦ੍ਰਿੜ ਕਰਦਾ ਹੋਇਆ ਕਵੀ ਆਉਣ ਵਾਲੀ ਸਦੀ ਲਈ ਵੀ ਇਸ ਜੀਵਨ-ਫਲਸਫੇ ਦੀ ਹੋਂਦ ਨੂੰ ਉਚਿਤ ਠਹਿਰਾਉਂਦਾ ਹੈ :

*ਦੋ ਪਾੜਾਂ ਵਿਚ ਵੰਡੀ ਸਾਰੀ ਧਰਤੀ ਦਾ*
*ਕਿੱਦਾਂ ਫ਼ਰਕ ਮਿਟਾਏਗੀ ਇਹ ਨਵੀਂ ਸਦੀ*

ਸਾਧਨ-ਸੰਪੰਨ ਅਤੇ ਸਾਧਨ-ਵਿਹੂਣੇ ਵਰਗਾਂ ਦੇ ਪੈਦਾਵਾਰੀ ਰਿਸ਼ਤੇ ਅਤੇ ਪੈਦਾਵਾਰੀ ਸੰਦ ਪਦਾਰਥਕ ਵਿਕਾਸ ਦਾ ਇਤਿਹਾਸ ਚੱਕਰ ਨਿਸ਼ਚਤ ਕਰਦੇ ਹਨ। ਕਵੀ ਨੇ ਇਸ ਇਤਿਹਾਸ ਚੱਕਰ ਨੂੰ ਬਾਖ਼ੂਬੀ ਸਮਝਿਆ ਹੈ। ਇਸ ਸਮਝ ਦੇ ਆਧਾਰ ਉਤੇ ਉਸ ਦਾ ਕਾਵਿ-ਖਿਆਲ ਹੈ ਕਿ ਵਰਤਮਾਨ ਸਦੀ ਵਿਚ ਸਾਂਝ, ਭਰੱਪਣ, ਆਸਾਂ ਆਦਿ ਮਾਨਵੀ ਗੁਣਾਂ ਦੀ ਪੈਦਾਵਾਰ ਘੱਟ ਰਹੀ ਹੈ। ਕਿਉਂਕਿ ਸਮੁੱਚੇ ਪਦਾਰਥਕ ਜਗਤ ਉੱਤੇ ਇਕੋ ਵੇਲੇ ਇਕੋ ਸਾਮਰਾਜੀ ਸ਼ਕਤੀ ਦੀ ਸਰਦਾਰੀ ਹੈ "ਸਭ ਦੁਨੀਆਂ ਦੀ ਦੌਲਤ, ਕਬਜ਼ਾ ਇਕੋ ਦਾ।" ਇਹ ਸਾਮਰਾਜੀ ਸ਼ਕਤੀ ਕੀ ਕੌਤਕ ਖੇਡੇਗੀ, ਵੱਲ ਵੀ ਕਵੀ ਦਾ ਧਿਆਨ ਗਿਆ ਹੈ।



ਕਵੀ ਨੂੰ ਖਦਸ਼ਾ ਹੈ ਕਿ ਸਾਰੀ ਦੁਨੀਆਂ 'ਇਕ ਗਲੋਬਲ ਪਿੰਡ' ਵਿਚ ਨਹੀਂ ਵਸ ਸਕਦੀ। ਜੇ ਅਜਿਹਾ ਹੋ ਵੀ ਗਿਆ, ਤਾਂ ਇਸ ਪਿੰਡ ਦੇ ਘਰ ਘਰ ਦੇ ਵਿਚੋਂ 'ਨਵੇਂ ਕਬੂਤਰ' ਉਡਣਗੇ ਅਤੇ ਜੋ ਆਪਣੀ ਆਪਣੀ 'ਗੁਟਕੂੰ ਗੁਟਕੂੰ' ਦੀ ਆਵਾਜ਼ ਨਾਲ ਇਸ ਪਿੰਡ ਵਿਚ ਸ਼ੋਰ ਮਚਾ ਦੇਣਗੇ। ਅਜੋਕੀਆਂ ਪਰਿਸਥਿਤੀਆਂ ਵਿਚ ਅੰਤਰਰਾਸ਼ਟਰੀ ਪੱਧਰ ਉਤੇ ਪੂੰਜੀਵਾਦ ਦੀ ਬੰਦਗੀ ਤੋਂ ਪ੍ਰਭਾਵਤ ਹੋ ਕੇ ਕਈ ਵਿਕਸਿਤ/ਵਿਕਾਸਸ਼ੀਲ/ਅਵਿਕਸਿਤ ਦੇਸ਼ ਵੱਡੀ ਸਾਮਰਾਜੀ ਸ਼ਕਤੀ ਦੇ ਚੇਲੇ ਬਣੇ ਹੋਏ ਹਨ। 'ਗਲੋਬਲ ਪਿੰਡ' ਵਿਚ ਇਸਦਾ ਹੀ ਨਾਮ ਜਪਣ ਵਾਲੇ ਲੋਕ (ਦੇਸ਼) ਰਹਿੰਦੇ ਹਨ। ਅਤੇ ਸਮਾਜਵਾਦ ਇਸ 'ਗਲੋਬਲ ਪਿੰਡ' ਨੂੰ ਪੁਕਾਰ ਪੁਕਾਰ ਕਹਿ ਰਿਹਾ ਹੈ :

*ਸੋਨੇ ਦੀਆਂ ਇੱਟਾਂ ਦੇ ਮਹਿਲਾਂ ਨੂੰ ਉਸਾਰਨ ਵਾਲਿਓ*
*ਵਾਰਿਸ ਤੁਹਾਡੇ ਇਹਨਾਂ ਲਈ, ਆਪੋ 'ਚ ਖਹਿ ਕੇ ਮਰਨਗੇ।*

'ਪੌਣਾਂ ਦੇ ਰੰਗ' ਵਿਚਲੀਆਂ ਗ਼ਜ਼ਲਾਂ ਦਾ ਇਕ ਹੋਰ ਮਹੱਤਵਪੂਰਨ ਵਿਸ਼ਾ ਪਰਵਾਸਗਤ ਮਸਲਿਆਂ ਨਾਲ ਓਤਪੋਤ ਹੈ। ਪਰਵਾਸੀ ਲੋਕਾਂ ਦਾ ਮੂਲ ਮੰਤਵ ਤਾਂ ਪਰਵਾਸ ਵਿਚ ਰੋਜ਼ੀ ਰੋਟੀ ਕਮਾਉਣਾ ਹੀ ਸੀ। ਪਰਵਾਸ ਧਾਰਨ ਦੇ ਮੂਲ ਕਾਰਨ ਵੱਲ ਕਵੀ ਨੇ ਇੰਜ ਇਸ਼ਾਰਾ ਕੀਤਾ ਹੈ :

*ਜਿਹੜੀ ਧਰਤ ਦੇ ਸਕੇ ਨਾ, ਰੋਜ਼ੀ ਆਪਣੇ ਬਸ਼ਰ ਨੂੰ*
*ਉਹ ਵਿਦੇਸ਼ੀਂ ਰੁਲਣਗੇ, ਹਿੱਕਾਂ 'ਤੇ ਛਾਲੇ ਜਰਨਗੇ।*

ਕਵੀ ਪਰਵਾਸੀ ਜੀਵਨ ਨੂੰ 'ਤੰਦੂਏ ਜਾਲ' ਨਾਲ ਤੁਲਨਾ ਕੇ ਇਸ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ। ਉਸਨੂੰ ਅਜਿਹੀ ਸਥਿਤੀ ਵਿਚ ਫਾਥੇ ਨੂੰ ਆਪਣਾ ਦੇਸ਼, ਆਪਣਾ ਸੱਭਿਆਚਾਰ ਚੰਗਾ ਲੱਗਣ ਲੱਗ ਜਾਂਦਾ ਹੈ। ਅਜਿਹੀ ਸਥਿਤੀ ਵਿਚ ਕਵੀ ਆਪਣੇ ਦੇਸ਼ ਵਿਚ ਗੁਜ਼ਾਰੇ ਸਮੇਂ ਉਤੇ ਫ਼ਖ਼ਰ ਮਹਿਸੂਸਦਾ ਹੈ। ਆਪਣੇ ਦੇਸ਼ ਗੁਜ਼ਾਰੇ ਦਿਨਾਂ ਦੇ ਉਲਟ ਪਰਵਾਸੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚੋਂ ਉਹਨੂੰ "ਹਾਦਸਿਆਂ ਦੇ ਨਾਲ ਪਰੁੱਚੀਆਂ" ਜੀਵਨ ਦੀਆਂ ਰਾਹਵਾਂ ਨਸੀਬ ਹੁੰਦੀਆਂ ਹਨ। ਪਰਵਾਸ ਦੇ ਹਾਦਸਿਆਂ ਦੇ ਹਾਸਲ ਹਨ : ਪਰਵਾਸੀ ਲੋਕਾਂ ਦੀ ਅੱਧੀ ਉਮਰ ਦਾ ਪਰਵਾਸ 'ਚ ਬੀਤ ਜਾਣਾ, ਉਹਨਾਂ ਦਾ ਆਪਣੇ ਘਰ ਤੋਂ ਬੇਘਰ ਹੋਣ ਦਾ ਝੋਰਾ, ਉਹਨਾਂ ਨੂੰ ਪਰਵਾਸ ਜਾ ਕੇ ਮੰਜ਼ਿਲ ਦਾ ਨਾ ਦਿਸਣਾ, ਅਗਲੀ ਨਸਲ ਦਾ ਵਿਗੜ ਜਾਣਾ, ਆਪਣੇ ਦੇਸ਼ ਆਉਣ ਦੇ ਸਾਰੇ ਰਸਤੇ ਉਹਨਾਂ ਲਈ ਬੰਦ ਹੋਣੇ ਆਦਿ। ਪਰਵਾਸੀ ਪੰਜਾਬੀਆਂ ਨਾਲ ਵਾਪਰੇ ਇਨ੍ਹਾਂ ਹਾਦਸਿਆਂ ਨੇ ਪੰਜਾਬੀ ਲੋਕਾਂ ਵਿਚ ਸਿਦਕ, ਮਿਹਨਤ ਆਦਿ ਵਾਲੇ ਗੁਣ ਵੀ ਪੈਦਾ ਕੀਤੇ ਹਨ ਅਤੇ ਇਹਨਾਂ ਗੁਣਾਂ ਨੇ ਉਹਨਾਂ ਦੀ ਜੀਵਨ-ਤੋਰ ਨੂੰ ਢਿੱਲਿਆਂ ਨਹੀਂ ਹੋਣ ਦਿੱਤਾ। ਉਹਨਾਂ ਦੀ ਸਿਦਕ ਦਿਲੀ ਦਾ ਸਬੂਤ 'ਪੌਣਾਂ ਦੇ ਰੰਗ' ਪੁਸਤਕ ਵਿਚਲੇ ਕਈ ਸ਼ੇਅਰ ਦਿੰਦੇ ਹਨ :

ੳ) *ਛੂਹਣਾ ਤੂੰ ਪਰਬਤਾਂ ਨੂੰ, ਸਾਗਰ ਹੰਗਾਲਣਾ ਹੈ*
*ਐਵੇਂ ਨਿਰਾਸ ਹੋ ਕੇ, ਕਿੱਦਾਂ ਸਰੇਗਾ ਤੇਰਾ*

ਅ) *ਪੱਛਮ ਵਿਚ ਵੀ ਓਹੀ ਨ੍ਹੇਰੀ, ਜੋ ਵਗਦੀ ਹੈ ਪੂਰਬ ਵਿਚ*
*ਹਰ ਕੋਈ ਬੁੱਕਲ ਵਿਚ ਹੀ ਰੋਵੇ, ਖ਼ੂਨ ਆਪਣਾ ਡੁਲ੍ਹੇ ਨੂੰ*
*ਪੂਰਬ ਪੱਛਮ ਇਕ ਨੇ ਇਸ ਲਈ ਸ਼ਗਨ ਮਨਾ*

ਪਰਵਾਸੀ ਲੋਕਾਂ ਦੀ ਉਸ ਸੋਚਣੀ ਨੂੰ ਕਵੀ ਨੇ ਸੂਤਰਬੱਧ ਕੀਤਾ ਹੈ ਜਿਹੜੀ ਸੋਚਣੀ ਉਹਨਾਂ ਨੂੰ ਪਰਵਾਸ ਵਿਚ ਰਹਿਣ ਦੀ ਖੁਸ਼ੀ ਦਿੰਦੀ ਹੈ। ਦਿਲ ਵਿਚ ਪਿਆਰ ਤੇ ਸਿਦਕ ਲੈ ਕੇ ਮਾਯੂਸੀਆਂ ਅਤੇ ਵੀਰਾਨੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਕਿਉਂਕਿ ਮਾਯੂਸੀਆਂ, ਵੀਰਾਨੀਆਂ, ਪਿਆਰ, ਸਿਦਕ, ਖੁਸ਼ੀ ਆਦਿ ਸਾਰੇ ਗੁਣ/ਔਗੁਣ ਤਾਂ ਪੂਰਬ ਪੱਛਮ ਸਭ ਦਿਸ਼ਾਵਾਂ ਦੇ ਦੇਸ਼ਾਂ ਦੇ ਲੋਕਾਂ ਵਿਚ ਪਾਏ ਜਾਂਦੇ ਹਨ। ਇੰਝ ਪਰਵਾਸੀ ਹੋਣ ਦਾ ਦਿਲ ਨੂੰ ਧਰਵਾਸ ਦਿੱਤਾ ਗਿਆ ਹੈ।

ਦਰਸ਼ਨ ਗਿੱਲ ਦੀਆਂ ਗ਼ਜ਼ਲਾਂ ਦੇ ਕਈ ਸ਼ੇਅਰਾਂ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਗ਼ਜ਼ਲ ਦੇ ਇਕ ਸ਼ੇਅਰ ਦੀ ਇਕ ਸਤਰ ਜੇ ਪਰਵਾਸੀ ਪੰਜਾਬੀ ਜੀਵਨ ਦੇ ਸੰਤਾਪ ਦੀ ਗੱਲ ਕਰਦੀ ਹੈ, ਤਾਂ ਦੂਸਰੀ ਸਤਰ ਪੰਜਾਬ ਦੇ ਸੰਤਾਪ ਦੀ ਗੱਲ ਕਰਦੀ ਹੈ। ਦੋ ਵਿਭਿੰਨ ਖੇਤਰਾਂ ਦੀਆਂ ਦੋ ਵੱਡੀਆਂ ਚਲੰਤ ਸਮੱਸਿਆਵਾਂ ਨੂੰ ਇਕ ਸ਼ੇਅਰ ਵਿਚ ਪਰੋਣਾ ਇਨ੍ਹਾਂ ਸ਼ੇਅਰਾਂ ਦੀ ਕਲਾਤਮਕ ਖਾਸੀਅਤ ਹੈ, ਜਿਵੇਂ:

*ਸਾੜ੍ਹ-ਸਤੀ ਸਾੜ ਗਈ ਫੁੱਲ-ਪੱਤੀਆਂ*<br>
*ਅੰਗਾਰਿਆਂ 'ਤੇ ਬੈਠੇ ਹਾਂ ਪੰਜਾਬ ਦੀ ਤਰ੍ਹਾਂ*

ਪੰਜਾਬ ਦੇ ਅਤਿਵਾਦੀ ਦਿਨਾਂ ਦੇ ਦੌਰ ਨੂੰ ਵੀ ਕਈ ਗ਼ਜ਼ਲਾਂ ਦੇ ਸ਼ੇਅਰ ਬੰਨ੍ਹਦੇ ਹਨ ਅਤੇ ਉਸ ਦੌਰ ਦੇ ਸੰਤਾਪ ਨੂੰ ਇੰਜ ਵਿਅਕਤ ਕਰਦੇ ਹਨ :

*ਮੁਖ਼ਬਰ, ਮੁਖ਼ਬਰ ਕਹਿੰਦੇ ਕਾਕੇ, ਅੱਧੇ ਪਿੰਡ ਨੂੰ ਭੁੰਨ ਗਏ*<br>
*ਆਪੇ ਬੰਦਾ ਦਿੰਦਾ 'ਤਗ਼ਮੇ', ਕਿਥੋਂ ਤਕ ਹੈ ਗਿਰ ਜਾਂਦਾ*

*ਵਿਦਿਆ ਕੇਂਦਰ ਬਣ ਗਏ, ਅਤਿਵਾਦ ਦੀ ਠਾਹਰ*<br>
*ਆਲਮ ਫ਼ਾਜ਼ਲ ਹੋ ਗਏ, ਅਕਲਾਂ ਦੇ ਹੁਣ ਚੋਰ।*

'ਆਲਮ ਫ਼ਾਜ਼ਲ' ਬਾਰੇ ਹੋਰ ਵੀ ਵਿਅੰਗਾਤਮਕ ਟੇਢ ਵਾਲੇ ਸ਼ੇਅਰ ਹਨ। ਇਹਨਾਂ ਦੇ ਮਖ਼ੌਟੇ ਪਹਿਨੇ ਅਸਲ ਚਿਹਰੇ ਦੇ ਦਰਸ਼ਨ ਵੀ ਦਰਸ਼ਨ ਗਿੱਲ ਦੇ ਸ਼ੇਅਰ ਇੰਜ ਕਰਵਾਉਂਦੇ ਹਨ :

*ਆਪਣੀ ਆਪਣੀ ਹਉਮੈਂ ਚੁੱਕੀ ਫਿਰਦਾ ਹਰ ਇਕ ਬੰਦਾ ਹੈ*<br>
*ਇਕ ਦੂਜੇ ਨੂੰ 'ਠੀਕ' ਕਰਨ ਲਈ ਫੜਿਆ ਸਭ ਨੇ ਰੰਦਾ ਹੈ*

*ਕੋਈ 'ਚਿੰਤਕ' ਬਣਿਆ ਫਿਰਦਾ, ਕੋਈ ਬਣੇ 'ਮਹਾਨ'*<br>
*ਸਨਮਾਨਾਂ ਨੂੰ ਲੁੱਟੀ ਜਾਂਦੇ, ਬੌਨੇ ਹੋ ਗਏ ਸ਼ਾਤਰ*

ਸਮੁੱਚੇ ਤੌਰ ਉਤੇ ਆਖਿਆ ਜਾ ਸਕਦਾ ਹੈ ਕਿ ਇਸ ਗ਼ਜ਼ਲ ਸੰਗ੍ਰਹਿ ਵਿਚ ਪਰਵਾਸ ਹੰਢਾਉਂਦੇ ਪੰਜਾਬੀ ਲੋਕਾਂ ਦੇ ਜਨ-ਜੀਵਨ ਨੂੰ ਦੇਸੀ ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ ਚਿਤਰਿਆ ਗਿਆ ਹੈ। ਪੰਜਾਬੀ ਸਭਿਆਚਾਰ ਦੀ ਉਚਿਤ ਪਛਾਣ ਕਰਵਾਉਂਦਿਆਂ ਪੰਜਾਬ ਸਮੱਸਿਆ ਦੇ ਵਿਭਿੰਨ ਪਹਿਲੂਆਂ ਨੂੰ ਛੂਹਿਆ ਗਿਆ ਹੈ। ਸੁੱਧੀਜੀਵੀ ਵਰਗ ਦੀ ਬੌਧਿਕ ਵਿਡੰਬਨਾ ਦੀ ਚਰਚਾ ਕੀਤੀ ਗਈ ਹੈ। ਇੰਝ ਇਸ ਪੁਸਤਕ ਵਿਚਲੀ ਕਾਵਿ-ਵਸਤੂ ਜਿਥੇ ਇਕ ਪਾਸੇ ਪੰਜਾਬੀ ਕੈਨੇਡੀਅਨ ਕਾਵਿ-ਜਗਤ ਵਿਚ ਨਿੱਗਰ ਵਾਧਾ ਕਰਦੀ ਹੈ, ਉਥੇ ਦੂਸਰੇ ਪਾਸੇ ਪੰਜਾਬ ਸਮੱਸਿਆ ਨਾਲ ਸੰਬੰਧਤ ਲਿਖੀਆਂ ਕਵਿਤਾਵਾਂ ਵਿਚ ਵੀ ਆਪਣਾ ਯੋਗਦਾਨ ਪਾਉਂਦੀ ਹੈ। ਇਸ ਦੋਹਰੇ ਯੋਗਦਾਨ ਕਰਕੇ ਇਸ ਗ਼ਜ਼ਲ ਪੁਸਤਕ ਨੂੰ ਪੰਜਾਬੀ ਸਾਹਿਤ ਦੀ ਮੁੱਖ-ਧਾਰਾ ਦੇ ਸਾਰੇ ਲੇਖਕਾਂ/ਪਾਠਕਾਂ ਲਈ ਪੜ੍ਹਨਾ ਜ਼ਰੂਰੀ ਹੋ ਜਾਂਦਾ ਹੈ।

[ਚੰਦਰ ਮੋਹਨ]

## ਨਰਬਲੀ [ਮਨਮੋਹਨ ਬਾਵਾ]

'ਨਰਬਲੀ' ਮਨਮੋਹਨ ਬਾਵਾ ਦਾ ਚੌਥਾ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ 'ਇਕ ਰਾਤ', 'ਚਿੱਟੇ ਘੋੜੇ ਦਾ ਸਵਾਰ' ਅਤੇ 'ਅਜਾਤ ਸੁੰਦਰੀ' ਪ੍ਰਕਾਸ਼ਤ ਹੋ ਚੁੱਕੇ ਸਨ। ਇਨ੍ਹਾਂ ਵਿਚੋਂ 'ਅਜਾਤ ਸੁੰਦਰੀ' ਨੇ ਉਸਦੀ ਇਕ ਵਿਲੱਖਣ ਕਹਾਣੀਕਾਰ ਵਜੋਂ ਪਛਾਣ ਸਥਾਪਤ ਕੀਤੀ ਸੀ ਜਿਸਨੂੰ ਨਵਾਂ



ਕਹਾਣੀ ਸੰਗ੍ਰਹਿ ਹੋਰ ਗੂੜ੍ਹੀ ਕਰਦਾ ਹੈ। ਮਨਮੋਹਨ ਬਾਵਾ ਦੀਆਂ 'ਨਰਬਲੀ' ਅਤੇ 'ਅਜਾਤ ਸੁੰਦਰੀ' ਵਿਚਲੀਆਂ ਕਹਾਣੀਆਂ ਦਾ ਵਿਸ਼ਾ ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਨਿਵੇਕਲਾ ਹੈ। ਪੰਜਾਬੀ ਦੀ ਆਧੁਨਿਕ ਕਹਾਣੀ ਵਿਚ ਸਮਕਾਲੀ ਪੰਜਾਬੀ ਸਮਾਜ ਦਾ ਯਥਾਰਥ ਖ਼ਾਸ ਕਰਕੇ ਪੇਂਡੂ ਕਿਸਾਨੀ ਹੀ ਪ੍ਰਮੁਖ ਵਸਤੂ ਸੰਸਾਰ ਸੀ। ਕੁਲਵੰਤ ਸਿੰਘ ਵਿਰਕ ਤੋਂ ਲੈ ਕੇ ਵਰਿਆਮ ਸਿੰਘ ਸੰਧੂ ਇਸੇ ਗਾਡੀ ਰਾਹ ਦੇ ਸ਼ਾਹ ਸਵਾਰ ਹਨ। ਮਨਮੋਹਨ ਬਾਵਾ ਨੇ ਪਹਿਲੀ ਵਾਰ ਪੰਜਾਬ ਅਤੇ ਭਾਰਤ ਦੇ ਇਤਿਹਾਸਕ ਪ੍ਰਸੰਗਾਂ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨਾ ਸ਼ੁਰੂ ਕੀਤਾ। 'ਨਰਬਲੀ' ਵਿਚ ਸ਼ਾਮਲ ਦਸ ਕਹਾਣੀਆਂ ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਹਨ। ਪਰੰਤੂ ਧਿਆਨ ਦੇਣ ਵਾਲਾ ਨੁਕਤਾ ਹੈ ਕਿ ਇਹ ਕਹਾਣੀਆਂ ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਇਤਿਹਾਸਕ ਘਟਨਾਵਾਂ ਦਾ ਵਾਰਤਕ ਰੂਪਾਂਤਰਣ ਨਹੀਂ, ਸਗੋਂ ਇਸ ਵਿਚ ਮਨਮੋਹਨ ਬਾਵਾ ਦੀ ਇਤਿਹਾਸ ਪ੍ਰਤੀ ਸਮਝ ਵਿਦਮਾਨ ਹੈ। ਇੰਝ ਇਹ ਕਹਾਣੀਆਂ 'ਇਤਿਹਾਸ' ਅਤੇ ਇਤਿਹਾਸ ਪ੍ਰਤੀ ਮਨਮੋਹਨ ਬਾਵਾ ਦੀ 'ਸਮਝ' ਦੋਹਾਂ ਦੇ ਮਿਸ਼ਰਣ ਤੋਂ ਉਤਪੰਨ 'ਗਲਪੀ ਰੂਪ' ਹੈ। ਮਨਮੋਹਨ ਬਾਵਾ ਨੇ ਇਤਿਹਾਸ ਨੂੰ ਕੇਵਲ ਪੁਸਤਕਾਂ ਵਿਚੋਂ ਹੀ ਨਹੀਂ ਪੜ੍ਹਿਆ ਸਗੋਂ ਉਹ ਇਤਿਹਾਸਕ ਥਾਵਾਂ ਦਾ ਘੁਮਕੜ ਯਾਤਰੀ ਹੋਣ ਦੇ ਨਾਲ ਨਾਲ ਲਲਿਤ ਕਲਾਵਾਂ ਦੇ ਇਤਿਹਾਸ ਦੀ ਸੋਝੀ ਵੀ ਰਖਦਾ ਹੈ। ਉਸਦੀ ਪੁਸਤਕ 'ਨਰਬਲੀ' ਦੇ ਪਿੱਛੇ ਉਸਦੀ ਇਤਿਹਾਸਕ ਥਾਵਾਂ ਦੀ ਯਾਤਰਾ, ਅਧਿਐਨ ਦੇ ਨਾਲੋਂ ਨਾਲ 'ਇਕ ਰਾਤ' ਦੀ ਗਲਪ ਰਚਨਾ ਦਾ ਅਭਿਆਸ ਵੀ ਕੰਮ ਕਰਦਾ ਹੈ।

'ਨਰਬਲੀ' ਦੀ ਪਹਿਲੀ ਕਹਾਣੀ 'ਉਦਾਬਰਾ' ਵਿਚ ਜਾਤ ਦੀ ਸਮੱਸਿਆ, 'ਮੂਲਸਥਾਨ ਦੀ ਦੇਵਦਾਸੀ' ਵਿਚ ਦੇਵਦਾਸੀਆਂ ਦੀ ਸਮੱਸਿਆ, 'ਸਤੀ ਭੂਮੇਸ਼ਵਰੀ' ਵਿਚ ਵਿਧਵਾਪਣ ਦੀ ਸਮੱਸਿਆ, 'ਰੂਪਾਂਤਰਣ' ਜਾਤ-ਬਦਲੀ ਧਰਮ ਬਦਲੀ ਅਤੇ ਔਰਤ ਨੂੰ ਹਥਿਆਰ ਬਣਾਉਣ ਦੀ ਗੁੰਝਲਦਾਰ ਪ੍ਰਕਿਰਿਆ ਦੀ ਕਹਾਣੀ ਹੈ। 'ਨਰਬਲੀ' ਵਿਚ ਬਲੀ ਅਤੇ ਕਬੀਲਿਆਂ ਦੀ ਗਾਥਾ ਹੈ। 'ਰਕਾਬ ਗੰਜ ਕਿਵੇਂ ਬਣਿਆ', 'ਕਮਲਾ', 'ਰਾਣੀ ਰਾਜਵੰ ' 'ਬਿਲਾਸੀ ਉਰਫ਼ ਲਾਰੈਂਸ' ਅਤੇ 'ਖ਼ਾਨਾਬਦੋਸ਼ ਬੇਗ਼ਮ' ਕਹਾਣੀਆਂ ਸਿਖ-ਇਤਿਹਾਸ ਨਾਲ ਸਬੰਧਿਤ ਹਨ।

ਅਸਲ ਵਿਚ ਇਤਿਹਾਸ ਲੇਖਣ ਅਤੇ ਗਲਪ ਲੇਖਣ ਵਿਚ ਕੋਈ ਬਹੁਤਾ ਵੱਡਾ ਭੇਦ ਨਹੀਂ ਹੈ। ਇਤਿਹਾਸਕ ਗਲਪ ਲੇਖਣ ਵਿਚ ਤਾਂ ਦੋਨੋਂ ਅਭੇਦ ਹੋ ਜਾਂਦੇ ਹਨ। ਗਲਪ ਲੇਖਕ ਬੀਤੀਆਂ/ ਨਾ ਬੀਤੀਆਂ ਘਟਨਾਵਾਂ ਨੂੰ ਆਪਣੀ ਦ੍ਰਿਸ਼ਟੀ ਤੋਂ ਇੰਝ ਪੇਸ਼ ਕਰਦਾ ਹੈ ਕਿ ਉਹ ਗਲਪ ਸੰਸਾਰ ਵਿਚ ਸਾਕਾਰ ਹੋ ਉਠਦੀਆਂ ਹਨ। ਘਟਨਾਵਾਂ ਨੂੰ ਬਿਆਨਣ ਵਿਚ ਲੇਖਕ ਦਾ ਨਜ਼ਰੀਆ ਪ੍ਰਮੁਖ ਭੂਮਿਕਾ ਅਦਾ ਕਰਦਾ ਹੈ। ਮਨਮੋਹਨ ਬਾਵਾ ਦੀਆਂ ਕਹਾਣੀਆਂ ਪੜ੍ਹਕੇ ਪਤਾ ਚਲਦਾ ਹੈ ਕਿ ਉਹ ਬੀਤੇ ਦੀਆਂ ਘਟਨਾਵਾਂ ਨੂੰ ਅੱਜ ਦੀ ਅੱਖ ਨਾਲ ਪਕੜਦਾ ਹੈ। ਉਸਦੀ ਇਹ ਦ੍ਰਿਸ਼ਟੀ ਕਿਸੇ ਹੱਥਪੂਜ ਇਤਿਹਾਸਕਾਰ ਲਈ 'ਬਿਲਕੁਲ ਸਹੀ' ਜਾਂ 'ਬਿਲਕੁਲ ਗਲਤ' ਵੀ ਹੋ ਸਕਦੀ ਹੈ ਪਰ ਸਾਹਿਤ ਆਲੋਚਕ ਲਈ ਇਹ ਸਚ/ ਝੂਠ ਤੋਂ ਪਾਰ ਮਨਮੋਹਨ ਬਾਵਾ ਦੀ ਦ੍ਰਿਸ਼ਟੀ ਹੈ।

ਇਨ੍ਹਾਂ ਕਹਾਣੀਆਂ ਲਈ ਘਟਨਾਵਾਂ ਦੀ ਭਾਵਨਾ ਇਤਿਹਾਸਕ ਪ੍ਰਸੰਗਾਂ ਦੀ ਚੋਣ ਵਿਚ ਮਨਮੋਹਨ ਬਾਵਾ ਦੀ ਦ੍ਰਿਸ਼ਟੀ ਨਿਹਿਤ ਹੈ। ਮਨਮੋਹਨ ਬਾਵਾ ਆਪਣੇ ਗਲਪ ਲੇਖਣ ਰਾਹੀਂ ਇਕ ਬਹੁਤ ਵੱਡੀ ਮਿਥ ਅਚੇਤੇ ਹੀ ਤੋੜ ਰਿਹਾ ਹੈ। ਪੰਜਾਬ ਦੇ ਬਹੁਤੇ ਇਤਿਹਾਸਕਾਰ ਪੰਜਾਬ ਦੇ ਇਤਿਹਾਸ ਨੂੰ ਸਿੱਖ-ਇਤਿਹਾਸ ਤਕ ਸੀਮਤ ਕਰ ਦੇਣ ਦੀ ਰੁਚੀ ਦੇ ਸ਼ਿਕਾਰ ਹਨ। ਪਰੰਤੂ ਉਸਦੀਆਂ ਕਹਾਣੀਆਂ ਦਾ ਘਟਨਾ-ਸਥਾਨ ਹੀ ਪੰਜਾਬ ਨਹੀਂ ਹੈ ਸਗੋਂ ਸਮਾਂ ਵੀ ਦੋ ਹਜ਼ਾਰ ਸਦੀਆਂ ਪਿੱਛੇ ਤਕ ਫੈਲਿਆ ਹੋਇਆ ਹੈ। ਉਦਾਹਰਨ ਵਜੋਂ 'ਉਦਾਬਰਾ' ਦੋ ਹਜ਼ਾਰ ਸਾਲ ਪਹਿਲਾਂ ਰੂਪ ਨਗਰ ਦੀ

ਕਥਾ ਹੈ, 'ਮੂਲ ਸਥਾਨ ਦੀ ਦੇਵ ਦਾਸੀ' ਹਜ਼ਾਰ ਸਾਲ ਪਹਿਲਾਂ ਮੁਲਤਾਨ ਦੀ ਕਥਾ ਹੈ, 'ਰੂਪਾਂਤਰਣ' ਅੱਜ ਤੋਂ ਛੇ-ਸੱਤ ਸੌ ਸਾਲ ਪਹਿਲਾਂ ਦੀ ਘਟਨਾ ਹੈ। ਇੰਝ ਹੀ ਮਨਮੋਹਨ ਬਾਵਾ ਨੇ ਸਿੱਖ ਇਤਿਹਾਸ ਦੇ ਅੰਦਰਲੇ-ਵਿਰੋਧਾਂ ਅਤੇ ਕਮਜ਼ੋਰੀਆਂ ਨੂੰ ਵੀ ਨੰਗਿਆਂ ਕੀਤਾ ਹੈ। ਜੇ 'ਰਕਾਬ ਗੰਜ ਕਿਵੇਂ ਬਣਿਆ' ਅਤੇ 'ਕਮਲ' ਸਿਖ-ਇਤਿਹਾਸ ਬਾਰੇ ਪ੍ਰਵਾਨਤ ਸਿਖ ਪ੍ਰਬੰਧ ਵਿਚ ਵਿਚਰਦੇ ਹਨ ਤਾਂ 'ਖਾਨਾਬਦੋਸ਼ ਬੇਗਮ' ਮਹਾਰਾਜਾ ਰਣਜੀਤ ਸਿੰਘ ਦੇ ਵਿਲਾਸੀ ਸੁਭਾਅ ਨੂੰ ਅੱਗੇ ਲਿਆਉਂਦੀ ਹੈ। ਭਾਵੇਂ ਲੇਖਕ ਦੇ ਕੁਝ ਆਪਣੇ ਵੱਲੋਂ ਕੀਤੇ ਇਕਬਾਲ ਅਨੁਸਾਰ ਉਹ ਅਜੇ ਵੀ ਮਹਾਰਾਜਾ ਰਣਜੀਤ ਸਿੰਘ ਬਾਰੇ ਕਾਫੀ ਕੁਝ ਲੁਕਾਅ ਰਿਹਾ ਹੈ। "ਪਹਿਲਾਂ ਜੋ ਕਹਾਣੀ ਮੈਂ ਲਿਖੀ ਸੀ, ਉਹ ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਮੋਰਾਂ ਬਾਰੇ ਸੀ ਜੋ ਇਕ ਕੰਜਰੀ ਦੀ ਧੀ ਸੀ। ਪਰ ਕੁਝ ਸ਼ਰਧਾਲੂ ਲੇਖਕ ਮਿੱਤਰਾਂ ਨੂੰ, ਜਿਨ੍ਹਾਂ ਨੂੰ ਮੈਂ ਇਹ ਕਹਾਣੀ ਸੁਣਾਈ, ਇਹ ਚੰਗਾ ਨਹੀਂ ਲੱਗਿਆ ਕਿ ਮੈਂ ਮੋਰਾਂ ਨੂੰ ਕੰਜਰੀ ਦੀ ਧੀ ਕਿਉਂ ਲਿਖਿਆ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਨਕਾਰਾਤਮਕ ਪੱਖ ਨੂੰ ਕਿਉਂ ਪੇਸ਼ ਕੀਤਾ। ਇਸਦਾ ਪਰਿਣਾਮ ਇਹ ਹੋਇਆ ਕਿ ਮੈਂ ਉਸ ਕਹਾਣੀ ਨੂੰ ਲਾਂਭੇ ਰੱਖ ਦਿੱਤਾ।" ਮੇਰੀ ਜਾਚੇ ਮਨਮੋਹਨ ਬਾਵਾ ਨੇ ਜੋ ਕੁਝ ਪੇਸ਼ ਕੀਤਾ ਹੈ, ਉਸ ਲਈ ਧੰਨਵਾਦ ਪਰ ਜੋ ਕੁਝ ਅਜੇ ਪੇਸ਼ ਨਹੀਂ ਕੀਤਾ, ਉਸਨੂੰ ਵੀ ਆਉਂਦੀਆਂ ਪੁਸਤਕਾਂ ਵਿਚ ਆਉਣ ਦਿੱਤਾ ਜਾਣਾ ਚਾਹੀਦਾ ਹੈ। ਮਨਮੋਹਨ ਬਾਵਾ ਕੋਲ ਇਤਿਹਾਸ ਦੀ ਬਾਰੀਕ ਸਮਝ ਹੈ ਅਤੇ ਉਹ ਘਟਨਾਵਾਂ ਦੇ ਪਿੱਛੇ ਕਾਰਜਸ਼ੀਲ ਇਤਿਹਾਸਕ ਵੇਗ ਅਤੇ ਪਾਤਰਾਂ ਦੇ ਮਨਾਂ ਅੰਦਰ ਘਟਦੀਆਂ-ਵਟਦੀਆਂ ਤਰੰਗਾਂ ਤੋਂ ਵੀ ਜਾਣੂ ਹੈ। ਪਰੰਤੂ ਇਸਦੇ ਬਾਵਜੂਦ ਉਸ ਕੋਲ ਗਲਪ ਭਾਸ਼ਾ ਦੀ ਘਾਟ ਹੈ, ਖਾਸ ਕਰਕੇ ਉਹ ਵਾਰਤਾਲਾਪ ਲਿਖਣ ਸਮੇਂ ਖਾਸੀ ਕਿਤਾਬੀ ਭਾਸ਼ਾ ਲਿਖਣ ਦਾ ਦੋਸ਼ੀ ਬਣ ਜਾਂਦਾ ਹੈ, ਇਸ ਪਾਸੇ ਉਨ੍ਹਾਂ ਨੂੰ ਧਿਆਨ ਦੇਣ ਦੀ ਜ਼ਰੂਰਤ ਹੈ। ਪਾਠਕਾਂ ਨੂੰ ਉਸ ਤੋਂ ਬਹੁਤ ਆਸਾਂ ਹਨ। ਕੁਝ ਥਾਵਾਂ ਉਪਰ ਇੰਝ ਜਾਪਦਾ ਹੈ ਜਿਵੇਂ ਇਤਿਹਾਸਕ ਤਰਕ ਵੀ ਹੱਥੋਂ ਖਿਸਕ ਰਿਹਾ ਹੋਵੇ। ਉਦਾਹਰਨ ਵਜੋਂ 'ਕਮਲ' ਕਹਾਣੀ ਵਿਚ ਅਫਰੀਕੀ ਕਬੀਲੇ ਦੀ ਬੇਗਮ ਆਖਦੀ ਹੈ ਕਿ ਹੁਣ 'ਬ੍ਰਾਮਣਾਂ ਕਰਾੜਾਂ ਨੇ ਵੀ ਪੱਗਾਂ ਬੰਨਕੇ ਤਲਵਾਰਾਂ ਫੜ ਲਈਆਂ ਨੇਂ'। ਉਸ ਦਾ ਇਸ਼ਾਰਾ ਸਿੱਖਾਂ ਵੱਲ ਸੀ। ਮੇਰੀ ਇਤਿਹਾਸ ਦੀ ਅਲਪ ਸਮਝ ਅਨੁਸਾਰ ਸਿੱਖਾਂ ਵਿਚ ਨੀਵੀਆਂ ਸਮਝੀਆਂ ਜਾਂਦੀਆਂ ਜਾਤੀਆਂ ਦੇ ਲੋਕ ਤਾਂ ਜੁੜ ਗਏ ਸਨ ਪਰ 'ਬ੍ਰਾਹਮਣ' ਅਤੇ 'ਕਰਾੜ' ਬਹੁਤ ਘੱਟ ਜੁੜੇ ਸਨ। ਕੁਝ ਬ੍ਰਾਹਮਣ ਸਿੱਖਾਂ ਦੀ ਪੁਜਾਰੀ ਸ਼੍ਰੇਣੀ ਵਿਚ ਤਾਂ ਸ਼ਾਮਲ ਹੋਏ ਸਨ। ਪਰ ਕਰਾੜਾਂ ਮਹਾਜਨਾਂ, ਬਾਣੀਆਂ ਦੇ ਪੱਗਾਂ ਬੰਨ੍ਹਣ ਦੀ ਗੱਲ ਸਮਝ ਨਹੀਂ ਆਈ। ਸਾਨੂੰ ਮਿਲਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤਕ ਕਿਸੇ ਇਕ ਵੀ ਸਿੱਖ ਯੋਧੇ ਜਾਂ ਨੀਤੀਵੇਤਾ ਜਾਂ ਆਗੂ ਦਾ ਨਾਂ ਇਨ੍ਹਾਂ ਜਾਤਾਂ ਵਿਚੋਂ ਨਹੀਂ ਹੈ।

ਪਰੰਤੂ ਇਹੋ ਜਿਹੀਆਂ ਇੱਕਾ-ਦੁੱਕਾ ਪਾਠਕ ਦੇ ਮਨਚਿਤ ਨਾ ਲੱਗਦੀਆਂ ਘਟਨਾਵਾਂ ਦੇ ਬਾਵਜੂਦ ਇਹ ਗੱਲ ਬੜੀ ਤਸੱਲੀ ਵਾਲੀ ਹੈ ਕਿ ਮਨਮੋਹਨ ਬਾਵਾ ਨੇ ਸਿਰਫ ਇਤਿਹਾਸਕ ਘਟਨਾਵਾਂ ਨੂੰ ਗਲਪ ਵਿਚ ਹੀ ਨਹੀਂ ਢਾਲਿਆ ਸਗੋਂ ਪੁਨਰ-ਸਿਰਜਣ ਕੀਤਾ ਹੈ ਅਤੇ ਇਸ ਪੁਨਰ ਸਿਰਜਣ ਸਮੇਂ ਸਾਧਾਰਣ ਘਟਨਾਵਾਂ ਨੂੰ ਉਨ੍ਹਾਂ ਦੀ ਇਤਿਹਾਸਕ ਵਿਸ਼ੇਸ਼ਤਾ ਵਿਚ ਪਕੜਿਆ ਹੈ। ਉਸ ਨੇ ਵਿਵਸਥਾ ਦੇ ਨਜ਼ਰੀਏ ਦੀ ਥਾਂ ਵਿਵਸਥਾ ਅਧੀਨ ਛਟਪਟਾਅ ਰਹੇ ਪਾਤਰਾਂ ਦੇ ਨਜ਼ਰੀਏ ਨੂੰ ਪਹਿਲ ਦਿੱਤੀ ਹੈ। ਭਾਰਤੀ ਜਾਤੀ ਪਾਤੀ ਪ੍ਰਬੰਧ ਬੰਦ ਹੈ, ਇਹ ਜਨਮ ਜਾਤ ਹੈ ਅਤੇ ਇਸ ਤੋਂ ਮੁਕਤੀ ਮਰਨ ਨਾਲ ਵੀ ਨਹੀਂ ਮਿਲਦੀ, ਸਗੋਂ ਮਰਨ ਬਾਅਦ ਵੀ ਵਿਅਕਤੀ ਸਿਵਿਆਂ ਤਕ ਜੁੜਿਆ ਰਹਿੰਦਾ ਹੈ। 'ਉਦਾਬਰਾ' ਦਾ ਜੈਅ ਦੇਵ ਅਤੇ ਉਸਦਾ ਪਿਉ, 'ਰੂਪਾਂਤਰਣ' ਦੇ ਅਛਰੂ ਰਾਮ



ਅਤੇ ਉਸਦੇ ਪੁੱਤਰਾਂ ਬਿਕਰਮ, ਵਿਜੇਅ ਦੀਆਂ ਸਮੱਸਿਆਵਾਂ ਸਾਂਝੀਆਂ ਹਨ। ਜਾਤ ਦੇ ਬੰਦ-ਪ੍ਰਬੰਧ ਕਾਰਨ ਵਿਅਕਤੀ ਆਪਣੀ ਜਾਤ ਨਹੀਂ ਬਦਲ ਸਕਦੇ ਸੀ, ਉਹ ਆਪਣਾ ਦੇਸ਼ ਛੱਡਕੇ ਦੂਰ ਜਾਕੇ ਹੀ ਝੂਠ ਬੋਲਕੇ ਆਪਣੀ ਜਾਤ ਨਾਲ ਜੁੜੀ ਜ਼ਲਾਲਤ ਤੋਂ ਛੁਟਕਾਰਾ ਪਾ ਸਕਦੇ ਸਨ। ਪਰ ਇਸ ਲਈ ਹਰ ਕੋਈ ਨਾ ਤਾਂ ਜੈਅ ਦੇਵ ਵਾਂਗ ਪ੍ਰਤਿਭਾਸ਼ਾਲੀ ਅਤੇ ਨਾ ਹੀ ਅਛਰੂ ਰਾਮ ਦੇ ਪੁੱਤਰਾਂ ਵਰਗਾ ਯੋਧਾ ਹੋ ਸਕਦਾ ਸੀ। ਇਸ ਲਈ ਆਮ ਆਦਮੀ ਤਾਂ ਆਪਣੀ ਜਾਤ ਦੀਆਂ ਜ਼ਲਾਲਤਾਂ ਸਹਿੰਦੇ ਹੀ ਮਰ ਜਾਂਦੇ ਸਨ। ਪਰ ਜੇ ਚੋਣਵੇਂ ਲੋਕ ਕਦੇ ਆਪਣੇ ਇਲਾਕੇ ਤੋਂ ਦੂਰ ਜਾਣ ਦਾ ਹੌਸਲਾ ਕਰਕੇ ਬਾਕੀ ਸਮਾਜ ਨੂੰ ਧੋਖਾ ਵੀ ਦਿੰਦੇ ਸੀ ਤਾਂ ਵੀ ਉਹ ਬ੍ਰਾਹਮਣੀ ਜਾਤਪਾਤ ਦੀ ਵਿਚਾਰਧਾਰਾ ਦੀ ਤੀਬਰ ਪਕੜ ਵਿਚ ਰਹਿੰਦੇ ਸਨ। ਜੈਅ ਦੇਵ ਕਿਤੇ ਨਾ ਕਿਤੇ ਅੰਦਰ ਬੈਠੀ 'ਵਿਚਾਰਧਾਰਾ' ਕਾਰਨ ਜਾਂ ਬ੍ਰਾਹਮਣਾਂ ਵਲੋਂ ਜ਼ਾਹਰਾ ਪਕੜੇ ਜਾਣ ਦੇ ਡਰ ਕਾਰਨ ਹੀ 'ਕਲਿਆਨੀ' ਨੂੰ ਛੱਡ ਜਾਂਦਾ ਹੈ ਅਤੇ ਇੰਝ ਹੀ 'ਰੂਪਾਂਤਰਣ' ਦੇ ਡੂਮ ਰੂਪਾਂਤਰਣ ਦੇ ਬਾਵਜੂਦ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਜਕੜ ਵਿਚ ਹਨ। "ਵੱਡਾ ਭਰਾ ਬੋਲਿਆ 'ਮੇਰਾ ਤਾਂ ਜੀਆ ਉਦੋਂ ਠੰਢਾ ਹੋਊ ਜਦੋਂ ਛਿੱਤਰ ਮਾਰ ਹਟੂੰ ਇਸ ਸਾਲੇ ਬ੍ਰਾਹਮਣ ਦੇ। ਬ੍ਰਾਹਮਣ ਹੱਤਿਆ ਦਾ ਪਾਪ ਨਹੀਂ ਲੈਣਾ ਚਾਹੁੰਦਾ, ਨਹੀਂ ਤੇ ...।" (ਪੰਨਾ 57) ਭਾਰਤੀ ਬ੍ਰਾਹਮਣਵਾਦੀ ਵਿਚਾਰਧਾਰਾ ਅਣਚੇਤ ਸੰਸਕਾਰਾਂ ਵਿਚ ਧਸੀ ਹੋਈ ਸੀ, ਡੂਮ ਤੋਂ ਡਾਕੂ ਜਾਂ ਰਾਜਪੂਤ ਬਣੇ ਵਿਅਕਤੀ ਕਿਸੇ 'ਮਾਨਵ ਹੱਤਿਆ' ਤੋਂ ਜਾਂ 'ਮਾਨਵੀ ਭਾਵਨਾਵਾਂ' ਕਰਕੇ ਨਹੀਂ ਡਰਦੇ ਸਗੋਂ ਉਨ੍ਹਾਂ ਨੂੰ ਬ੍ਰਾਹਮਣ ਹੱਤਿਆ ਤੋਂ ਡਰ ਲੱਗਦਾ ਸੀ। ਇਸੇ ਪ੍ਰਕਾਰ ਦੀ ਜਾਤਪਾਤੀ ਪ੍ਰਬੰਧ ਦੀ ਵਿਸ਼ਾਲ ਵਿਕਰਾਲਤਾ ਨੂੰ ਸਾਹਮਣੇ ਲਿਆਉਣਾ ਮਨਮੋਹਨ ਬਾਵਾ ਦੇ ਹਿੱਸੇ ਆਇਆ ਹੈ।

'ਮੂਲਸਥਾਨ ਦੀ ਦੇਵਦਾਸੀ' ਦੀ ਸੁਰਾ ਪ੍ਰਭਾ, 'ਨਰਬਲੀ' ਦਾ ਪ੍ਰਸਾਰਾ ਅਤੇ ਕਿਸੇ ਨਾ ਕਿਸੇ ਪੱਧਰ ਉਪਰ 'ਰਾਣੀ ਰਾਜਵੰਤ' ਦਾ ਸੰਗਤ ਬੌਰੀਆ ਸਾਰੇ ਹੀ ਆਪੋ ਆਪਣੀ ਵਸਤੂ-ਸਥਿਤੀ ਤੋਂ ਨਿਕਲਣ ਲਈ ਰਾਹ ਭਾਲਦੇ ਹਨ, ਕਹਾਣੀਕਾਰ ਦੀ ਖੂਬਸੂਰਤੀ ਹੈ ਕਿ ਲਗਪਗ ਸਾਰੇ ਹੀ ਪਾਤਰ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਵਿਵਸਥਾ ਤੋਂ ਬਹੁਤਾ ਬਚ ਨਹੀਂ ਸਕਦੇ ਅਤੇ ਜੇ ਉਹ ਬਚਦੇ ਵੀ ਹਨ ਤਾਂ ਵਿਵਸਥਾ ਨਾਲ ਟਕਰਾਕੇ ਨਹੀਂ ਸਗੋਂ ਵਿਵਸਥਾ ਦਾ ਅੰਗ ਬਣਕੇ, ਜਿਵੇਂ 'ਰੂਪਾਂਤਰਣ' ਦੇ ਡੂਮ ਭਰਾ, 'ਰਾਣੀ ਰਾਜਵੰਤ' ਦਾ ਸੰਗਤ ਬੌਰੀਆ ਆਦਿ। ਇਤਿਹਾਸ ਵਿਚ ਔਰਤ ਦੀ ਦਸ਼ਾ ਵੀ ਦਲਿਤਾਂ ਵਾਲੀ ਹੀ ਰਹੀ ਹੈ, ਉਹ ਭਾਵੇਂ 'ਮੂਲਸਥਾਨ ਦੀ ਦੇਵਦਾਸੀ' ਦੀ ਸੁਰਾ ਪ੍ਰਭਾ ਹੋਵੇ ਅਤੇ ਭਾਵੇਂ ਉਹ 'ਕਮਲ' ਦੀ ਕਮਲ ਇਥੋਂ ਤਕ ਕਿ ਸੋਨਾਲੀ ਵੀ ਆਪਣੇ ਭਗਤਾਂ ਲਈ ਤਰੱਕੀ ਲਈ ਵਰਤੀ ਗੋਟ ਹੀ ਹੈ।

ਮਨਮੋਹਨ ਬਾਵਾ ਦੀ ਇਹ ਖਾਸੀਅਤ ਹੈ ਕਿ ਉਸਨੇ ਪੰਜਾਬ ਦੇ ਇਤਿਹਾਸ ਨੂੰ ਉਸਦੀਆਂ ਵਿਰੋਧਤਾਈਆਂ ਸਮੇਤ ਦਮਿਤਾਂ ਦੇ ਦ੍ਰਿਸ਼ਟੀਕੋਣ ਤੋਂ ਪੁਨਰ-ਸਿਰਜਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਤਿਹਾਸ ਵਿਚ ਇਹ ਘਟਨਾਵਾਂ ਇਸ ਰੂਪ ਵਿਚ ਸੱਚਮੁੱਚ ਵਾਪਰੀਆਂ ਹਨ ਜਾਂ ਨਹੀਂ ਵਾਪਰੀਆਂ, ਸਾਡੇ ਲਈ ਇਹ ਮਹੱਤਵਪੂਰਨ ਨਹੀਂ ਹੈ। ਸਾਡੇ ਲਈ ਮਹੱਤਵਪੂਰਨ ਮਨਮੋਹਨ ਬਾਵਾ ਦਾ ਗਲਪੀ ਚਿਤਰ ਹੈ, ਜੋ ਇਤਿਹਾਸ ਪ੍ਰਤੀ ਸਾਡੀ ਚੇਤਨਾ ਨੂੰ ਜਾਗ੍ਰਤ ਕਰਦਾ ਹੈ।00

[ਰਾਜਿੰਦਰਪਾਲ ਸਿੰਘ]

## ਪਿੰਡ ਅਜੇ ਜਿਉਂਦਾ ਹੈ [ਸਰੂਪ ਸਿਆਲਵੀ]

ਪੰਜਾਬੀ ਕਹਾਣੀ ਦੇ ਰਚਨਾ-ਸੰਸਾਰ ਵਿਚ ਕੋਈ ਇਕ ਦਹਾਕੇ ਤੋਂ ਆਪਣੀਆਂ ਕਹਾਣੀਆਂ ਨਾਲ ਨਵੀਂ ਪੋਚ ਦੇ ਕਹਾਣੀਕਾਰਾਂ ਵਿਚ ਆਪਣਾ ਨਿਵੇਕਲਾ ਸਥਾਨ ਬਣਾਉਣ ਵਾਲੇ ਕਹਾਣੀਕਾਰ

ਸਰੂਪ ਸਿਆਲਵੀ ਦਾ 'ਪਿੰਡ ਅਜੇ ਜਿਉਂਦਾ ਹੈ' [ਪੰਨੇ 112, ਮੁੱਲ 100 ਰੁਪਏ, ਫੋਰਮੈਨ ਯਾਦਗਾਰੀ ਪ੍ਰਕਾਸ਼ਨ, ਭਾਦਸੋਂ-ਪਟਿਆਲਾ] ਪਹਿਲਾ ਕਹਾਣੀ-ਸੰਗ੍ਰਹਿ ਹੈ। ਹਾਰ ਰੂਪੀ ਇਸ ਕਹਾਣੀ-ਸੰਗ੍ਰਹਿ ਵਿਚ ਕਹਾਣੀਆਂ ਰੂਪੀ ਕੁੱਲ ਤੇਰਾਂ ਮਣਕੇ ਹਨ ਜਿਨ੍ਹਾਂ ਵਿਚੋਂ ਛੇ ਮਣਕੇ (ਰੇਪ, ਜੈਲੋ, ਵਖਰੇਵਾਂ, ਪਿੰਡ ਅਜੇ ਜਿਉਂਦਾ ਹੈ, ਮਾੜਚੂ-ਖਾੜਕੂ, ਤਿੰਨ ਪਾਂਜੇ ਸੌ) ਸਿੱਧੇ ਤੌਰ ਉੱਤੇ ਦਲਿਤ ਜੀਵਨ ਦੀਆਂ ਸਮੱਸਿਆਵਾਂ ਵਾਲੇ ਸ਼ੋਖ਼ ਰੰਗਾਂ ਦੀ ਭਾਅ ਮਾਰਦੇ ਹਨ।

'ਰੇਪ' ਕਹਾਣੀ ਵਿਚ ਦੋ ਵਰਗਾਂ ਦੀ ਮਾਨਸਿਕ ਗੁੰਝਲ ਦਾ ਪ੍ਰਗਟਾਵਾ ਹੈ। ਪਹਿਲਾ ਦਲਿਤ ਵਰਗ ਹੈ। ਦੂਸਰਾ ਪਹਿਲੇ ਵਰਗ ਦੀ ਮਿਹਨਤ ਉੱਤੇ ਪਲਣ ਵਾਲਾ ਪੇਂਡੂ ਕਿਸਾਨੀ ਮੱਧਵਰਗ। ਦੂਸਰਾ ਵਰਗ ਪਹਿਲੇ ਵਰਗ ਨੂੰ ਸਰੀਰਕ ਤੇ ਮਾਨਸਿਕ ਪੀੜਾ ਦਿੰਦਾ ਹੈ ਜਦ ਕਿ ਪਹਿਲਾ ਵਰਗ ਇਸ ਪੀੜਾ ਨੂੰ ਜਰਦਾ ਵੀ ਹੈ ਅਤੇ ਇਸਦਾ ਹੱਲ ਵੀ ਮਾਨਸਿਕਤਾ ਦੀ ਪੱਧਰ ਉੱਤੇ ਹੀ ਰਹਿ ਕੇ ਕਰਦਾ ਹੈ। ਅਜਿਹੀ ਸਮਾਜਕ ਸੰਕਲਪਨਾ ਸਾਮੰਤੀ ਸਮਾਜ ਵਿਚ ਵੀ ਮੌਜੂਦ ਸੀ। ਕਹਾਣੀ ਵਿਚ ਜੇ ਕੋਈ ਨਵੀਂ ਸਮਾਜਕ ਸੰਕਲਪਨਾ ਆਈ ਹੈ, ਤਾਂ ਉਹ ਇਸ ਦੂਸਰੇ ਵਰਗ ਦੇ ਆਰਥਿਕ ਢਿੱਲੇਪਣ ਕਰਕੇ ਅਤੇ ਚੇਤਨਾ ਦੀ ਪੱਧਰ 'ਤੇ ਜਨ ਸਾਧਾਰਨ ਦੀ ਚੇਤਨਾ ਨਾਲ ਜੁੜਨ ਕਰਕੇ ਹੈ। ਇਸੇ ਲਈ 'ਰੇਪ' ਕਹਾਣੀ ਦੀ ਮੁੱਖ ਪਾਤਰ ਸੁਖਜੀਤ ਆਪਣੇ ਭਰਾ ਵੱਲੋਂ ਕੀਤੇ ਰੇਪ ਦੀ ਖ਼ਬਰ ਦੇ ਲੋਕਾਂ ਤਕ ਪਹੁੰਚਣ ਤੋਂ ਡਰਦੀ ਹੋਈ ਜਸਵੀਰ ਸਾਹਵੇਂ ਭਾਵਕ ਤੌਰ ਉਤੇ ਪੰਘਰਦੀ ਹੈ। ਉਸਦੇ ਇਸ ਕਰਮ ਪਿੱਛੇ ਆਪਣੇ ਵਰਗ ਦੇ ਬਲਾਤਕਾਰੀ ਸੁਭਾਅ ਨੂੰ ਅਨੋਖੇ ਢੰਗ ਨਾਲ ਲੁਕਾਉਣ ਦਾ ਉਪਰਾਲਾ ਹੈ। ਤੇ ਇਸ ਉਪਰਾਲੇ ਵਿਚ ਉਹ ਪੂਰੀ ਤਰ੍ਹਾਂ ਸਫ਼ਲ ਵੀ ਹੋਈ ਹੈ।

ਇਸੇ ਤਰ੍ਹਾਂ ਪਾਤਰ-ਪ੍ਰਧਾਨ ਕਹਾਣੀ 'ਜੈਲੋ' ਦਲਿਤ ਵਰਗ ਦੀਆਂ ਆਰਥਿਕ ਤੰਗੀਆਂ ਤੁਰਸ਼ੀਆਂ ਨੂੰ ਸਮਰਪਤ ਹੈ। ਇਹ ਵਰਗ ਆਪਣੀ ਗਰੀਬੀ ਨੂੰ ਡੂੰਘੇ ਤੋਂ ਡੂੰਘਾ ਦਫਨਾਉਣ ਦੀ ਕੋਸ਼ਿਸ਼ ਵਿਚ ਖੇਤ ਤੋਂ ਘਰ ਅਤੇ ਘਰ ਤੋਂ ਖੇਤ ਤਕ ਦਾ ਸਫ਼ਰ ਤੈਅ ਕਰਦਾ ਹੋਇਆ ਆਪਣੇ ਵਿਚ ਆਤਮ ਵਿਸ਼ਵਾਸ ਵੀ ਜਗਾਉਂਦਾ ਹੈ। ਕਹਾਣੀ ਵਿਚਲੀਆਂ ਜੈਲੋ ਨਾਲ ਘਟਦੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ। ਜੈਲੋ ਦੋਹਰੀ ਸ਼ਖਸੀਅਤ ਦੀ ਮਾਲਕ ਹੈ। ਇਸ ਸ਼ਖਸੀਅਤ ਦਾ ਇਕ ਪਹਿਲੂ ਉਦੋਂ ਉਘੜਦਾ ਹੈ ਜਦੋਂ ਇਸ ਦੀ ਮੁੱਠਭੇੜ ਉਚ ਵਰਗ ਨਾਲ ਹੁੰਦੀ ਹੈ। ਉਦੋਂ ਇਸ ਪਾਤਰ ਨੂੰ ਕੋਈ ਗੁੱਝੀ ਖੁਸ਼ੀ ਪ੍ਰਾਪਤ ਹੁੰਦੀ ਹੈ। ਦੂਸਰਾ ਪਹਿਲੂ ਉਦੋਂ ਉਜਾਗਰ ਹੁੰਦਾ ਹੈ, ਜਦੋਂ ਇਸਦੀ ਮੁੱਠਭੇੜ ਇਸਦੇ ਆਪਣੇ ਹੀ ਵਰਗ ਨਾਲ ਹੁੰਦੀ ਹੈ। ਉਦੋਂ ਇਸਦੇ ਜਿਸਮ ਅਤੇ ਆਤਮਾ ਦੋਹਾਂ ਵਿਚੋਂ ਹੀ ਖ਼ੂਨ ਚੋਂਦਾ ਹੈ। ਇੰਝ ਦੋਹਰੀ ਸ਼ਖਸੀਅਤ ਦੇ ਉਸਦੇ ਚਰਿੱਤਰ-ਨਿਰਮਾਣ ਵਿਚੋਂ ਦਲਿਤ ਵਰਗ ਦੀ ਯਥਾਯੋਗ ਅਸਲੀਅਤ ਮੂਰਤੀਮਾਨ ਹੋ ਜਾਂਦੀ ਹੈ।

"ਨੀਵੀਂ ਜਾਤੀ ਵਿਚੋਂ ਹੋਣ ਦੇ ਸੰਸਕਾਰ ਐਨੇ ਡੂੰਘੇ ਉਕਰ ਗਏ ਕਿ ਉਹ ਸਮਝਣ ਲੱਗ ਪਿਆ-- ਜਿਵੇਂ ਉਹ ਜੰਮਿਆ ਹੀ ਨੀਚ ਹੋਵੇ।-- ਤੇ ਇਨ੍ਹਾਂ ਸ਼੍ਰੇਣੀਆਂ ਦੇ ਬਹੁਤੇ ਪੜ੍ਹੇ ਲਿਖੇ ਤੇ ਖਾਂਦੇ ਪੀਂਦੇ ਵਿਅਕਤੀ ਨੀਵੀਆਂ ਜਾਤੀਆਂ ਵਿਚੋਂ ਹੋਣ ਦੇ ਸੰਸਕਾਰਾਂ ਤੋਂ ਬਚਣ ਲਈ--- ਉਚੀਆਂ ਜਾਤੀਆਂ ਦੇ ਲੋਕਾਂ ਨੂੰ ਖਿਲਾਣ-ਪਿਲਾਣ ਤੇ ਉਹਨਾਂ ਨਾਲ ਮੇਲ-ਜੋਲ ਵਧਾਉਣ ਵਿਚ ਮਾਣ ਮਹਿਸੂਸ ਕਰਦੇ ਹਨ। ...ਤੇ ਆਪਣੇ ਆਪ ਨੂੰ ਉਹਨਾਂ ਦੇ ਬਰਾਬਰ ਦਾ ਸਮਝਣ ਲਈ... ਉਹ ਨੀਵੀਆਂ ਸ਼੍ਰੇਣੀਆਂ ਦੇ ਘਟੀਆ ਜੀਵਨ ਗੁਜ਼ਾਰ ਰਹੇ ਲੋਕਾਂ ਨੂੰ... ਨਫ਼ਰਤ ਦੀ ਨਜ਼ਰ ਨਾਲ ਵੇਖਣ ਲੱਗ ਪੈਂਦੇ ਹਨ। ਤੇ ਇਹਨਾਂ ਵਿਚੋਂ ਜਿਹੜੇ ਕੋਠੀ ਤੇ ਕਾਰ ਦੇ ਚੱਕਰ ਵਿਚ ਪੈ ਜਾਂਦੇ ਹਨ ਉਹਨਾਂ ਵਿਚੋਂ ਬਹੁਤੇ ਤਾਂ ਜਨ-ਸਾਧਾਰਨ ਨੂੰ ਇਨਸਾਨ ਸਮਝਣ ਤੋਂ ਹੀ ਹਟ ਜਾਂਦੇ ਹਨ।" 'ਵਖਰੇਵਾਂ' ਕਹਾਣੀ ਦੇ ਇਸ ਗਲਪਕ ਟੁਕੜੇ ਦਾ ਸੱਚ ਹੀ ਕਹਾਣੀ ਦੇ ਆਰ-ਪਾਰ ਫੈਲਿਆ ਹੋਇਆ ਹੈ।



ਕਹਾਣੀ 'ਪਿੰਡ ਅਜੇ ਜੀਉਂਦਾ ਹੈ' ਵਿਚਲਾ ਰਚਨਾਤਮਕ ਉਦੇਸ਼ ਦਲਿਤ ਵਰਗ ਨੂੰ ਅਜਿਹੇ ਸੱਚ ਨਾਲ ਨਿਪਟਣ ਲਈ ਇਕਮੁੱਠ ਹੋਣ ਦਾ ਸੰਦੇਸ਼ ਦਿੰਦਾ ਹੈ।

ਸੰਨ ਸੰਤਾਲੀ ਦੇ ਦੰਗੇ, ਖਾੜਕੂਆਂ ਦੇ ਅਮਾਨਵੀ ਕਾਰਨਾਮੇ, ਪਰਵਾਸੀ ਮਜ਼ਦੂਰਾਂ ਦਾ ਕਤਲ, ਰਾਸ਼ਟਰੀ ਪੱਧਰ ਉੱਤੇ ਦਲਿਤ ਲੋਕਾਂ ਨਾਲ ਹੁੰਦੇ ਅਣਮਨੁੱਖੀ ਵਿਤਕਰੇ, ਸਰਕਾਰਾਂ ਵੱਲੋਂ ਲੋਕਾਂ ਨਾਲ ਕੀਤਾ ਜਾਂਦਾ ਅਨਿਆਂ ਆਦਿ ਘਟਨਾਤਮਕ ਵੇਰਵਿਆਂ ਰਾਹੀਂ ਹਿੰਦੁਸਤਾਨ ਵਿਚ ਫੈਲੀ ਫਿਰਕੂਪਣੇ ਦੀ ਜ਼ਹਿਰ ਨੂੰ ਸਾਕਾਰ ਕਰਦੀ 'ਮਾੜਚੂ-ਖਾੜਕੂ' ਕਹਾਣੀ ਦੱਸਦੀ ਹੈ ਕਿ ਅਜਿਹੇ ਹਾਲਾਤ ਵਿਚ ਕੁੱਲ ਲੁਕਾਈ ਦੀ ਜਾਨ ਕੁੜਿੱਕੀ 'ਚ ਫਸੀ ਰਹਿੰਦੀ ਹੈ। ਇਸੇ ਤਰ੍ਹਾਂ ਹੀ 'ਟੁੱਟੇ ਭੱਜੇ' ਕਹਾਣੀ ਵਿਚ ਘਰ ਨੂੰ 'ਖਲਜਗਣ' ਮੰਨਣ ਵਾਲੇ ਵਿਅਕਤੀਆਂ ਦੇ ਵਿਅਕਤੀ ਚਿੱਤਰ, ਪੁਲਿਸ ਵਧੀਕੀਆਂ, ਝੁੱਗੀ ਝੌਂਪੜੀ ਕਲੋਨੀ ਦੀ ਸਮਾਜਕ, ਆਰਥਿਕ ਤੇ ਮਾਨਸਿਕ ਬਨਾਵਟ, ਸ਼ਹਿਰੀ ਲੋਕਾਂ ਦੇ ਮਾਨਸਿਕ ਹਾਲਾਤ ਆਦਿ ਰਾਹੀਂ ਸਮਕਾਲੀਨ ਸਮਾਜਕ ਸਮੱਸਿਆਵਾਂ ਨਾਲ ਸਾਂਝ ਪੁਆਈ ਗਈ ਹੈ। ਪਰ 'ਆਪਣਾ ਕਮਰਾ' ਅਤੇ 'ਡੁਪਲੀਕੇਟ' ਦੋਵਾਂ ਹੀ ਕਹਾਣੀਆਂ ਵਿਚ ਬੰਦੇ ਨੂੰ ਬੰਦੇ ਦੇ ਡੁਪਲੀਕੇਟ ਤੋਂ ਬਚਣ ਦਾ ਸੰਦੇਸ਼ ਵੀ ਦਿੱਤਾ ਗਿਆ ਹੈ। ਇਸੇ ਸੰਦੇਸ਼ ਵਿਚ ਹੀ ਸਮੁੱਚੀਆਂ ਕਹਾਣੀਆਂ ਦਾ ਮਾਨਵਤਾਵਾਦੀ ਪੱਖ ਲੁਕਿਆ ਪਿਆ ਹੈ।

ਚਾਰ ਕਹਾਣੀਆਂ- 'ਡਿਗਦਿਆਂ ਡਿਗਦਿਆਂ', 'ਨੇੜਿਓਂ ਨੇੜੇ... ਦੂਰੋਂ ਦੂਰ', 'ਮੋਨਾਲਿਜ਼ਾ' ਅਤੇ 'ਸ਼ੀਲੋ' ਔਰਤ-ਮਰਦ ਦੇ ਪ੍ਰੇਮ ਸੰਬੰਧਾਂ ਦੀਆਂ ਵਿਭਿੰਨ ਡਾਈਮੈਨਸ਼ਨਜ਼ ਨੂੰ ਪੇਸ਼ ਕਰਦੀਆਂ ਹਨ। ਪਹਿਲੀ ਕਹਾਣੀ ਵਿਚ ਮੱਧਵਰਗੀ ਪਰਿਵਾਰ ਦੇ ਦੰਪਤੀ ਜੋੜੇ ਦੀਆਂ ਆਰਥਿਕ ਤੰਗੀਆਂ ਦੀ ਪੂਰਤੀ/ਸੰਤੁਸ਼ਟੀ ਉਹਨਾਂ ਦੇ ਆਪਸੀ ਪ੍ਰੇਮ ਦੇ ਨਿੱਘ ਵਿਚੋਂ ਹੁੰਦੀ ਵਿਖਾਈ ਗਈ ਹੈ। ਦੂਸਰੀ ਕਹਾਣੀ ਵਿਚ ਥੱਕੀਆਂ ਟੁੱਟੀਆਂ ਅਤ੍ਰਿਪਤ ਭਾਵਨਾਵਾਂ ਸੰਗ ਘੋਲ ਘੁਲਦਿਆਂ ਦੋ ਪ੍ਰੇਮੀਆਂ ਦੀ ਪ੍ਰੇਮ-ਵਿਡੰਬਨਾ ਦਾ ਚਿੱਤਰ ਹੈ। ਤੀਸਰੀ, ਦਫਤਰ ਵਿਚ ਕੰਮ ਕਰਦਾ ਇਕ ਕਰਮਚਾਰੀ 'ਮੋਨਾਲਿਜ਼ਾ' ਦੀ ਮੁਸਕਾਨ ਬਖੇਰਨ ਵਾਲੀ ਪ੍ਰੇਟਿੰਗ ਤੋਂ ਪ੍ਰਭਾਵਤ ਹੋ ਕੇ ਆਪਣੀ ਪਤਨੀ ਦੇ ਨਾਲ ਪ੍ਰੇਮ ਸੰਬੰਧਾਂ ਦਾ ਵਿਸਤਾਰ ਕਰਦਾ ਵੇਖਿਆ ਜਾ ਸਕਦਾ ਹੈ। ਚੌਥੀ, ਪ੍ਰੇਮ ਦੇ ਪਾਸ਼ਵਿਕ ਸਰੂਪ ਦਾ ਉਲੇਖ ਕਰਦੀ ਹੈ ਜਿਸ ਵਿਚ 'ਅੰਡਰ-ਗਰਾਊਂਡ-ਸੈਕਸ ਇੰਡਸਟਰੀ' ਕੰਮ ਕਰਦੀ ਵੇਖੀ ਜਾ ਸਕਦੀ ਹੈ।

ਅੰਤਲੀ ਗੱਲ- ਇਸ ਪਹਿਲੇ ਕਹਾਣੀ ਸੰਗ੍ਰਹਿ ਨਾਲ ਲੇਖਕ ਨੇ ਆਪਣੀ ਗਲਪਕ ਕਲਾ ਦੀ ਪਕਿਆਈ ਦਾ ਪ੍ਰਮਾਣ ਦਿੱਤਾ ਹੈ। ਕਲਾ ਦੀ ਇਸ ਪਕਿਆਈ ਰਾਹੀਂ ਪੇਸ਼ ਹੋਈ ਸਮਾਜਕ ਸਚਾਈ ਦਾ ਆਨੰਦ ਮਾਨਣ ਲਈ ਇਸ ਪੁਸਤਕ ਵਿਚਲੀਆਂ ਕਹਾਣੀਆਂ ਨੂੰ ਪੜ੍ਹਨਾ ਚਾਹੀਦਾ ਹੈ। ਕਿਉਂਕਿ ਜਿਸ ਦਲਿਤ ਵਿਸ਼ੇ ਦੇ ਸੰਦਰਭ ਨੂੰ ਲੈ ਕੇ ਅੱਜੋਕੀ ਪੰਜਾਬੀ ਕਹਾਣੀ ਲਿਖੀ ਜਾ ਰਹੀ ਹੈ, ਉਸ ਵਿਚ ਇਨ੍ਹਾਂ ਕਹਾਣੀਆਂ ਦੀ ਵੀ ਆਪਣੀ ਨਿਵੇਕਲੀ ਅਤੇ ਮਹੱਤਵਪੂਰਨ ਥਾਂ ਬਣਦੀ ਹੈ।

[ਚੰਦਰ ਮੋਹਨ]

## ਹੰਝੂ ਇਕ ਅੱਖ ਦੇ [ਕਰਮ ਸਿੰਘ ਮਾਨ]

ਕਰਮ ਸਿੰਘ ਮਾਨ ਰਚਿਤ ਇਸ ਪਹਿਲੇ ਕਹਾਣੀ ਸੰਗ੍ਰਹਿ ਵਿਚ ਸੋਲਾਂ ਕਹਾਣੀਆਂ ਹਨ। ਦੋ ਚਾਰ ਨੂੰ ਛੱਡ ਕੇ, ਬਾਕੀ ਦੀਆਂ ਕਹਾਣੀਆਂ ਦੇਸ-ਪਰਦੇਸ ਦੇ ਸਮਾਜਵਾਦੀ ਸਬੰਧਾਂ ਦੇ ਟਕਰਾਅ ਵਿਚੋਂ ਪੈਦਾ ਹੋਈਆਂ ਹਨ। ਪੂਰਬੀ ਤੇ ਪੱਛਮੀ ਸਭਿਆਚਾਰਕ ਕਦਰਾਂ ਕੀਮਤਾਂ ਦੇ ਦਵੰਦਾਤਮਕ ਟਕਰਾਅ ਨੂੰ ਪੰਜਾਬੀ ਸਭਿਆਚਾਰ ਦੀ ਐਨਕ ਵਿਚੋਂ ਦੇਖਣ ਦਾ ਯਤਨ ਕੀਤਾ ਗਿਆ ਹੈ। ਕਾਰਣ ਇਸਦਾ ਇਹ ਹੈ ਕਿ ਇਨ੍ਹਾਂ ਕਹਾਣੀਆਂ ਦੇ ਪਾਤਰ ਜਿਵੇਂ ਕਿ ਲੇਖਕ ਲਿਖਦਾ ਹੈ "ਦੇਸ ਵਿਚ ਜਨਮ

ਲੈਕੇ ਪਰਦੇਸ ਵਿਚ ਨਵੀਆਂ ਚਣੌਤੀਆਂ ਅਤੇ ਨਵੀਆਂ ਸਮੱਸਿਆਵਾਂ ਨਾਲ ਲੋਹਾ ਲੈਂਦੇ ਹਨ।" ਇਨ੍ਹਾਂ ਸਮੱਸਿਆਵਾਂ ਵਿਚ ਵਿਰਸੇ ਨਾਲੋਂ ਟੁੱਟਣ ਦਾ ਉਦਰੇਵਾਂ, ਨਵੇਂ ਵਾਤਾਵਰਣ ਵਿਚ ਰਿਸ਼ਤੇਦਾਰੀਆਂ ਦੀ ਤਾਸੀਰ ਤੇ ਤਾਮੀਜ਼ ਦੇ ਖੇਰੂੰ ਖੇਰੂੰ ਹੋਣ ਦਾ ਦੁੱਖ, ਪਿਤਰੀ ਰਹੁ-ਰੀਤਾਂ ਤੋਂ ਵਿਰਵੇ, ਪਰਦੇਸੀ ਵਾਤਾਵਰਣ ਵਿਚ ਜੰਮ ਪਲੇ ਬੱਚਿਆਂ ਦੀ ਬੇਰੁਖੀ ਅਤੇ ਬੇਢਬਾ ਵਤੀਰਾ; ਅਤੇ ਨਵੀਂ ਰੌਸ਼ਨੀ ਦੇ ਸੈਕਸ ਉਕਸਾਊ ਤਾਅ ਹੇਠ ਪੰਘਰਦੇ ਪਿਆਰ ਸੰਬੰਧਾਂ ਦੀ ਕਚਿਆਈ ਅਤੇ ਕਚਿਆਣ ਆਦਿ ਸ਼ਾਮਲ ਹਨ। ਉਪਰੋਕਤ ਸਮੱਸਿਆਵਾਂ ਨਾਲ ਜੂਝਦੇ ਇਨ੍ਹਾਂ ਕਹਾਣੀਆਂ ਦੇ ਪਾਤਰ ਇਸ ਲਈ ਮਨਘੜਤ ਨਹੀਂ ਜਾਪਦੇ ਕਿਉਂਕਿ ਉਹ ਇਨ੍ਹਾਂ ਸਮੱਸਿਆਵਾਂ ਦੇ ਸਾਂਝੀਵਾਲ ਵੀ ਹਨ ਅਤੇ ਲਹਿਣੇਦਾਰ ਵੀ। ਇਹ ਸਮੱਸਿਆਵਾਂ ਨੂੰ ਜਨਮ ਨਹੀਂ ਦਿੰਦੇ ਸਗੋਂ ਬੇਸੁੱਧੇ ਹੀ ਸਹੇੜਦੇ ਹਨ।

'ਅਮਰ ਸਿੰਘ ਅਮਰੀਕਨ' ਕਹਾਣੀ ਦਾ ਪਾਤਰ ਅਮਰ ਸਿੰਘ ਅਤੇ 'ਜੋਕਾਂ' ਕਹਾਣੀ ਦਾ ਪਾਤਰ ਬਿਸ਼ਨ ਸਿੰਘ ਪਿੰਡੋਂ ਉਠਕੇ ਪਰਦੇਸ ਪਹੁੰਚਦੇ ਹਨ, ਧੀਆਂ ਪੁੱਤਾਂ ਹੱਥੋਂ ਤੰਗ ਹੋਕੇ, ਅਮਰ ਸਿੰਘ ਤਾਂ ਜਿਉਂਦਾ ਵਾਪਸ ਆ ਜਾਂਦਾ ਹੈ ਪਰ ਦੂਸਰਾ ਉਥੇ ਹੀ ਜ਼ਿੰਦਗੀ ਤੋਂ ਹੱਥ ਧੋ ਬਹਿੰਦਾ ਹੈ। 'ਜੋਕਾਂ' ਦੇ ਪਾਤਰ ਨੇ ਪੱਛਮੀ ਜੀਵਨ ਦੇ ਦੋ ਬੜੇ ਘਿਨਾਉਣੇ ਪੱਖਾਂ ਨੂੰ ਉਘਾੜਿਆ ਹੈ। ਖਾਂਦੇ ਪੀਂਦੇ ਘਰੋਂ ਆਕੇ ਪਰਦੇਸਾਂ ਵਿਚ ਰੋਟੀ ਲਈ ਸਹੇੜੀ ਤੰਗੀ ਕਾਰਣ ਹੱਡ-ਭੰਨਵਾਂ ਕੰਮ ਕਰਦਿਆਂ ਹੋਇਆਂ ਮਰਨਾ, ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਮਾਲਕਾਂ ਦਾ ਉਸ ਦੀ ਲਾਸ਼ ਨੂੰ ਖੇਤ ਵਿਚੋਂ ਚੁੱਕ ਕੇ ਘਰ ਲੈ ਜਾਣਾ ਤਾਂਕਿ ਕੰਮ ਕਰਦਿਆਂ ਮਰਨ ਵਾਲੇ ਕਾਮੇ ਨੂੰ ਮਿਲਣ ਵਾਲੇ ਹੱਕਾਂ ਤੋਂ ਵਾਂਝਾ ਰੱਖਿਆ ਜਾ ਸਕੇ। ਇਹ ਕਿੰਨਾ ਵੱਡਾ ਦੁਖਾਂਤ ਹੈ ਕਿ ਦੁਨੀਆਂ ਪੈਸੇ ਦੀ ਪੁੱਤ ਬਣਕੇ ਰਹਿ ਗਈ ਹੈ।

ਪੱਛਮੀ ਸਭਿਆਚਾਰ ਵਿਚ ਵਿਆਹ ਵਰਗਾ ਪਵਿੱਤਰ ਬੰਧਨ ਵੀ ਕੇਵਲ ਵਿਆਹ ਦਾ ਲਾਈਸੈਂਸ ਮਾਤਰ ਰਹਿ ਗਿਆ ਹੈ। ਇਸ ਦਾ ਪ੍ਰਭਾਵ ਪੂਰਬੀ ਸਭਿਆਚਾਰ ਵਿਚ ਜੰਮੇ ਪਲੇ ਹਰ ਵਿਆਹੇ-ਵਰੇ ਪਰਦੇਸਾਂ ਵਿਚ ਪਲੇ ਲੋਕਾਂ 'ਤੇ ਵੀ ਪਿਆ ਹੈ। ਕਰਮ ਸਿੰਘ ਮਾਨ ਦੀਆਂ ਦੋ ਕਹਾਣੀਆਂ 'ਰਾਹ' ਅਤੇ 'ਕਰਿਸ਼ਮਾ' ਇਸ ਵਿਸ਼ੇ ਨੂੰ ਉਘਾੜਦੀਆਂ ਹਨ। ਇਨ੍ਹਾਂ ਕਹਾਣੀਆਂ ਦੇ ਪਾਤਰ ਵਿਆਹ ਦੇ ਪਵਿੱਤਰ ਬੰਧਨ ਨੂੰ 'ਬੰਧਨ' ਸਮਝ ਕੇ ਇਕ ਦੂਜੇ ਤੋਂ ਪਰੇ ਹੁੰਦੇ ਜਾਂਦੇ ਹਨ ਭਾਵੇਂ ਅਖੀਰ ਵਿਚ ਉਹ ਮੁੜ ਇਕੱਠੇ ਹੋ ਜਾਂਦੇ ਹਨ। ਇਕ ਦੂਜੇ ਦੋਂ ਪਰੇ ਹੋਣ ਦੇ ਕਾਰਣ ਭਾਵੇਂ ਵੱਖਰੇ ਵੱਖਰੇ ਹਨ ਪਰ ਇਨ੍ਹਾਂ ਕਾਰਣਾਂ ਦੇ ਪੈਦਾ ਹੋਣ ਦਾ ਕਾਰਣ ਪੱਛਮੀ ਕਦਰਾਂ-ਕੀਮਤਾਂ ਹੀ ਹਨ। ਅਖੀਰ ਵਿਚ ਪਾਤਰਾਂ ਨੂੰ ਇਕੱਠਿਆਂ ਕਰਕੇ ਲੇਖਕ ਨੇ ਆਪਨੇ ਸਭਿਆਚਾਰਕ ਵਿਚਾਰਾਂ ਨੂੰ ਇਸ ਵਿਸ਼ੇ ਦੇ ਸੁਭਾਵਕ ਅਤੇ ਸੰਭਵ ਕਰਮ ਉੱਤੇ ਪ੍ਰਤੀਕਰਮ ਵਜੋਂ ਠੋਸਿਆ ਜਾਪਦਾ ਹੈ ਜੋ ਖਟਕਦਾ ਹੈ।

ਇਕ ਦੋ ਕਹਾਣੀਆਂ ਦੇ ਵਿਸ਼ੇ ਵਿਦਰੋਹ ਨਾਲ ਸੰਬੰਧਤ ਹਨ ਜਿਵੇਂ 'ਝੱਲਾ' ਤੇ 'ਸ਼ੇਰਨੀ'। ਇਹ ਕਹਾਣੀਆਂ ਪੰਜਾਬੀ ਸਭਿਆਚਾਰ ਦੀਆਂ ਸਥਾਨਕ ਸਥਿਤੀਆਂ ਨਾਲ ਦੋ-ਚਾਰ ਹੁੰਦੀਆਂ ਹਨ। ਝੱਲਾ ਪੁਲੀਸ ਦੇ ਅਤਿਆਚਾਰਾਂ ਦਾ ਸ਼ਿਕਾਰ ਹੋਕੇ ਘਰ ਘਾਟ ਤਿਆਗ ਕੇ ਬਿਖੜੇ ਰਾਹਾਂ 'ਤੇ ਤੁਰਦਾ ਹੈ ਅਤੇ 'ਸ਼ੇਰਨੀ' ਦੀ ਪਾਤਰ, ਜੀਤੀ, ਘਰੇਲੂ ਅਤਿਆਚਾਰਾਂ ਦੇ ਖਿਲਾਫ ਵਿਦਰੋਹ ਕਰਦੀ ਹੈ। ਇਨ੍ਹਾਂ ਕਹਾਣੀਆਂ ਵਿਚ ਕੋਈ ਚਕਾਚੌਂਧੀ ਸਥਿਤੀ ਨਹੀਂ ਕਿਉਂਕਿ ਅਜਿਹੇ ਹਾਲਾਤ ਪੂਰਬੀ ਸਭਿਆਚਾਰ ਵਿਚ ਆਮ ਜਿਹੇ ਹੋ ਗਏ ਹਨ। ਇਸ ਲਈ ਇਹ ਕਹਾਣੀਆਂ ਪੁਸਤਕ ਦੀ ਮੂਲਧਾਰਾ ਤੋਂ ਜ਼ਰਾ ਹਟਕੇ ਪ੍ਰਤੀਤ ਹੁੰਦੀਆਂ ਹਨ।

ਇਸ ਸੰਗ੍ਰਹਿ ਦੀ ਮੁਖ ਕਹਾਣੀ ਅਤੇ ਪਹਿਲੀ ਕਹਾਣੀ ਦੇ ਨਾਂ ਉੱਤੇ ਹੀ ਪੁਸਤਕ ਦਾ ਨਾਂ ਰੱਖਿਆ ਗਿਆ ਹੈ। "ਹੰਝੂ ਇਕ ਅੱਖ ਦੇ" ਪੂਰਬੀ ਸਭਿਆਚਾਰ ਦੇ ਉਸ ਘਿਨਾਉਣੇ ਪੱਖ ਨੂੰ ਰੂਪਮਾਨ ਕਰਦੀ ਹੈ ਜੋ ਅਜੇ ਤਕ ਵੀ ਸੁਸਾਇਟੀ ਦਾ ਕੋਹੜ ਬਣਿਆ ਹੋਇਆ ਹੈ। ਇਸ ਕਹਾਣੀ



ਦਾ ਵਿਸ਼ਾ ਹੈ, ਜੰਮਦੀਆਂ ਕੁੜੀਆਂ ਦਾ ਕਤਲ। ਜੰਮਦੀਆਂ ਕੁੜੀਆਂ ਨੂੰ ਘਰਦਿਆਂ ਦੀ ਸ਼ਹਿ 'ਤੇ ਜਾਂ ਤਾਂ ਦਾਈਆਂ ਹੀ ਮਾਰ ਦਿੰਦਿਆ ਸਨ ਅਤੇ ਜਾਂ ਘਰ ਦੇ ਨਿਰਦਈ ਜੀਵ ਖੁਦ ਮਾਰ ਦਿੰਦੇ ਸਨ। ਗਲ ਘੁਟ ਕੇ ਜਾਂ ਜ਼ਹਿਰ ਨਾਲ ਲਬੇੜਿਆ ਅੰਗੂਠਾ ਚੁੰਘਾ ਕੇ ਮਾਰਨਾ ਆਮ ਸੀ। ਪਰ ਮੂੰਹ ਨੂੰ ਗੁੜ ਦੀ ਰੋੜੀ ਲਾਕੇ ਅਤੇ ਪੂਣੀ ਹੱਥ ਫੜਾਕੇ ਮਾਰਨ ਦੇ ਢੰਗ ਵਿਚੋਂ ਹੀ ਇਸ ਕਹਾਣੀ ਦੇ ਮੁੱਖ ਪਾਤਰ ਦਾ ਜਨਮ ਹੁੰਦਾ ਹੈ ਜਿਸ ਨੂੰ ਲੇਖਕ ਨੇ ਬੜੇ ਰੌਚਕ ਅਤੇ ਸੁਚੱਜੇ ਢੰਗ ਨਾਲ ਕਹਾਣੀ ਵਿਚ ਬਿਆਨ ਕੀਤਾ ਹੈ। ਕਹਾਣੀ ਦੀ ਮੁੱਖ ਪਾਤਰ ਕਹਿੰਦੀ ਹੈ ਕਿ ਜਦੋਂ ਮੇਰਾ ਜਨਮ ਹੋਇਆ, ਮੇਰੇ ਮੂੰਹ ਨੂੰ ਗੁੜ ਦੀ ਰੋੜੀ ਲਾ ਦਿੱਤੀ ਤੇ ਹੱਥ ਵਿੱਚ ਪੂਣੀ ਫੜਾ ਕੇ ਕਿਹਾ, "ਗੁੜ ਖਾਈਂ ਪੂਣੀ ਕੱਤੀਂ, ਆਪ ਨਾ ਆਈਂ ਵੀਰ ਨੂੰ ਘੱਤੀਂ।" ਕੁੜੀਆਂ ਦੇ ਮੁਕਾਬਲੇ ਮੁੰਡੇ ਦੇ ਜੰਮਣ ਨੂੰ ਤਰਜੀਹ ਦੇਣ ਦੇ ਪਿੱਛੇ ਆਰਥਿਕ ਤੇ ਸਮਾਜਕ ਕਾਰਣ ਹਨ। ਕੁੜੀ ਜੰਮਣ ਦੇ ਨਾਲ ਹੀ ਮਾਵਾਂ ਦਾਜ ਬਣਾਉਣ ਦੇ ਫਿਕਰ ਵਿੱਚ ਪੈ ਜਾਂਦੀਆਂ ਹਨ ਅਤੇ ਕੁੜੀ ਦੀ ਇੱਜ਼ਤ 'ਤੇ ਕੋਈ ਆਂਚ ਆਉਣ ਦਾ ਦੁੱਖ ਉਦੋਂ ਤਕ ਸਤਾਉਂਦਾ ਰਹਿੰਦਾ ਹੈ ਜਦ ਤਕ ਉਸਦਾ ਵਿਆਹ ਨਾ ਹੋ ਜਾਵੇ। ਇਹ ਪ੍ਰਥਾ ਅੱਜ ਭਾਵੇਂ ਕੁਝ ਘਟ ਗਈ ਹੈ ਪਰ ਅਜੇ ਵੀ ਪ੍ਰਚਲਤ ਹੈ। ਫਰਕ ਜੇ ਪਿਆ ਹੈ ਤਾਂ ਕੇਵਲ ਮਾਰਨ ਦੇ ਤਰੀਕੇ ਵਿਚ। ਅੱਜ ਕਲ ਗਰਭ ਵਿਚ ਹੀ ਅਲਟਰਾਸਾਊਂਡ ਰਾਹੀਂ ਲਿੰਗ ਦੀ ਪਹਿਚਾਣ ਕਰ ਲਈ ਜਾਂਦੀ ਹੈ, ਜੇ ਕੁੜੀ ਹੋਵੇ ਤਾਂ ਬੱਚਾ ਗਿਰਾ ਦਿੱਤਾ ਜਾਂਦਾ ਹੈ।

ਜੀਵਨ ਦੇ ਸੁਖਾਵੇਂ ਪੱਖ ਨੂੰ ਤਾਂ ਅਨੇਕ ਕਹਾਣੀਕਾਰਾਂ ਨੇ ਆਪਨਾ ਵਿਸ਼ਾ ਬਣਾਇਆ ਹੈ ਪਰ ਇਸਦੇ ਤਲਖ਼ ਅਤੇ ਵਿਸ਼ੈਲੇ ਪੱਖ ਦੀ ਤਰਜਮਾਨੀ ਘੱਟ ਵੱਧ ਹੀ ਹੋਈ ਹੈ। ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਦੇ ਵਿਸ਼ੇ ਜੀਵਨ ਦੀਆਂ ਤਲਖ਼ ਸਮੱਸਿਆਵਾਂ ਨਾਲ ਸੰਬੰਧਤ ਹਨ। ਜੀਵਨ ਦੇ ਦੁੱਖ ਅਤੇ ਸੰਤਾਪ ਕਦੇ ਨਹੀਂ ਭੁਲਦੇ ਜਦ ਕਿ ਖੁਸ਼ੀਆਂ ਅਤੇ ਸੁਖਾਵੇਂ ਪਲ ਬਰਸਾਤੀ ਬੱਦਲਾਂ ਵਾਂਗ ਵਰ੍ਹਕੇ ਤੁਰਦੇ ਬਣਦੇ ਹਨ। ਇਹੀ ਕਾਰਣ ਹੈ ਕਿ ਇਨਸਾਨ ਦੀ ਦੁਖਦੀ ਰਗ 'ਤੇ ਉਂਗਲ ਧਰਨ ਨਾਲ ਕਹਾਣੀਆਂ ਦੇ ਵਿਸ਼ੇ ਪਾਠਕ ਦੀ ਸਹਿਜ ਬਿਰਤੀ ਦਾ ਅਨਿੱਖੜਵਾਂ ਹਿੱਸਾ ਬਣ ਜਾਂਦੇ ਹਨ। ਇਸ ਲਈ ਕਰਮ ਸਿੰਘ ਮਾਨ ਦੀਆਂ ਕਹਾਣੀਆਂ ਤਕਨੀਕ ਪੱਖੋਂ ਕੁਝ ਕੱਚੀਆਂ ਹੋਣ ਦੇ ਬਾਵਜੂਦ ਪਾਠਕ ਦੀ ਦਿਲਚਸਪੀ ਦਾ ਕਾਰਨ ਬਣੀਆਂ ਰਹਿੰਦੀਆਂ ਹਨ। ਇਹ ਵੀ ਆਪਨੇ ਆਪ ਵਿਚ ਕਹਾਣੀ ਕਲਾ ਦੀ ਇਕ ਪ੍ਰਾਪਤੀ ਹੈ।

ਅਖੀਰ ਵਿਚ ਕੁਝ ਸ਼ਬਦ ਕਹਾਣੀ ਦੀ ਬਣਤਰ (Structure) ਅਤੇ ਬੁਣਤਰ (Texture) ਬਾਰੇ ਕਹਿਣੇ ਕੁਥਾਏਂ ਨਹੀਂ ਹੋਣਗੇ ਕਿਉਂਕਿ ਇਹ ਦੋਵੇਂ ਪੱਖ ਕਹਾਣੀ ਦੀ ਤਕਨੀਕ ਵਿਚ ਸ਼ਾਮਲ ਹਨ। ਕਹਾਣੀ ਕੀ ਹੈ? ਇਹ ਕਿਸੇ ਘਟਨਾ ਦੀ ਸੁਬਕ ਜਿਹੀ ਸਚਾਈ ਅਤੇ ਕਲਪਨਾ (Imagination) ਵਿਚਲੇ ਸੰਬੰਧਾਂ ਨੂੰ ਕਿਸੇ ਤਰਤੀਬ ਵਿਚ ਰੱਖ ਕੇ ਬਿਆਨਦੀ ਹੈ। ਇਹ ਨਾ ਤਾਂ ਤਲਖ਼ ਸਚਾਈ ਨੂੰ ਅਤੇ ਨਾ ਹੀ ਕੋਰੇ ਝੂਠ ਨੂੰ ਇੰਨ ਬਿੰਨ ਬਿਆਨ ਕਰਦੀ ਹੈ। ਪਾਠਕ ਜੀਵਨ ਦੀ ਤਲਖ ਸਚਾਈ ਜਾਂ ਕੋਰੇ ਝੂਠ ਨੂੰ ਸੁਣਨ ਵਿਚ ਦਿਲਚਸਪੀ ਨਹੀਂ ਰਖਦਾ ਕਿਉਂਕਿ ਇਨ੍ਹਾਂ ਨੂੰ ਤਾਂ ਉਹ ਪਾਸਾਰ ਸਾਧਨਾਂ (ਰੇਡੀਉ, ਟੀ.ਵੀ. ਜਾਂ ਅਖਬਾਰਾਂ) ਰਾਹੀਂ ਰੋਜ਼ ਸੁਣਦਾ ਤੇ ਦੇਖਦਾ ਹੈ। ਉਹ ਕਹਾਣੀ ਵਿਚੋਂ ਮਨੋਰੰਜਨ ਵੀ ਭਾਲਦਾ ਹੈ। ਕਹਾਣੀ ਨੂੰ ਦਿਲਚਸਪ ਤੇ ਦਿਲਕਸ਼ ਬਣਾਉਣਾ ਕਹਾਣੀਕਾਰ ਦੀ ਨਿਪੁੰਨਤਾ 'ਤੇ ਨਿਰਭਰ ਹੈ। ਵਿਸ਼ੇ ਵਿਚਲੀ ਸੁਬਕ ਸਚਾਈ ਨੂੰ ਦਰਸਾਉਣ ਲਈ ਲੇਖਕ ਉਚਿਤ ਪਾਤਰ ਚੁਣਦਾ ਹੈ ਅਤੇ ਉਨ੍ਹਾਂ ਦੀ ਉਸਾਰੀ ਰਾਹੀਂ ਆਪਨੀ ਗੱਲ ਪਾਠਕ ਤਕ ਪਹੁੰਚਾਉਂਦਾ ਹੈ। ਕਹਾਣੀ ਦੀ ਬਣਤਰ ਵਿਚ ਵਿਸ਼ਾ ਅਤੇ ਉਸ ਵਿਚਲੇ ਵਿਚਾਰ ਨੂੰ ਪਾਤਰ ਰਾਹੀਂ ਵਿਅਕਤ ਕਰਨਾ ਆ ਜਾਂਦਾ ਹੈ। ਕਹਾਣੀ ਦੀ ਬੁਣਤ ਵਿਚ ਵਿਸ਼ੇ ਦੀ ਉਸਾਰੀ ਲਈ ਉਚਿਤ ਵਾਤਾਵਰਣ, ਛੋਟੀਆਂ

ਛੋਟੀਆਂ ਸਹਾਇਕ ਘਟਨਾਵਾਂ ਅਤੇ ਉਨ੍ਹਾਂ ਦਾ ਰੂਪਕਾਂ ਅਲੰਕਾਰਾਂ ਅਤੇ ਢੁਕਵੇਂ ਮੁਹਾਵਰਿਆਂ ਨਾਲ ਚਿਤਰਣ ਆਦਿ ਆ ਜਾਂਦੇ ਹਨ। ਆਖਰ ਨੂੰ ਵਿਸ਼ਾ ਕੀ ਹੈ ? ਇਹ ਸਾਵਧਾਨੀ ਨਾਲ ਚੁਣੇ (Selected) ਅਤੇ ਚਿਣੇ (Organized) ਵਾਕਿਆਤ ਜਾਂ ਘਟਨਾਵਾਂ ਦਾ ਮਿਸ਼ਰਨ ਜਾਂ ਸਮੂਹ ਹੈ ਜਿਸ ਦੇ ਅਸਰ ਤੋਂ ਪਾਠਕ ਪ੍ਰਭਾਵਤ ਹੁੰਦਾ ਹੈ। ਇਸ ਲਈ ਕਿਸੇ ਵਿਸ਼ੇ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਉਸ ਦੇ ਪਾਤਰ ਜਾਂ ਪਾਤਰਾਂ ਦਾ ਸੰਬੰਧਤ ਘਟਨਾਵਾਂ ਅਤੇ ਸਥਿਤੀਆਂ ਨਾਲ ਘਿਉ ਖਿਚੜੀ ਹੋਣਾ ਬਹੁਤ ਜ਼ਰੂਰੀ ਹੈ। ਪਾਤਰ ਦਾ ਅਸਲੀ ਸੁਭਾ ਅਤੇ ਵਤੀਰਾ ਉਸ ਦੀ ਕਹਿਣੀ 'ਚੋਂ ਨਹੀਂ ਸਗੋਂ ਉਸਦੀ ਕਰਨੀ ਵਿਚੋਂ ਵਿਅਕਤ ਹੋਣਾ ਚਾਹੀਦਾ ਹੈ। ਕਿਉਂਕਿ ਪਾਤਰ ਜੋ ਕਹਿੰਦਾ ਹੈ ਉਸ ਵਿਚ ਆਖਰ ਲੇਖਕ ਦੀ ਸੋਚ ਵੀ ਮਿਲੀ ਹੋਈ ਹੁੰਦੀ ਹੈ ਪਰ ਜੋ ਕਰਦਾ ਹੈ ਉਹ ਆਪਣੇ ਵਾਤਾਵਰਣ ਜਾਂ ਸਥਿਤੀ ਵਿਚੋਂ ਸਿੱਧੇ ਤੌਰ 'ਤੇ ਲੈਂਦਾ ਹੈ। ਜੇ ਪਾਤਰ ਡਰ ਕੇ ਚੀਕ ਮਾਰਦਾ ਹੈ ਤਾਂ ਇਸਦਾ ਬਿਆਨ ਕਰਨ ਨਾਲੋਂ ਪਾਤਰ ਤੋਂ ਚੀਕ ਮਰਵਾਈ ਜਾਵੇ ਤਾਂ ਵਧੇਰੇ ਉਚਿਤ ਹੋਵੇਗਾ। ਆਖਰ ਪਾਤਰ ਕੀ ਹੈ ? ਉਹ ਇਕ ਖਿਆਲੀ ਵਿਅਕਤੀ ਹੈ ਜੋ ਕਹਾਣੀ ਦੀ ਵਿਚਾਰਧਾਰਾ ਨੂੰ ਬਸਤਰ ਵਾਂਗ ਓੜਕੇ ਪਾਠਕ ਦੀ ਸਹਿਜ ਬਿਰਤੀ ਵਿਚ ਰੂਪਮਾਨ ਹੁੰਦਾ ਹੈ। ਪਾਤਰ ਵਿਚੋਂ ਪਾਠਕ ਅਗਲੇ ਪਿਛਲੇ ਜੀਵਨ ਦੇ ਮੁਹਾਂਦਰੇ ਲਭਦਾ ਹੈ ਅਤੇ ਉਨ੍ਹਾਂ ਵਿਚੋਂ ਆਪਣੇ ਆਲੇ ਦੁਆਲੇ ਨੂੰ ਸਾਕਾਰ ਹੁੰਦਾ ਦੇਖਣਾ ਚਾਹੁੰਦਾ ਹੈ। ਜੇ ਪਾਤਰ ਨੂੰ ਕਦੇ ਝੱਲਵਲੱਲੀਆਂ ਅਤੇ ਗੈਰਕੁਦਰਤੀ ਹਰਕਤਾਂ ਵੀ ਕਰਨੀਆਂ ਪੈਣ ਤਾਂ ਉਸਦਾ ਠੋਸ ਕਾਰਨ ਹੋਣਾ ਚਾਹੀਦਾ ਹੈ ਜੋ ਕਹਾਣੀ ਵਿਚੋਂ ਹੀ ਵਿਅਕਤ ਹੋਵੇ। ਪਾਤਰਾਂ ਦੀਆਂ ਨਸਲਾਂ ਵਿਸ਼ੇ ਦੀਆਂ ਭਾਂਤਾਂ 'ਤੇ ਨਿਰਭਰ ਹਨ। ਜੇ ਵਿਸ਼ਾ ਬਲਾਤਕਾਰ, ਨਸ਼ੇ ਪੱਤੇ ਜਾਂ ਸ਼ਰਾਬ ਨਾਲ ਸੰਬੰਧਤ ਹੈ ਤਾਂ ਇਹ ਲੱਛਣ ਪਾਤਰ ਦੇ ਸੁਭਾ ਵਿਚੋਂ ਵਿਅਕਤ ਹੋਣੇ ਚਾਹੀਦੇ ਹਨ। ਜੇ ਸੰਬੰਧਤ ਪਾਤਰ ਦਾ ਨਾਂ ਵੀ ਕਿਸੇ ਮਸ਼ਹੂਰ ਬਲਾਤਕਾਰੀ, ਸ਼ਰਾਬੀ ਜਾਂ ਡਰੱਗ ਲੌਰਡਜ਼ ਦੇ ਨਾਂ ਨਾਲ ਮੇਲ ਖਾਂਦਾ ਹੋਵੇ, ਤਾਂ ਵਿਸ਼ੇ ਦਾ ਪ੍ਰਭਾਵ ਹੋਰ ਵੀ ਵਧ ਜਾਂਦਾ ਹੈ। ਸਫਲ ਕਹਾਣੀਆਂ ਦੇ ਪਾਤਰ ਕਦੇ ਇਕਹਿਰੇ ਨਹੀਂ ਸਗੋਂ ਹੱਡ ਮਾਸ ਦੇ ਜਿਉਂਦੇ ਜਾਗਦੇ ਵਿਅਕਤੀਆਂ ਨਾਲ ਮਿਲਦੇ ਜੁਲਦੇ ਹੁੰਦੇ ਹਨ।

ਕਹਾਣੀ ਦੀ ਤਕਨੀਕ ਵਾਰੇ ਉਪਰੋਕਤ ਦਿੱਤੇ ਵਿਚਾਰਾਂ ਅਤੇ ਕਸੌਟੀਆਂ ਦੇ ਅਧੀਨ ਜੇ ਕਰਮ ਸਿੰਘ ਮਾਨ ਦੀਆਂ ਕਹਾਣੀਆਂ ਨੂੰ ਵਿਚਾਰਿਆ ਜਾਵੇ ਤਾਂ ਕਾਫੀ ਸਫਲ ਕਹੀਆਂ ਜਾ ਸਕਦੀਆ ਹਨ। ਇਨ੍ਹਾਂ ਵਿਚ 'ਰਾਹ', 'ਚਿੱਟੇ ਕਾਲੇ ਕਾਂ', 'ਝੱਲਾ', 'ਜੋਕਾਂ' ਅਤੇ 'ਖਰਖਰਾ' ਵਰਨਣਯੋਗ ਹਨ। ਬਾਕੀ ਦੀਆਂ ਕਹਾਣੀਆਂ ਵਿਚ ਕਿਸੇ ਨਾ ਕਿਸੇ ਪੱਖੋਂ ਕੋਈ ਕੋਈ ਊਣਤਾਈ ਹੈ। ਪਹਿਲੀ ਪੁਸਤਕ ਵਿਚ ਇਕ ਦੋ ਕਹਾਣੀਆਂ ਦਾ ਕਹਾਣੀ ਕਲਾ 'ਤੇ ਪੂਰਾ ਉਤਰਨਾ ਕਿਸੇ ਲੇਖਕ ਲਈ ਬੜੇ ਮਾਣ ਵਾਲੀ ਗੱਲ ਹੁੰਦੀ ਹੈ। ਕਰਮ ਸਿੰਘ ਮਾਨ ਦੀਆਂ ਤਾਂ ਪੰਜ ਕਹਾਣੀਆਂ ਵਰਨਣਯੋਗ ਹਨ ਜਿਸ ਦੇ ਆਧਾਰ 'ਤੇ ਉਸਨੂੰ ਇਕ ਵਧੀਆ ਕਹਾਣੀਕਾਰ ਮੰਨਿਆ ਜਾ ਸਕਦਾ ਹੈ।○○


[ਗੁਰੂਮੇਲ ਸਿੰਘ ਸਿੱਧੂ]

*ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।*

*ਸੰਪਾਦਕ :* ***ਰਘਬੀਰ ਸਿੰਘ*** *ਪ੍ਰਕਾਸ਼ਨ ਮਿਤੀ : 30 ਜੂਨ 2001*



**ਪ੍ਰਗਤੀਵਾਦੀ ਦਿੱਖ ਦੇ ਧਾਰਨੀ ਪ੍ਰਮੁੱਖ ਪਰਵਾਸੀ ਸ਼ਾਇਰ ਦਰਸ਼ਨ ਗਿੱਲ ਦਾ ਗ਼ਜ਼ਲ ਸੰਗ੍ਰਹਿ 'ਪੌਣਾਂ ਦੇ ਰੰਗ'**




*'ਸੂਖਮਤਾ, ਗੰਭੀਰਤਾ ਤੇ ਰਾਗਮਈ ਗੁਣ' ਗ਼ਜ਼ਲ ਦੀ ਆਤਮਾ ਦੀ ਆਤਮਾ ਹਨ। ਡਾ. ਦਰਸ਼ਨ ਗਿੱਲ ਦੀਆਂ ਗ਼ਜ਼ਲਾਂ ਉਪਰੋਕਤ ਗੁਣਾਂ ਦੇ ਨੂਰ ਨੂੰ ਸ਼ਬਦਾਂ ਦੀ ਕੰਚਣੀ ਕਾਇਆ ਵਿਚ ਲੁਕੋਈ ਬੈਠੀਆਂ ਹਨ। ਗ਼ਜ਼ਲਾਂ ਦੇ ਸੁਹੱਪਣ ਅਤੇ ਸੁੰਦਰਤਾ ਨੂੰ ਮਾਨਣ ਲਈ, ਸੁਹਿਰਦ ਮਨ ਅਤੇ ਪਵਿੱਤਰ ਨਜ਼ਰਾਂ ਨਾਲ, ਸ਼ਿਅਰਾਂ ਦੇ ਮੁੱਖਾਂ ਤੋਂ ਹੌਲੀ ਹੌਲੀ ਘੁੰਡ ਸਰਕਾਉਣ ਦੀ ਲੋੜ ਹੈ। ਘੁੰਡ ਚੁੱਕਦਿਆਂ ਸਾਰ ਹੀ, ਸ਼ਿਅਰਾਂ ਦੀ ਗ਼ਜ਼ਲੀਅਤ ਤੇ ਤਗ਼ਜ਼ਲ ਦਾ ਜਲੌਅ ਨਜ਼ਰਾਂ ਰਾਹੀਂ ਦਿਲ ਵਿਚ ਪਸਰ ਕੇ ਰਗ਼ਾਂ ਵਿਚ ਨਸ਼ੇ ਵਾਂਗ ਦੌੜਨ ਲਗ ਪੈਂਦਾ ਹੈ।*

*-ਨਦੀਮ ਪਰਮਾਰ*

ਸੁੰਦਰ ਦਿੱਖ ਪੰਨੇ : 80 ਮੁੱਲ : 80 ਰੁਪਏ

**ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ**

**SIRJANA** Literary Punjabi Quarterly CHANDIGARH


No. 121 July-Septermber 2001

Registered with the Registrar of Newspapers for India vide R.N. 10215/65

## ਕੈਨੇਡਾ ਦੇ ਪ੍ਰਬੁੱਧ ਚਿੰਤਕ ਅਤੇ ਸਰਬਾਂਗੀ ਲੇਖਕ ਸਾਧੂ ਬਿਨਿੰਗ

## ਦੀ ਦੂਸਰੀ ਕਾਵਿ ਪੁਸਤਕ

# ਯਾਰ ਮੇਰਾ ਦਰਿਆ




*ਸਾਧੂ ਬਿਨਿੰਗ ਦੀ ਕਵਿਤਾ ਵਿਚ ਅਨੁਭਵ ਦੀ ਮੌਲਿਕਤਾ ਤੇ ਸੱਜਰੇਪਨ ਦੇ ਅਜਿਹੇ ਅੰਸ਼ ਹਨ ਜਿਨ੍ਹਾਂ ਦੀ ਪਰਵਾਸੀ ਕਵੀਆਂ ਤੋਂ ਉਮੀਦ ਤਾਂ ਕੀਤੀ ਜਾਂਦੀ ਹੈ ਪਰ ਜੋ ਹਕੀਕਤ ਵਿਚ ਪ੍ਰਾਪਤ ਨਹੀਂ। ਸਾਧੂ ਦਾ ਇਹ ਸੱਜਰਾਪਨ ਤੇ ਉਸ ਦੀ ਵਿਲੱਖਣਤਾ ਇਸ ਤੱਥ ਵਿਚ ਮੌਜੂਦ ਹੈ ਕਿ ਉਹ ਆਪਣੀ ਸਾਰੀ ਸਿਰਜਣਾਤਮਕ ਗੱਲ ਉਸ ਧਰਤੀ ਦੇ ਪ੍ਰਸੰਗ ਵਿਚ ਕਰਦਾ ਹੈ ਜੋ ਹੁਣ ਉਸਦਾ 'ਵਤਨ' ਹੈ।*

***–ਰਘਬੀਰ ਸਿੰਘ***

ਸੁੰਦਰ ਦਿੱਖ ਪੰਨੇ : 104 ਮੁੱਲ : 100 ਰੁਪਏ

**ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ**